@Qpatrika
@qaumipatrika punjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Punjabi National Daily
Qaumi Patrika NO.1

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 14 May 2026

VISIT:
www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 14 ਮਈ 2026, 31 ਵੈਸਾਖ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 189, qpatrika@gmail.com ਫੋਨ : 9971359517 www.qaumipatrika.org

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੇਂਦਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ

ਕੌਮੀ ਪਤ੍ਰਿਕਾ
**ਸਿੰਮੀ ਕੌਰ ਬੱਬਰ**

ਨਵੀਂ ਦਿੱਲੀ, 13 ਮਈ : ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕੇਂਦਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨਾਲ ਇੱਕ ਮਹੱਤਵਪੂਰਨ ਮੀਟਿੰਗ ਉਪਰੰਤ ਕੇਂਦਰ ਨੇ ਪੰਜਾਬ ਵਿੱਚ ਲੰਬੇ ਸਮੇਂ ਤੋਂ ਲਟਕ ਰਹੇ ਹਾਈਵੇਅ ਅਤੇ ਫਲਾਈਓਵਰ ਪ੍ਰਾਜੈਕਟਾਂ ਨੂੰ ਪੂਰਾ ਕਰਨ ਲਈ ਭਰੋਸਾ ਦਿੱਤਾ, ਜਿਸ ਨਾਲ ਮੱਖੂ, ਆਦਮਪੁਰ ਅਤੇ ਭਵਾਨੀਗੜ੍ਹ ਵਿਖੇ ਰੁਕੇ ਹੋਏ ਬੁਨਿਆਦੀ ਢਾਂਚੇ ਸਬੰਧੀ ਕਾਰਜਾਂ ਵਿੱਚ ਤੇਜ਼ੀ ਆਵੇਗੀ ਅਤੇ ਸੂਬੇ ਭਰ ਦੇ ਮੁੱਖ ਸੜਕੀ ਮਾਰਗਾਂ ਦੇ ਵੱਡੇ ਪੱਧਰ 'ਤੇ ਵਿਸਥਾਰ ਅਤੇ ਚਹੁੰ-ਮਾਰਗੀ ਹੋਣ ਦੀ ਸੰਭਾਵਨਾ ਹੈ। ਮੀਟਿੰਗ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਰਣਨੀਤਕ ਤੌਰ 'ਤੇ ਮਹੱਤਵਪੂਰਨ ਸੜਕਾਂ, ਜਿਨ੍ਹਾਂ ਵਿੱਚ ਕੌਮਾਂਤਰੀ ਸਰਹੱਦ ਨੇੜੇ ਫਿਰੋਜ਼ਪੁਰ-ਫਾਜ਼ਿਲਕਾ ਗਲਿਆਰਾ ਵੀ ਸ਼ਾਮਲ ਹੈ, ਨੂੰ ਕੌਮੀ ਰਾਜਮਾਰਗ ਐਲਾਨਣ ਦੀ ਪੰਜਾਬ ਦੀ ਮੰਗ ਵੀ ਉਠਾਈ। ਉਨ੍ਹਾਂ ਨੇ ਦੇਰੀ ਅਤੇ ਰੁਕਾਵਟਾਂ ਕਾਰਨ ਸਾਲਾਂ ਤੋਂ ਰੁਕੇ ਹੋਏ ਪ੍ਰੋਜੈਕਟਾਂ ਨੂੰ ਤੇਜ਼ੀ ਨਾਲ ਲਾਗੂ ਕਰਨ 'ਤੇ ਜ਼ੋਰ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰ ਨੇ ਸੁਨਾਮ, ਚੀਮਾ ਮੰਡੀ, ਭੀਖੀ, ਮਾਨਸਾ ਅਤੇ ਮੌੜ ਰਾਹੀਂ ਭਵਾਨੀਗੜ੍ਹ-ਕੋਟਸ਼ਮੀਰ ਸੜਕ ਨੂੰ ਚਾਰ-ਮਾਰਗੀ ਕਰਨ ਦਾ ਵੀ ਭਰੋਸਾ ਦਿੱਤਾ ਹੈ। ਇਸ ਤੋਂ ਇਲਾਵਾ ਬਰਨਾਲਾ-ਬਾਜਾਖਾਨਾ ਅਤੇ ਮਲੇਰਕੋਟਲਾ-ਬਰਨਾਲਾ ਗਲਿਆਰਿਆਂ ਦਾ ਵਿਸਥਾਰ ਵੀ ਕੀਤਾ ਗਿਆ ਹੈ, ਜਿਸ ਨੂੰ ਪੰਜਾਬ ਦੇ ਸੜਕੀ ਸੰਪਰਕ, ਆਰਥਿਕ ਆਵਾਜਾਈ ਅਤੇ ਜਨਤਕ ਸੁਰੱਖਿਆ ਲਈ ਅਹਿਮ ਕਦਮ ਮੰਨਿਆ ਜਾ ਰਿਹਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਗੇ ਕਿਹਾ ਕਿ ਕੇਂਦਰੀ ਮੰਤਰੀ ਨਿਤਿਨ ਗਡਕਰੀ ਨੇ ਪੰਜਾਬ ਸਰਕਾਰ ਦੀ ਸੂਬੇ ਭਰ ਵਿੱਚ ਜਾਨਾਂ ਦੀ ਰਾਖੀ ਅਤੇ ਸੁਰੱਖਿਅਤ ਹਾਈਵੇਅ ਯਕੀਨੀ ਬਣਾਉਣ ਲਈ ਸ਼ੁਰੂ ਕੀਤੀ 'ਸੜਕ ਸੁਰਖਿਆ ਫੋਰਸ' ਦੇ ਕੰਮਕਾਜ ਦੀ ਭਰਪੂਰ ਸ਼ਲਾਘਾ ਕੀਤੀ। ਮੁੱਖ ਮੰਤਰੀ ਨੇ ਸ੍ਰੀ ਨਿਤਿਨ ਗਡਕਰੀ ਨਾਲ ਅੱਜ ਮੀਟਿੰਗ ਕਰਕੇ ਵਡੇਰੇ ਜਨਤਕ ਹਿੱਤ ਵਿੱਚ ਅੰਮ੍ਰਿਤਸਰ ਦੇ ਵੱਲ੍ਹਾ ਫਲਾਈਓਵਰ ਦੇ ਕੰਮ ਵਿੱਚ ਤੇਜ਼ੀ ਲਿਆਉਣ ਦੀ ਮੰਗ ਕੀਤੀ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਐਨ.ਐਚ.ਏ.ਆਈ. ਵੱਲੋਂ ਐਵਾਰਡ ਕੀਤਾ ਗਿਆ ਸੀ ਜੋ 15 ਸਤੰਬਰ, 2023 ਤੱਕ ਮੁਕੰਮਲ ਹੋਣਾ ਸੀ। ਉਨ੍ਹਾਂ ਕਿਹਾ ਕਿ ਇਸ ਦੇ ਮੁਕੰਮਲ ਹੋਣ ਦੀ ਮਿਆਦ ਵਿੱਚ ਵਾਰ-ਵਾਰ ਵਾਧਾ ਹੋਣ ਦੇ ਬਾਵਜੂਦ ਇਹ ਕੰਮ ਅਜੇ ਵੀ ਅਧੂਰਾ ਹੈ ਅਤੇ ਇਸ ਨੂੰ ਮੁਕੰਮਲ ਕਰਨ ਦੀ ਤਰੀਕ ਵਧਾ ਕੇ 30 ਅਪ੍ਰੈਲ, 2026 ਤੱਕ ਤੈਅ ਕੀਤੀ ਗਈ ਸੀ ਪਰ ਅਜੇ ਤੱਕ 76 ਫੀਸਦੀ ਕੰਮ ਹੋਇਆ ਹੈ। ਮੁੱਖ ਮੰਤਰੀ ਨੇ ਕਿਹਾ ਕਿ ਇਸ ਲਾਂਘੇ ਦੀ ਬਹੁਤ ਜ਼ਿਆਦਾ ਅਹਿਮੀਅਤ ਹੈ ਕਿਉਂਕਿ ਇਹ ਲਾਂਘਾ ਅੰਮ੍ਰਿਤਸਰ ਏਅਰਪੋਰਟ ਅਤੇ ਸ੍ਰੀ ਹਰਿਮੰਦਰ ਸਾਹਿਬ ਨੂੰ ਜੋੜਦਾ ਹੈ ਅਤੇ ਵੀ.ਆਈ.ਪੀਜ਼ ਦੀ ਨਿਰੰਤਰ ਆਵਾਜਾਈ ਸਮੇਤ ਭਾਰੀ ਟ?ਰੈਫਿਕ ਨਾਲ ਵੀ ਨਜਿੱਠਦਾ ਹੈ। ਉਨ੍ਹਾਂ ਕਿਹਾ ਕਿ ਇਸ ਪ੍ਰਾਜੈਕਟ ਵਿੱਚ ਲਗਾਤਾਰ ਦੇਰੀ ਹੋਣ ਨਾਲ ਭੀੜ-ਭੜੱਕਾ ਵਧਦਾ ਹੈ ਅਤੇ ਸੁਰੱਖਿਆ ਦੇ ਲਿਹਾਜ਼ ਤੋਂ ਲੋਕਾਂ ਨੂੰ ਮੁਸ਼ਕਲ ਪੇਸ਼ ਆਉਂਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਸਮੇਂ ਦੀ ਲੋੜ ਹੈ ਕਿ ਐਨ.ਐਚ.ਏ.ਆਈ. ਨੂੰ ਵੱਲ੍ਹਾ ਫਲਾਈਓਵਰ ਦੇ ਬਾਕੀ ਰਹਿੰਦੇ ਕੰਮ ਨੂੰ ਛੇਤੀ ਮੁਕੰਮਲ ਕਰਨ ਲਈ ਤੁਰੰਤ ਢੁਕਵੇਂ ਕਦਮ ਚੁੱਕਣੇ



ਚਾਹੀਦੇ ਹਨ ਤਾਂ ਕਿ ਨਿਰਧਾਰਤ ਸਮੇਂ ਵਿੱਚ ਪ੍ਰਾਜੈਕਟ ਪੂਰਾ ਕੀਤਾ ਜਾ ਸਕੇ। ਮੁੱਦੇ ਨੂੰ ਉਠਾਉਂਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਲੰਧਰ-ਹੁਸ਼ਿਆਰਪੁਰ ਰੋਡ ਧਾਰਮਿਕ, ਸੈਰ-ਸਪਾਟਾ, ਆਰਥਿਕ ਅਤੇ ਰਣਨੀਤਿਕ ਨਜ਼ਰੀਏ ਤੋਂ ਬਹੁਤ ਅਹਿਮ ਹੈ। ਉਨ੍ਹਾਂ ਕਿਹਾ ਕਿ ਇਹ ਰੋਡ ਮਾਤਾ ਚਿੰਤਪੁਰਨੀ ਜੀ ਮੰਦਰ, ਮਾਤਾ ਜਵਾਲਾ ਜੀ ਮੰਦਰ, ਮਾਤਾ ਚਮੁੰਡਾ ਦੇਵੀ ਜੀ ਮੰਦਿਰ, ਧਰਮਸ਼ਾਲਾ, ਮਨਾਲੀ ਅਤੇ ਪਾਲਮਪੁਰ ਸਮੇਤ ਹਿਮਾਚਲ ਪ੍ਰਦੇਸ਼ ਵਿੱਚ ਪ੍ਰਸਿੱਧ ਧਾਰਮਿਕ ਅਸਥਾਨਾਂ ਅਤੇ ਸੈਰ-ਸਪਾਟੇ ਵਾਲੀਆਂ ਥਾਵਾਂ ਨੂੰ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਨਾਲ ਜੋੜਦਾ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਰੋਡ ਨਾਲ ਲਗਦੇ ਆਦਮਪੁਰ ਏਅਰਪੋਰਟ ਕਰਕੇ ਰਣਨੀਤਿਕ ਪੱਖ ਤੋਂ ਇਹ ਬਹੁਤ ਮਹੱਤਵਪੂਰਨ ਹੈ ਕਿਉਂ ਜੋ ਇਹ ਏਅਰਪੋਰਟ ਦੋਆਬਾ ਖੇਤਰ ਅਤੇ ਇਸ ਖਿੱਤੇ ਵਿੱਚ ਵੀ.ਵੀ.ਆਈ.ਪੀਜ਼ ਦੇ ਦੌਰਿਆਂ ਲਈ ਵਰਤਿਆ ਜਾ ਰਿਹਾ ਹੈ। ਮੁੱਖ ਮੰਤਰੀ ਨੇ ਕਿਹਾ ਕਿ ਜਲੰਧਰ-ਹੁਸ਼ਿਆਰਪੁਰ ਰੋਡ ਨੂੰ ਚਾਰ ਮਾਰਗੀ ਕਰਨ ਦੇ ਪ੍ਰਾਜੈਕਟ ਨੂੰ ਸਾਲ 2016 ਵਿੱਚ ਪ੍ਰਵਾਨਗੀ ਮਿਲੀ ਸੀ ਜਿਸ ਤੋਂ ਬਾਅਦ ਠੇਕੇਦਾਰ ਨੇ ਰੱਦ ਕਰ ਦਿੱਤਾ ਸੀ। ਉਨ੍ਹਾਂ ਨੇ ਕੇਂਦਰੀ ਮੰਤਰੀ ਨੂੰ ਦੱਸਿਆ ਕਿ ਇਸ ਪ੍ਰਾਜੈਕਟ ਦੇ ਬਾਕੀ ਰਹਿੰਦੇ ਕੰਮ ਦੀ ਵਿਸਥਾਰਤ ਪ੍ਰਾਜੈਕਟ ਰਿਪੋਰਟ (ਡੀ.ਪੀ.ਆਰ.) ਸੂਬਾ ਸਰਕਾਰ ਨੇ ਮੰਤਰਾਲੇ ਕੋਲ ਜਮ?ਹਾਂ ਕਰਵਾਈ ਹੋਈ ਹੈ। ਉਨ੍ਹਾਂ ਕਿਹਾ ਕਿ ਇਹ ਪ੍ਰਾਜੈਕਟ ਪੰਜਾਬ ਲਈ ਬਹੁਤ ਅਹਿਮੀਅਤ ਰੱਖਦਾ ਹੈ। ਭਗਵੰਤ ਸਿੰਘ ਮਾਨ ਨੇ ਕੇਂਦਰੀ ਮੰਤਰੀ ਨੂੰ ਅਪੀਲ ਕੀਤੀ ਕਿ ਮੰਤਰਾਲੇ ਪਾਸੋਂ ਪ੍ਰਵਾਨਗੀ ਦੇਣ ਵਿੱਚ ਤੇਜ਼ੀ ਲਿਆਂਦੀ ਜਾਵੇ ਤਾਂ ਕਿ ਇਸ ਪ੍ਰਾਜੈਕਟ ਦਾ ਕੰਮ ਸ਼ੁਰੂ ਕੀਤਾ ਜਾ ਸਕੇ। ਚੰਡੀਗੜ੍ਹ-ਲਾਂਡਰਾਂ-ਚੁੰਨੀ-ਸਰਹਿੰਦ ਸੜਕ ਨੂੰ ਕੌਮੀ ਰਾਜਮਾਰਗ ਐਲਾਨਣ ਦੀ ਮੰਗ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਇਹ ਸੜਕ ਐਸਏਐਸ ਨਗਰ ਜ਼ਿਲ੍ਹੇ ਨੂੰ ਫਤਿਹਗੜ੍ਹ ਸਾਹਿਬ ਜ਼ਿਲ੍ਹੇ ਨਾਲ ਜੋੜਨ ਵਾਲੀ ਸੂਬੇ ਦੀ ਮਹੱਤਵਪੂਰਨ ਸੜਕ ਹੈ, ਜਿਸਦੀ ਵਧੇਰੇ ਇਤਿਹਾਸਕ ਮਹੱਤਤਾ ਹੈ। ÷ਇਹ ਸੜਕ ਸੋਹਾਣਾ ਵਿੱਚ ਗੁਰਦੁਆਰਾ ਸਿੰਘ ਸ਼ਹੀਦਾਂ ਸਾਹਿਬ ਦੇ ਨੇੜੇ ਤੋਂ ਸ਼ੁਰੂ ਹੁੰਦੀ ਹੈ ਅਤੇ ਲਖਨੌਰ, ਲਾਂਡਰਾਂ, ਝੰਝੇੜੀ ਅਤੇ ਚੁੰਨੀ ਵਿੱਚੋਂ ਲੰਘਦਿਆਂ ਫਤਿਹਗੜ੍ਹ ਸਾਹਿਬ ਵਿਖੇ ਖਤਮ ਹੁੰਦੀ ਹੈ। ਮੌਜੂਦਾ ਸਮੇਂ ਇਹ ਮੁੱਖ ਤੌਰ 'ਤੇ 10-ਮੀਟਰ ਕੈਰੇਜਵੇਅ ਚੌੜਾਈ ਦੇ ਨਾਲ ਦੋ-ਮਾਰਗੀ ਹੈ, ਹਾਲਾਂਕਿ ਕੁਝ ਹਿੱਸਿਆਂ ਨੂੰ ਪਹਿਲਾਂ ਹੀ ਚਾਰ ਮਾਰਗੀ ਕਰ ਦਿੱਤਾ ਗਿਆ ਹੈ। ਉਨ੍ਹਾਂ ਅੱਗੇ ਕਿਹਾ ਕਿ ÷ਭਾਰਤਮਾਲਾ ਪ੍ਰੋਜੈਕਟ ਅਧੀਨ ਅੰਬਾਲਾ-ਚੰਡੀਗੜ੍ਹ ਗ੍ਰੀਨਫੀਲਡ ਹਾਈਵੇਅ ਪ੍ਰੋਜੈਕਟ ਵੀ ਪਿੰਡ ਝੰਜੇੜੀ ਵਿਖੇ ਇਸ ਸੜਕ ਨੂੰ ਪਾਰ ਕਰਦਾ ਹੈ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਹਰ ਸਾਲ ਦਸੰਬਰ ਦੇ ਮਹੀਨੇ ਦੌਰਾਨ, ਲੱਖਾਂ ਸ਼ਰਧਾਲੂ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ ਨੂੰ ਸ਼ਰਧਾਂਜਲੀ ਦੇਣ ਲਈ ਸ਼ਹੀਦੀ ਸਭਾ ਦੌਰਾਨ ਫਤਿਹਗੜ੍ਹ ਸਾਹਿਬ ਆਉਂਦੇ ਹਨ।

Contd......................page-3

## ਕਿਸਾਨਾਂ ਦੀ ਲੱਗ ਗਈ ਲਾਟਰੀ, ਕੇਂਦਰ ਨੇ 14 ਫ਼ਸਲਾਂ 'ਤੇ ਵਧਾਈ ਘੱਟੋ-ਘੱਟ ਸਮਰਥਨ ਮੁੱਲ

ਨਵੀਂ ਦਿੱਲੀ 13 ਮਈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਧਾਨਗੀ ਹੇਠ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਅੱਜ ਮਾਰਕੀਟਿੰਗ ਸੀਜ਼ਨ 2026-27 ਲਈ 14 ਖਰੀਫ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ 'ਚ ਵਾਧੇ ਨੂੰ ਮਨਜ਼ੂਰੀ ਦੇ ਦਿੱਤੀ ਹੈ। ਸਰਕਾਰ ਦਾ ਇਹ ਫੈਸਲਾ ਕਿਸਾਨਾਂ ਨੂੰ ਉਨ੍ਹਾਂ ਦੀ ਉਪਜ ਦਾ ਲਾਹੇਵੰਦ ਮੁੱਲ ਯਕੀਨੀ ਬਣਾਉਣ ਦੇ ਉਦੇਸ਼ ਨਾਲ ਲਿਆ ਗਿਆ ਹੈ। ਸਰਕਾਰ ਵੱਲੋਂ ਜਾਰੀ ਅੰਕੜਿਆਂ ਅਨੁਸਾਰ, ਪਿਛਲੇ ਸਾਲ ਦੇ ਮੁਕਾਬਲੇ ਸਭ ਤੋਂ ਵੱਧ ਵਾਧਾ ਸੂਰਜਮੁਖੀ ਦੇ ਬੀਜਾਂ 'ਚ ਕੀਤਾ ਗਿਆ ਹੈ, ਜਿਸ ਦਾ ਮੁੱਲ 622 ਰੁਪਏ ਪ੍ਰਤੀ ਕੁਇੰਟਲ ਵਧਾਇਆ ਗਿਆ ਹੈ। ਇਸ ਤੋਂ ਇਲਾਵਾ ਕਪਾਹ 'ਚ 557 ਰੁਪਏ, ਨਾਈਜਰਸੀਡ 'ਚ 515 ਰੁਪਏ ਅਤੇ ਤਿਲਾਂ 'ਚ 500 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ। ਝੋਨੇ ਦਾ ਨਵਾਂ MSP 2441 ਰੁਪਏ ਅਤੇ ਗ੍ਰੇਡ-ਏ ਦਾ 2461 ਰੁਪਏ ਤੈਅ ਕੀਤਾ ਗਿਆ ਹੈ। ਇਹ ਵਾਧਾ ਕੇਂਦਰੀ ਬਜਟ 2018-19 ਦੇ ਉਸ ਐਲਾਨ ਦੇ ਅਨੁਸਾਰ ਹੈ, ਜਿਸ 'ਚ MSP ਨੂੰ ਉਤਪਾਦਨ ਦੀ ਔਸਤ ਲਾਗਤ ਦੇ ਘੱਟੋ-ਘੱਟ 1.5 ਗੁਣਾ ਰੱਖਣ ਦਾ ਫੈਸਲਾ ਕੀਤਾ ਗਿਆ ਸੀ। ਇਸ ਨਵੇਂ ਵਾਧੇ ਨਾਲ ਕਿਸਾਨਾਂ ਨੂੰ ਸਭ ਤੋਂ ਵੱਧ ਮੁਨਾਫਾ ਮੂੰਗੀ (61%), ਬਾਜਰਾ (56%), ਮੱਕੀ (56%) ਅਤੇ ਤੂਰ/ਅਰਹਰ (54%) 'ਚ ਹੋਣ ਦੀ ਉਮੀਦ ਹੈ। ਬਾਕੀ ਸਾਰੀਆਂ ਫਸਲਾਂ ਲਈ ਕਿਸਾਨਾਂ ਦਾ ਮੁਨਾਫਾ ਲਾਗਤ ਦੇ ਮੁਕਾਬਲੇ 50% ਰਹਿਣ ਦਾ ਅਨੁਮਾਨ ਹੈ। ਸਰਕਾਰੀ ਅੰਕੜਿਆਂ ਅਨੁਸਾਰ, ਪਿਛਲੇ ਸਾਲਾਂ 'ਚ ਖਰੀਦ ਅਤੇ ਭੁਗਤਾਨ 'ਚ ਵੱਡਾ ਵਾਧਾ ਹੋਇਆ ਹੈ। ਸਾਲ 2014-15 ਤੋਂ 2025-26 ਦੇ ਦੌਰਾਨ 14 ਖਰੀਫ ਫਸਲਾਂ ਉਗਾਉਣ ਵਾਲੇ ਕਿਸਾਨਾਂ ਨੂੰ 18.99 ਲੱਖ ਕਰੋੜ ਰੁਪਏ ਦਾ ਭੁਗਤਾਨ ਕੀਤਾ ਗਿਆ, ਜਦੋਂ ਕਿ 2004-05 ਤੋਂ 2013-14 ਦੇ ਦੌਰਾਨ ਇਹ ਰਕਮ ਸਿਰਫ 4.75 ਲੱਖ ਕਰੋੜ ਰੁਪਏ ਸੀ। ਇਸੇ ਤਰ੍ਹਾਂ ਝੋਨੇ ਦੀ ਖਰੀਦ ਵੀ ਪਿਛਲੇ ਦਹਾਕੇ ਦੇ 4590 LMT (ਲੱਖ ਮੈਟ੍ਰਿਕ ਟਨ) ਤੋਂ ਵਧ ਕੇ 8418 LMT ਹੋ ਗਈ ਹੈ।

## ਮਹਿੰਗਾ ਹੋ ਗਿਆ ਦੁੱਧ ! ਸਵੇਰ ਤੋਂ ਲਾਗੂ ਹੋ ਜਾਣਗੇ ਨਵੇਂ ਰੇਟ

ਬਿਜ਼ਨੈੱਸ ਡੈਸਕ 13 ਮਈ। ਦੇਸ਼ ਦੀ ਪ੍ਰਮੁੱਖ ਡੇਅਰੀ ਕੰਪਨੀ ਅਮੂਲ ਨੇ ਦੇਸ਼ ਭਰ ਵਿੱਚ ਦੁੱਧ ਦੀਆਂ ਕੀਮਤਾਂ ਵਿੱਚ ਵਾਧਾ ਕਰਨ ਦਾ ਐਲਾਨ ਕੀਤਾ ਹੈ, ਜਿਸ ਨਾਲ ਆਮ ਆਦਮੀ ਦੀ ਰਸੋਈ ਦਾ ਬਜਟ ਵਿਗੜਨ ਦੀ ਸੰਭਾਵਨਾ ਹੈ। ਕੰਪਨੀ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਦੁੱਧ ਦੀਆਂ ਕੀਮਤਾਂ ਵਿੱਚ 2 ਰੁਪਏ ਪ੍ਰਤੀ ਲੀਟਰ ਦਾ ਵਾਧਾ ਕੀਤਾ ਗਿਆ ਹੈ। ਇਹ ਨਵੀਆਂ ਕੀਮਤਾਂ 14 ਮਈ 2026 ਤੋਂ ਪੂਰੇ ਭਾਰਤ ਵਿੱਚ ਲਾਗੂ ਹੋ ਜਾਣਗੀਆਂ। ਅਮੂਲ ਨੇ ਇਸ ਵਾਧੇ ਪਿੱਛੇ ਪਸ਼ੂਆਂ ਦੇ ਚਾਰੇ ਦੀਆਂ ਵਧਦੀਆਂ ਕੀਮਤਾਂ ਨੂੰ ਮੁੱਖ ਕਾਰਨ ਦੱਸਿਆ ਹੈ। ਕੰਪਨੀ ਅਨੁਸਾਰ, ਪਿਛਲੇ ਕੁਝ ਸਮੇਂ ਤੋਂ ਚਾਰੇ ਅਤੇ ਪੈਕੇਜਿੰਗ ਦੀ ਲਾਗਤ ਵਿੱਚ ਕਾਫੀ ਵਾਧਾ ਹੋਇਆ ਹੈ। ਕੰਪਨੀ ਨੇ ਸਪੱਸ਼ਟ ਕੀਤਾ ਹੈ ਕਿ ਕੀਮਤਾਂ ਵਿੱਚ ਇਹ ਵਾਧਾ ਇਸ ਲਈ ਕੀਤਾ ਗਿਆ ਹੈ ਤਾਂ ਜੋ ਦੁੱਧ ਉਤਪਾਦਕ ਕਿਸਾਨਾਂ ਅਤੇ ਡੇਅਰੀ ਮਾਲਕਾਂ ਦੇ ਮੁਨਾਫ਼ੇ 'ਤੇ ਕੋਈ ਮਾੜਾ ਅਸਰ ਨਾ ਪਵੇ ਅਤੇ ਉਨ੍ਹਾਂ ਨੂੰ ਉਤਪਾਦਨ ਦੀ ਸਹੀ ਕੀਮਤ ਮਿਲਦੀ ਰਹੇ। ਅਚਾਨਕ ਹੋਏ ਇਸ ਵਾਧੇ ਕਾਰਨ ਰੋਜ਼ਾਨਾ ਦੁੱਧ ਖਰੀਦਣ ਵਾਲੇ ਗਾਹਕਾਂ ਨੂੰ ਹੁਣ ਹਰ ਲੀਟਰ ਪਿੱਛੇ 2 ਰੁਪਏ ਵਾਧੂ ਖਰਚਣੇ ਪੈਣਗੇ। ਦੱਸਣਯੋਗ ਹੈ ਕਿ ਅਮੂਲ ਵੱਲੋਂ ਲਏ ਗਏ ਇਸ ਫੈਸਲੇ ਤੋਂ ਬਾਅਦ ਬਾਜ਼ਾਰ ਵਿੱਚ ਦੂਜੀਆਂ ਡੇਅਰੀ ਕੰਪਨੀਆਂ ਵੱਲੋਂ ਵੀ ਕੀਮਤਾਂ ਵਧਾਉਣ ਦੀ ਚਰਚਾ ਛਿੜ ਗਈ ਹੈ।

# ਮੁੱਖ ਮੰਤਰੀ ਉਮਰ ਅਬਦੁੱਲਾ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਕੀਤੀ ਮੁਲਾਕਾਤ

ਕੌਮੀ ਪਤ੍ਰਿਕਾ
**ਨਵਦੀਪ ਸਿੰਘ ਸਾਹਨੀ**

ਨੈਸ਼ਨਲ ਡੈਸਕ 13 ਮਈ। ਜੰਮੂ-ਕਸ਼ਮੀਰ ਦੇ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਨਵੀਂ ਦਿੱਲੀ ਵਿਖੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨਾਲ ਮੁਲਾਕਾਤ ਕੀਤੀ। ਇਸ ਅਹਿਮ ਬੈਠਕ ਦੌਰਾਨ ਜੰਮੂ-ਕਸ਼ਮੀਰ ਨਾਲ ਜੁੜੇ ਕਈ ਮਹੱਤਵਪੂਰਨ ਪ੍ਰਸ਼ਾਸਨਿਕ ਅਤੇ ਸਿਆਸੀ ਮੁੱਦਿਆਂ 'ਤੇ ਵਿਸਤ੍ਰਿਤ ਚਰਚਾ ਕੀਤੀ ਗਈ। ਬੈਠਕ ਵਿੱਚ ਜੰਮੂ-ਕਸ਼ਮੀਰ ਨੂੰ ਮੁੜ ਰਾਜ ਦਾ ਦਰਜਾ ਬਹਾਲ ਕਰਨ ਦਾ ਮੁੱਦਾ ਪ੍ਰਮੁੱਖਤਾ ਨਾਲ ਚੁੱਕਿਆ ਗਿਆ। ਉਮਰ ਅਬਦੁੱਲਾ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਰਾਜ ਦਾ ਦਰਜਾ ਬਹਾਲ ਕਰਨਾ ਉਨ੍ਹਾਂ ਦੀ ਸਰਕਾਰ ਦਾ ਮੁੱਖ ਮੁੱਦਾ ਹੈ ਅਤੇ ਉਹ ਹਰ ਮੁਲਾਕਾਤ ਵਿੱਚ ਇਸ ਵਿਸ਼ੇ ਨੂੰ ਉਠਾਉਂਦੇ ਰਹਿਣਗੇ। ਉਨ੍ਹਾਂ ਕਿਹਾ ਕਿ ਭਾਵੇਂ ਇਹ ਇੱਕ ਪ੍ਰਕਿਰਿਆ ਹੈ, ਪਰ ਉਹ ਸੂਬੇ ਦੇ ਸਰਵਪੱਖੀ ਵਿਕਾਸ ਲਈ ਇਸ ਮੰਗ ਨੂੰ ਲਗਾਤਾਰ ਜਾਰੀ ਰੱਖਣਗੇ। ਸੂਤਰਾਂ ਅਨੁਸਾਰ, ਬੈਠਕ ਵਿੱਚ ਟ?ਰਾਂਜੈਕਸ਼ਨ ਆਫ ਬਿਜ਼ਨਸ ਰੂਲਜ਼, ਉਦੋਂ ਤੱਕ ਅਜਿਹੇ ਅਧਿਕਾਰ ਵੀ ਉਨ੍ਹਾਂ ਕੋਲ ਰਾਖਵੇਂਕਰਨ ਦੇ ਯੁਕਤੀਕਰਨ ਅਤੇ ਜਨਤਕ ਭਲਾਈ ਨਾਲ ਜੁੜੇ ਵੱਖ-ਵੱਖ ਵਿਸ਼ਿਆਂ 'ਤੇ ਵੀ ਵਿਚਾਰ-ਵਟਾਂਦਰਾ ਕੀਤਾ ਗਿਆ। ਦੋਵਾਂ ਨੇਤਾਵਾਂ ਨੇ ਸੂਬੇ ਦੀ ਮੌਜੂਦਾ ਸੁਰੱਖਿਆ ਅਤੇ ਆਰਥਿਕ ਸਥਿਤੀ ਦੀ ਸਮੀਖਿਆ ਕੀਤੀ ਅਤੇ ਖੇਤਰ ਵਿੱਚ ਸਥਾਈ ਸ਼ਾਂਤੀ ਤੇ ਸਥਿਰਤਾ ਯਕੀਨੀ ਬਣਾਉਣ 'ਤੇ ਜ਼ੋਰ



ਦਿੱਤਾ। ਉਮਰ ਅਬਦੁੱਲਾ ਨੇ ਕੇਂਦਰ ਸਰਕਾਰ ਅਤੇ ਜੰਮੂ-ਕਸ਼ਮੀਰ ਪ੍ਰਸ਼ਾਸਨ ਵਿਚਕਾਰ ਨਿਰੰਤਰ ਤਾਲਮੇਲ ਬਣਾਏ ਰੱਖਣ ਦੀ ਲੋੜ 'ਤੇ ਵੀ ਬਲ ਦਿੱਤਾ। ਇੰਟਰਨੈਟ ਅਤੇ ਮੋਬਾਈਲ ਸੇਵਾਵਾਂ ਨੂੰ ਮੁਅੱਤਲ ਕਰਨ ਦੇ ਅਧਿਕਾਰਾਂ ਬਾਰੇ ਬੋਲਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਜਦੋਂ ਤੱਕ ਕਾਨੂੰਨ-ਵਿਵਸਥਾ ਅਤੇ ਸੁਰੱਖਿਆ ਦਾ ਜ਼ਿੰਮਾ ਪ੍ਰਸ਼ਾਸਨ ਕੋਲ ਹੈ, ਹੀ ਰਹਿਣੇ ਚਾਹੀਦੇ ਹਨ। ਇਸ ਦੇ ਨਾਲ ਹੀ ਉਨ੍ਹਾਂ ਨੇ ਮੰਤਰੀ ਮੰਡਲ ਵਿੱਚ ਕਿਸੇ ਵੀ ਤਰ੍ਹਾਂ ਦੇ ਫੇਰਬਦਲ ਦੀਆਂ ਅਟਕਲਾਂ ਨੂੰ ਸਿਰੇ ਤੋਂ ਖਾਰਜ ਕਰਦਿਆਂ ਕਿਹਾ ਕਿ ਫਿਲਹਾਲ ਸ਼ਾਸਨ ਸੁਚਾਰੂ ਢੰਗ ਨਾਲ ਚੱਲ ਰਿਹਾ ਹੈ ਅਤੇ ਉਚਿਤ ਸਮਾਂ ਆਉਣ 'ਤੇ ਹੀ ਪਾਰਟੀ ਲੀਡਰਸ਼ਿਪ ਨਾਲ ਕੋਈ ਫੈਸਲਾ ਲਿਆ ਜਾਵੇਗਾ।

## ਮੁੱਖ ਮੰਤਰੀ ਬਣਦੇ ਹੀ ਵਿਜੇ ਨੇ 24 ਘੰਟਿਆਂ 'ਚ ਬਦਲਿਆ ਆਪਣੇ ਜੋਤਸ਼ੀ ਦਾ ਭਵਿੱਖ

ਨੈਸ਼ਨਲ ਡੈਸਕ 13 ਮਈ। ਤਾਮਿਲਨਾਡੂ ਵਿੱਚ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਤੋਂ ਬਾਅਦ ਥਾਲਪਤੀ ਵਿਜੇ ਨੇ ਵੱਡਾ ਯੂ-ਟਰਨ ਲੈ ਲਿਆ ਹੈ। ਮੁੱਖ ਮੰਤਰੀ ਨੇ ਪਿਛਲੇ ਦਿਨ ਆਪਣੇ ਨਿੱਜੀ ਜੋਤਸ਼ੀ ਨੂੰ ਆਪਣਾ ਓਐਸਡੀ ਨਿਯੁਕਤ ਕੀਤਾ ਸੀ। ਹੁਣ ਵਿਧਾਨ ਸਭਾ ਵਿੱਚ ਫਲੋਰ ਟੈਸਟ ਪਾਸ ਕਰਨ ਤੋਂ ਤੁਰੰਤ ਬਾਅਦ ਵਿਜੇ ਨੇ ਆਪਣੇ ਨਿੱਜੀ ਜੋਤਸ਼ੀ ਰਾਧਨ ਪੰਡਿਤ ਵੇਟਰੀਵੇਲ ਦੀ ਵਿਸ਼ੇਸ਼ ਡਿਊਟੀ 'ਤੇ ਅਧਿਕਾਰੀ (ਓਐਸਡੀ - ਰਾਜਨੀਤਿਕ) ਵਜੋਂ ਨਿਯੁਕਤੀ ਰੱਦ ਕਰ ਦਿੱਤੀ ਹੈ। ਦੱਸ ਦੇਈਏ ਕਿ ਮੰਗਲਵਾਰ ਨੂੰ ਥਾਲਾਪਤੀ ਵਿਜੇ ਦੀ ਸਰਕਾਰ ਨੇ ਵੇਟਰੀਵੇਲ ਨੂੰ ਮੁੱਖ ਮੰਤਰੀ ਦਾ ਸਹਾਇਕ ਸਕੱਤਰ ਨਿਯੁਕਤ ਕੀਤਾ ਸੀ। ਵਿਰੋਧੀ ਪਾਰਟੀਆਂ ਅਤੇ ਵਿਜੇ ਦੇ ਆਪਣੇ ਰਾਜਨੀਤਿਕ ਸਹਿਯੋਗੀਆਂ ਨੇ ਮੁੱਖ ਮੰਤਰੀ ਦੇ ਫੈਸਲੇ ਵਿਰੁੱਧ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਸ਼ੁਰੂ ਕੀਤੇ। ਇਸ ਵਿਰੋਧ ਦਾ ਮੁੱਖ ਕਾਰਨ ਇੱਕ ਜੋਤਸ਼ੀ ਨੂੰ ਰਾਜਨੀਤਿਕ ਅਤੇ ਪ੍ਰਸ਼ਾਸਕੀ ਅਹੁਦੇ 'ਤੇ ਨਿਯੁਕਤ ਕਰਨਾ ਸੀ। ਵਿਜੇ ਦੀ ਪਾਰਟੀ ਟੀਵੀਕੇ ਨੇ ਇਸ ਫੈਸਲੇ ਨਾਲ ਇਹ ਸੁਨੇਹਾ ਦੇਣ ਦੀ ਕੋਸ਼ਿਸ਼ ਕੀਤੀ ਉਹ ਆਲੋਚਨਾ ਸੁਣਨ ਅਤੇ ਸੁਧਾਰ ਕਰਨ ਲਈ ਤਿਆਰ ਹੈ।

## 'ਦੇਸ਼ ਤਰੱਕੀ ਕਿਵੇਂ ਕਰੇਗਾ..?' ਵਿਕਾਸ ਪ੍ਰੋਜੈਕਟਾਂ ਨੂੰ ਰੋਕਣ ਵਾਲੀਆਂ ਪਟੀਸ਼ਨਾਂ 'ਤੇ ਸੁਪਰੀਮ ਕੋਰਟ ਸਖ਼ਤ

ਕੌਮੀ ਪਤ੍ਰਿਕਾ

ਨਵੀਂ ਦਿੱਲੀ 13 ਮਈ। ਸੁਪਰੀਮ ਕੋਰਟ ਨੇ ਵਿਕਾਸ ਪ੍ਰਾਜੈਕਟਾਂ ਨੂੰ ਰੋਕਣ ਲਈ ਪਟੀਸ਼ਨਾਂ ਦਾਇਰ ਕਰਨ ਦੇ ਰੁਝਾਨ ਦੀ ਸੋਮਵਾਰ ਨਿੰਦਾ ਕੀਤੀ ਤੇ ਪੁੱਛਿਆ ਕਿ ਜੇ



ਅਜਿਹੀਆਂ ਪਟੀਸ਼ਨਾਂ ਜਾਰੀ ਰਹੀਆਂ ਤਾਂ ਦੇਸ਼ ਕਿਵੇਂ ਤਰੱਕੀ ਕਰੇਗਾ? ਚੀਫ ਜਸਟਿਸ ਸੂਰਿਆਕਾਂਤ ਤੇ ਜਸਟਿਸ ਜੋਇਮਲਿਆ ਬਾਗਚੀ ਦੀ ਬੈਂਚ ਨੇ ਕਿਹਾ ਕਿ ਸਾਨੂੰ ਇਸ ਦੇਸ਼ 'ਚ ਇਕ ਵੀ ਅਜਿਹਾ ਪ੍ਰਾਜੈਕਟ ਦਿਖਾਓ ਜਿਸ ਬਾਰੇ ਇਹ ਅਖੌਤੀ ਵਾਤਾਵਰਣ ਕਾਰਕੁਨ ਕਹਿ ਸਕਣ ਕਿ ਉਹ ਇਸ ਦਾ ਸਵਾਗਤ ਕਰਦੇ ਹਨ। ਬੈਂਚ ਜੋ ਨੈਸ਼ਨਲ ਗ੍ਰੀਨ ਟ੍ਰਿਬਿਊਨਲ ਦੇ ਪੱਛਮੀ ਖੇਤਰ ਬੈਂਚ ਦੇ ਹੁਕਮ ਵਿਰੁੱਧ ਦਾਇਰ ਪਟੀਸ਼ਨ ਦੀ ਸੁਣਵਾਈ ਕਰ ਰਹੀ ਸੀ, ਨੇ ਇਹ ਟਿੱਪਣੀ ਕੀਤੀ। ਟ੍ਰਿਬਿਊਨਲ ਨੇ ਗੁਜਰਾਤ 'ਚ ਪਿਪਾਵਾ ਬੰਦਰਗਾਹ ਦੇ ਪਸਾਰ ਤੇ ਆਧੁਨਿਕੀਕਰਨ ਲਈ ਵਾਤਾਵਰਣ ਅਤੇ ਤੱਟਵਰਤੀ ਰੈਗੂਲੇਸ਼ਨ ਜ਼ੋਨ ਨੂੰ ਦਿੱਤੀ ਗਈ ਕਲੀਅਰੈਂਸ ਨੂੰ ਰੱਦ ਕਰਨ ਦੀ ਮੰਗ ਕਰਨ ਵਾਲੀ ਅਪੀਲ ਨੂੰ ਖਾਰਜ ਕਰ ਦਿੱਤਾ ਸੀ। ਸੁਪਰੀਮ ਕੋਰਟ ਨੇ ਟਿੱਪਣੀ ਕੀਤੀ ਕਿ ਇਸ ਦੇਸ਼ 'ਚ ਜਿਸ ਤਰ੍ਹਾਂ ਦੀਆਂ ਪਟੀਸ਼ਨਾਂ ਦਾਇਰ ਕੀਤੀਆਂ ਜਾ ਰਹੀਆਂ ਹਨ, ਉਨ੍ਹਾਂ ਦਾ ਮੰਤਵ ਸਿਰਫ ਵਿਕਾਸ ਨੂੰ ਰੋਕਣਾ ਹੈ। ਇਹੀ ਸਮੱਸਿਆ ਹੈ। ਦੇਸ਼ ਕਿਵੇਂ ਤਰੱਕੀ ਕਰੇਗਾ? ਹਾਲਾਂਕਿ, ਬੈਂਚ ਨੇ ਸਪੱਸ਼ਟ ਕੀਤਾ ਕਿ ਅਦਾਲਤਾਂ ਹਮੇਸ਼ਾ ਵਾਤਾਵਰਣ ਸੰਬੰਧੀ ਮੁੱਦਿਆਂ ਬਾਰੇ ਚਿੰਤਤ ਰਹੀਆਂ ਹਨ ਤੇ ਵਾਤਾਵਰਣ ਨੂੰ ਪ੍ਰਭਾਵਿਤ ਕਰਨ ਵਾਲੀ ਕਿਸੇ ਵੀ ਚੀਜ਼ ਦੀ ਆਲੋਚਨਾ ਕਰਦੀਆਂ ਹਨ। ਪਟੀਸ਼ਨ 'ਤੇ ਸੁਣਵਾਈ ਕਰਦੇ ਹੋਏ ਬੈਂਚ ਨੇ ਨੋਟ ਕੀਤਾ ਕਿ ਐੱਨ.ਜੀ.ਟੀ. ਨੇ ਇਸ ਮਾਮਲੇ 'ਚ ਇਕ ਵਿਸਥਾਰਤ ਹੁਕਮ ਪਾਸ ਕੀਤਾ ਹੈ।

## ਸਿਆਸੀ ਮੁਹਿੰਮਾਂ 'ਚ 'ਫਜ਼ੂਲਖ਼ਰਚੀ' 'ਤੇ ਭੜਕੇ ਰਾਜ ਠਾਕਰੇ

ਮੁੰਬਈ, 13 ਮਈ। ਮਹਾਰਾਸ਼ਟਰ ਨਵਨਿਰਮਾਣ ਸੈਨਾ (ਮਨਸੇ) ਦੇ ਪ੍ਰਧਾਨ ਰਾਜ ਠਾਕਰੇ ਨੇ ਮੰਗਲਵਾਰ ਨੂੰ ਸਵਾਲ ਕੀਤਾ ਕਿ ਕੀ ਖ਼ਰਚਿਆਂ 'ਚ ਕਟੌਤੀ ਦੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਪੀਲ ਸਿਰਫ਼ ਆਮ ਲੋਕਾਂ ਲਈ ਹੈ। ਉਨ੍ਹਾਂ ਨੇ ਹਾਲ ਹੀ 'ਚ ਹੋਈਆਂ ਚੋਣਾਂ ਦੌਰਾਨ ਪ੍ਰਚਾਰ ਮੁਹਿੰਮਾਂ 'ਚ ਈਂਧਨ ਦੀ ਵਰਤੋਂ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਇਨ੍ਹਾਂ ਮੁਹਿੰਮਾਂ 'ਚ ਹਜ਼ਾਰਾਂ ਕਾਰਾਂ ਦੀ ਵਰਤੋਂ ਕੀਤੀ ਗਈ ਅਤੇ ਕਈ ਰੋਡ-ਸ਼ੋਅ ਕੀਤੇ ਗਏ। ਲੋਕਾਂ ਨੂੰ ਈਂਧਨ ਦੀ ਵਰਤੋਂ ਘੱਟ ਕਰਨ, ਜਨਤਕ ਟ?ਰਾਂਸਪੋਰਟ ਦੀ ਵਰਤੋਂ ਕਰਨ ਅਤੇ ਇਕ ਸਾਲ ਤੱਕ ਸੋਨੇ ਦੀ ਖਰੀਦ ਟਾਲਣ ਦੀ ਪ੍ਰਧਾਨ ਮੰਤਰੀ ਮੋਦੀ ਦੀ ਹਾਲੀਆ ਅਪੀਲ ਤੋਂ ਬਾਅਦ ਠਾਕਰੇ ਨੇ ਫੇਸਬੁੱਕ 'ਤੇ ਇਕ ਪੋਸਟ 'ਚ ਕਿਹਾ ਕਿ ਪ੍ਰਧਾਨ ਮੰਤਰੀ ਅਤੇ ਸੀਨੀਅਰ ਨੇਤਾ ਵੱਡੇ-ਵੱਡੇ ਕਾਫਲਿਆਂ ਨਾਲ ਦੇਸ਼ ਭਰ 'ਚ ਯਾਤਰਾਵਾਂ ਕਰ ਰਹੇ ਹਨ।

## ਪ੍ਰਤੀਕ ਯਾਦਵ ਦੀ ਮੌਤ ਬਹੁਤ ਦੁਖਦਾਈ, ਅਸੀਂ ਉਹੀ ਕਰਾਂਗੇ ਜੋ ਪਰਿਵਾਰ ਕਹੇਗਾ : ਅਖਿਲੇਸ਼ ਯਾਦਵ

ਲਖਨਊ 13 ਮਈ। ਸਮਾਜਵਾਦੀ ਪਾਰਟੀ (ਸਪਾ) ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਬੁੱਧਵਾਰ ਸਵੇਰੇ ਆਪਣੇ ਸੌਤੇਲੇ ਭਰਾ ਪ੍ਰਤੀਕ ਯਾਦਵ ਦੀ ਮੌਤ ਨੂੰ ਬਹੁਤ ਦੁਖਦਾਈ ਦੱਸਿਆ। ਯਾਦਵ ਸਵੇਰੇ ਲਖਨਊ ਦੇ ਸਿਵਲ ਹਸਪਤਾਲ ਪਹੁੰਚੇ ਅਤੇ ਫਿਰ ਕਿੰਗ ਜਾਰਜ ਮੈਡੀਕਲ ਯੂਨੀਵਰਸਿਟੀ (ਕੇਜੀਐਮਯੂ) ਗਏ, ਜਿੱਥੇ ਪ੍ਰਤੀਕ ਦੀ ਲਾਸ਼ ਦਾ ਪੋਸਟਮਾਰਟਮ ਕੀਤਾ ਜਾ ਰਿਹਾ ਹੈ। ਸੂਤਰਾਂ ਅਨੁਸਾਰ, 38 ਸਾਲਾ ਪ੍ਰਤੀਕ ਅਚਾਨਕ ਬੀਮਾਰ ਹੋ ਗਏ, ਜਿਸ ਕਾਰਨ ਉਨ੍ਹਾਂ ਨੂੰ ਸਵੇਰੇ ਸਿਵਲ ਹਸਪਤਾਲ ਲਿਆਂਦਾ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਅਖਿਲੇਸ਼ ਨੇ ਕਿਹਾ ਕਿ ਪ੍ਰਤੀਕ ਦਾ ਦੇਹਾਂਤ ਪਰਿਵਾਰ ਲਈ ਬਹੁਤ ਵੱਡਾ ਘਾਟਾ ਹੈ। ਸਪਾ ਮੁਖੀ ਨੇ ✓ 'ਤੇ ਇੱਕ ਸੰਖੇਪ ਪੋਸਟ ਵਿੱਚ ਕਿਹਾ, ਸ਼੍ਰੀ ਪ੍ਰਤੀਕ ਯਾਦਵ ਦਾ ਦੇਹਾਂਤ, ਬਹੁਤ ਦੁੱਖਦ! ਪਰਮਾਤਮਾ ਵਿਛੜੀ ਆਤਮਾ ਨੂੰ ਸ਼ਾਂਤੀ ਪ੍ਰਦਾਨ ਕਰੇ। ਨਿਮਰ ਸ਼ਰਧਾਂਜਲੀ! ਉਨ੍ਹਾਂ ਕਿਹਾ ਕਿ, ਪ੍ਰਤੀਕ ਯਾਦਵ ਅੱਜ ਸਾਡੇ ਵਿਚਾਲੇ ਨਹੀਂ ਹਨ, ਬਹੁਤ ਦੁੱਖ ਹੈ। ਉਹ ਨੌਜਵਾਨ ਸੀ। ਬਚਪਨ ਤੋਂ ਹੀ ਉਹ ਆਪਣੀ ਸਿਹਤ ਪ੍ਰਤੀ ਸੁਚੇਤ ਸੀ ਅਤੇ ਜ਼ਿੰਦਗੀ ਵਿੱਚ ਅੱਗੇ ਵਧਣਾ ਚਾਹੁੰਦਾ ਸੀ। ਉਹ ਇੱਕ ਬਹੁਤ ਚੰਗਾ ਮੁੰਡਾ ਸੀ, ਜੋ ਆਪਣੀ ਮਿਹਨਤ ਨਾਲ ਕੁਝ ਪ੍ਰਾਪਤ ਕਰਨਾ ਚਾਹੁੰਦਾ ਸੀ। ਉਹ ਹੁਣ ਸਾਡੇ ਨਾਲ ਨਹੀਂ ਹੈ। ਉਨ੍ਹਾਂ ਕਿਹਾ ਕਿ ਮੈਂ ਉਸ ਨੂੰ ਕਿਹਾ ਸੀ ਕਿ ਉਹ ਆਪਣੀ ਸਿਹਤ ਦਾ ਧਿਆਨ ਰੱਖਣ ਅਤੇ ਆਪਣਾ ਕਾਰੋਬਾਰ ਵਧਾਉਣ। ਕਈ ਵਾਰ, ਵਿੱਤੀ ਨੁਕਸਾਨ ਬਹੁਤ ਭਿਆਨਕ ਹੋ ਸਕਦਾ ਹੈ। ਅਖਿਲੇਸ਼ ਯਾਦਵ ਨੇ ਕਿਹਾ, ਕੁਦਰਤੀ ਤੌਰ 'ਤੇ, ਅਸੀਂ ਕਾਨੂੰਨ ਜੋ ਕਹਿੰਦਾ ਹੈ ਅਤੇ ਪਰਿਵਾਰ ਦੇ ਮੈਂਬਰ ਜੋ ਕਹਿੰਦੇ ਹਨ, ਉਸ ਦੀ ਪਾਲਣਾ ਕਰਾਂਗੇ। ਮੈਂ ਅੱਜ ਦੀ ਤਾਰੀਖ ਨਹੀਂ ਬਦਲ ਸਕਦਾ। ਉਹ ਸਾਡੇ ਨਾਲ ਨਹੀਂ ਹੈ; ਅਸੀਂ ਉਹੀ ਕਰਾਂਗੇ ਜੋ ਪਰਿਵਾਰ ਕਹੇਗਾ। ਪ੍ਰਤੀਕ ਨੂੰ ਕੁਝ ਸਮਾਂ ਪਹਿਲਾਂ ਸਿਹਤ ਵਿਗੜਨ ਕਾਰਨ ਲਖਨਊ ਦੇ ਮੇਦਾਂਤਾ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ।

## ਪੰਜਾਬ 'ਚ ਚੋਣਾਂ ਤੋਂ ਪਹਿਲਾਂ ਸ਼੍ਰੋਮਣੀ ਅਕਾਲੀ ਦਲ ਨੇ ਕੀਤੀਆਂ ਅਹਿਮ ਨਿਯੁਕਤੀਆਂ

ਚੰਡੀਗੜ੍ਹ 13 ਮਈ। ਸ਼੍ਰੋਮਣੀ ਅਕਾਲੀ ਦਲ ਨੇ ਪੰਜਾਬ 'ਚ ਹੋਣ ਵਾਲੀਆਂ ਨਗਰ ਨਿਗਮ ਤੇ ਨਗਰ ਕੌਂਸਲ ਚੋਣਾਂ ਨੂੰ ਲੈ ਕੇ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਵੱਲੋਂ ਵੱਖ-ਵੱਖ ਸ਼ਹਿਰਾਂ ਲਈ ਸੀਨੀਅਰ ਆਗੂਆਂ ਨੂੰ ਨਿਗਰਾਨ ਨਿਯੁਕਤ ਕੀਤਾ ਗਿਆ ਹੈ। ਮੋਹਾਲੀ ਨਗਰ ਨਿਗਮ ਲਈ ਮਹੇਸ਼ਇੰਦਰ ਸਿੰਘ ਗਰੇਵਾਲ, ਪਠਾਨਕੋਟ ਨਗਰ ਨਿਗਮ ਤੇ ਸੁਜਾਨਪੁਰ ਨਗਰ ਕੌਂਸਲ ਲਈ ਗੁਰਬਚਨ ਸਿੰਘ ਬੱਬੇਹਾਲੀ, ਸ੍ਰੀ ਅਨੰਦਪੁਰ ਸਾਹਿਬ, ਨੰਗਲ ਅਤੇ ਕੀਰਤਪੁਰ ਸਾਹਿਬ ਨਗਰ ਕੌਂਸਲ ਲਈ ਡਾ. ਦਲਜੀਤ ਸਿੰਘ ਚੀਮਾ, ਨਗਰ ਕੌਂਸਲ ਪਾਇਲ ਲਈ ਸ਼ਰਨਜੀਤ ਸਿੰਘ ਢਿੱਲੋਂ, ਨਗਰ ਕੌਂਸਲ ਰਾਏਕੋਟ ਲਈ ਹੀਰਾ ਸਿੰਘ ਗਾਬੜੀਆ ਅਤੇ ਨਗਰ ਕੌਂਸਲ ਬੰਗਾ ਲਈ ਕਮਲ ਚੈਟਲੀ ਨੂੰ ਨਿਗਰਾਨ ਲਾਇਆ ਗਿਆ ਹੈ। ਇਸੇ ਤਰ੍ਹਾਂ ਨਗਰ ਕੌਂਸਲ ਸੁਲਤਾਨਪੁਰ ਲੋਧੀ ਲਈ ਜਰਨੈਲ ਸਿੰਘ ਵਾਹਿਦ, ਨਗਰ ਕੌਂਸਲ ਆਦਮਪੁਰ ਲਈ ਗੁਰਮੀਤ ਸਿੰਘ ਦਾਦੂਵਾਲ ਅਤੇ ਹਰਿੰਦਰ ਸਿੰਘ ਢੀਂਡਸਾ ਅਤੇ ਨਗਰ ਕੌਂਸਲ ਕਰਤਾਰਪੁਰ ਲਈ ਮਹਿੰਦਰ ਸਿੰਘ ਕੇ. ਪੀ. ਤੇ ਕੁਲਵੰਤ ਸਿੰਘ ਮੰਨਣ ਨੂੰ ਜ਼ਿੰਮੇਵਾਰੀ ਦਿੱਤੀ ਗਈ ਹੈ।

# ਨੀਟ ਪੇਪਰ ਲੀਕ ਮਾਮਲਾ: ਤੇਜਸਵੀ ਯਾਦਵ ਨੇ ਕੇਂਦਰ ਸਰਕਾਰ ਨੂੰ ਘੇਰਿਆ

ਕੌਮੀ ਪਤ੍ਰਿਕਾ

ਨੈਸ਼ਨਲ ਡੈਸਕ 13 ਮਈ। ਬਿਹਾਰ ਵਿਧਾਨ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਅਤੇ ਰਾਸ਼ਟਰੀ ਜਨਤਾ ਦਲ ਦੇ ਕਾਰਜਕਾਰੀ ਰਾਸ਼ਟਰੀ ਪ੍ਰਧਾਨ ਤੇਜਸਵੀ ਯਾਦਵ ਨੇ ਰਾਸ਼ਟਰੀ ਯੋਗਤਾ ਕਮ ਪ੍ਰਵੇਸ਼ ਪ੍ਰੀਖਿਆ (©55") ਦੇ ਪੇਪਰ ਲੀਕ ਅਤੇ ਪ੍ਰੀਖਿਆ ਰੱਦ ਹੋਣ ਦੇ ਮੁੱਦੇ 'ਤੇ ਕੇਂਦਰ ਸਰਕਾਰ 'ਤੇ ਜ਼ੋਰਦਾਰ ਹਮਲਾ ਬੋਲਿਆ ਹੈ। ਯਾਦਵ ਨੇ ਕਿਹਾ ਕਿ ਇਸ ਘਟਨਾ ਨੇ ਦੇਸ਼ ਦੇ 23 ਲੱਖ ਵਿਦਿਆਰਥੀਆਂ ਦੇ ਭਵਿੱਖ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਤੇਜਸਵੀ ਯਾਦਵ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਬਿਹਾਰ ਅਤੇ ਪੂਰੇ ਦੇਸ਼ ਵਿੱਚ ਪ੍ਰਸ਼ਨ ਪੱਤਰ ਲੀਕ ਹੋਣ ਦਾ ਅੰਤਹੀਣ ਸਿਲਸਿਲਾ ਰੁਕਣ ਦਾ ਨਾਮ ਨਹੀਂ ਲੈ ਰਿਹਾ ਹੈ। ਉਨ੍ਹਾਂ ਸਵਾਲ ਉਠਾਇਆ ਕਿ ਕੀ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਕੋਲ ਇੱਕ ਆਮ ਪ੍ਰੀਖਿਆ ਨੂੰ ਸੁਚਾਰੂ ਢੰਗ ਨਾਲ ਕਰਵਾਉਣ ਦੀ ਪ੍ਰਸ਼ਾਸਨਿਕ



ਸਮਰੱਥਾ ਅਤੇ ਇੱਛਾ ਸ਼ਕਤੀ ਵੀ ਨਹੀਂ ਹੈ? ਉਨ੍ਹਾਂ ਦੋਸ਼ ਲਾਇਆ ਕਿ ਸ਼ਾਇਦ ਸੱਤਾਧਾਰੀ ਧਿਰ ਜਨਤਾ ਦੀਆਂ ਮੁਸ਼ਕਲਾਂ ਵਿੱਚੋਂ ਆਪਣਾ ਸਿਆਸੀ ਲਾਹਾ ਲੱਭਣ ਦੀ ਕੋਸ਼ਿਸ਼ ਕਰ ਰਹੀ ਹੈ। ਤੇਜਸਵੀ ਯਾਦਵ ਨੇ ਕਿਹਾ ਕਿ ਪ੍ਰੀਖਿਆ ਰੱਦ ਹੋਣ ਕਾਰਨ ਵਿਦਿਆਰਥੀਆਂ ਨੂੰ ਦੇਸ਼ ਦੇ 552 ਸ਼ਹਿਰਾਂ ਵਿੱਚ ਸਥਿਤ ਪ੍ਰੀਖਿਆ ਕੇਂਦਰਾਂ 'ਤੇ ਦੁਬਾਰਾ ਜਾਣਾ ਪਵੇਗਾ। ਇਸ ਨਾਲ ਨਾ ਸਿਰਫ ਪੈਟਰੋਲ-ਡੀਜ਼ਲ ਦੀ ਖਪਤ ਵਧੇਗੀ, ਬਲਕਿ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ 'ਤੇ ਵਾਧੂ ਆਰਥਿਕ ਬੋਝ ਵੀ ਪਵੇਗਾ। ਉਨ੍ਹਾਂ ਅੱਗੇ ਕਿਹਾ ਕਿ ਇਸ ਪ੍ਰਕਿਰਿਆ ਕਾਰਨ ਵਿਦਿਆਰਥੀਆਂ ਨੂੰ ਭਾਰੀ ਸਰੀਰਕ ਅਤੇ ਮਾਨਸਿਕ ਪਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਪ੍ਰਧਾਨ ਮੰਤਰੀ ਨਰਿੰਦਰ ਮੋਦੀ 'ਤੇ ਨਿਸ਼ਾਨਾ ਸਾਧਦੇ ਹੋਏ ਯਾਦਵ ਨੇ ਕਿਹਾ ਕਿ ਦੇਸ਼ ਸਿਰਫ ਬਿਆਨਬਾਜ਼ੀ ਨਾਲ ਨਹੀਂ ਚੱਲਦਾ, ਸਗੋਂ ਸ਼ਾਸਨ ਵਿੱਚ ਪਾਰਦਰਸ਼ਤਾ ਅਤੇ ਜਵਾਬਦੇਹੀ ਯਕੀਨੀ ਬਣਾਉਣੀ ਪੈਂਦੀ ਹੈ। ਉਨ੍ਹਾਂ ਮੰਗ ਕੀਤੀ ਕਿ ਸਰਕਾਰ ਨੂੰ ਦਿਖਾਵਟੀ ਜਾਂਚ ਕਰਨ ਦੀ ਬਜਾਏ ਆਤਮ-ਚਿੰਤਨ ਕਰਨਾ ਚਾਹੀਦਾ ਹੈ ਕਿਉਂਕਿ ਸੱਤਾ ਦੀ ਸਰਪ੍ਰਸਤੀ ਹੇਠ ਹੋ ਰਹੇ ਪੇਪਰ ਲੀਕ ਸਰਕਾਰ ਦੀ ਨੀਤੀ ਅਤੇ ਨੀਅਤ ਦੋਵਾਂ 'ਤੇ ਸਵਾਲ ਖੜ੍ਹੇ ਕਰਦੇ ਹਨ।

# ਗ੍ਰੇਟ ਨਿਕੋਬਾਰ ਮਾਮਲੇ 'ਚ ਜੰਗਲਾਤ ਅਧਿਕਾਰ ਕਾਨੂੰਨ ਦੀ ਪੂਰੀ ਤਰ੍ਹਾਂ ਹੋਵੇ ਪਾਲਣਾ : ਜੈਰਾਮ ਰਮੇਸ਼

ਕੌਮੀ ਪਤ੍ਰਿਕਾ
**ਤੇਜਿੰਦਰ ਕੌਰ ਬੱਬਰ**

ਨਵੀਂ ਦਿੱਲੀ 13 ਮਈ। ਕਾਂਗਰਸ ਦੇ ਜਨਰਲ ਸਕੱਤਰ ਜੈਰਾਮ ਰਮੇਸ਼ ਨੇ ਬੁੱਧਵਾਰ ਨੂੰ ਕੇਂਦਰੀ ਜਨਜਾਤੀ ਮਾਮਲਿਆਂ ਦੇ ਮੰਤਰੀ ਜੁਆਲ ਓਰਾਮ ਨੂੰ ਪੱਤਰ ਲਿਖ ਕੇ ਗ੍ਰੇਟ ਨਿਕੋਬਾਰ ਪ੍ਰਾਜੈਕਟ 'ਚ ਜੰਗਲਾਤ ਅਧਿਕਾਰ ਕਾਨੂੰਨ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਉਣ ਦੀ ਅਪੀਲ ਕੀਤੀ। ਸਾਬਕਾ ਵਾਤਾਵਰਣ ਮੰਤਰੀ ਨੇ ਇਹ ਵੀ ਦਾਅਵਾ ਕੀਤਾ ਕਿ ਕੇਂਦਰ ਸਰਕਾਰ ਦਾ ਇਹ ਦਾਅਵਾ ਝੂਠ ਹੈ ਕਿ ਆਦਿਵਾਸੀ ਭਾਈਚਾਰਿਆਂ ਦੀ ਸੁਰੱਖਿਆ ਲਈ ਸਾਰੀਆਂ ਕਾਨੂੰਨੀ ਪ੍ਰਕਿਰਿਆਵਾਂ ਅਤੇ ਨੀਤੀਗਤ ਸੁਰੱਖਿਆ ਉਪਾਵਾਂ ਦੀ ਪਾਲਣਾ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜਨਜਾਤੀ ਕਾਰਜ ਮੰਤਰਾਲਾ ਦੇ ਆਦਿਵਾਸੀਆਂ ਦੇ ਅਧਿਕਾਰਾਂ ਅਤੇ ਜੰਗਲਾਤ ਅਧਿਕਾਰ ਕਾਨੂੰਨ ਦੇ ਅਧੀਨ ਉੱਚਿਤ ਪ੍ਰਕਿਰਿਆਵਾਂ ਦੀ ਉਲੰਘਣਾ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਅਤੇ ਜ਼ਰੂਰੀ ਕਾਰਵਾਈ ਕਰਨੀ ਚਾਹੀਦੀ ਹੈ। ਰਮੇਸ਼ ਨੇ ਪੱਤਰ 'ਚ ਕਿਹਾ,"ਇਕ ਮਈ, 2026 ਨੂੰ ਕੇਂਦਰ ਸਰਕਾਰ ਵਲੋਂ ਜਾਰੀ 'ਦਿ ਗ੍ਰੇਟ ਨਿਕੋਬਾਰ ਪ੍ਰਾਜੈਕਟ:



ਐੱਫਏਕਿਊ' 'ਚ ਕਿਹਾ ਗਿਆ ਹੈ ਕਿ ਗ੍ਰੇਟ ਨਿਕੋਬਾਰ ਆਈਲੈਂਡ ਪ੍ਰਾਜੈਕਟ 'ਚ ਆਦਿਵਾਸੀ ਭਾਈਚਾਰਿਆਂ ਦੀ ਸੁਰੱਖਿਆ ਲਈ ਸਾਰੀਆਂ ਕਾਨੂੰਨੀ ਪ੍ਰਕਿਰਿਆਵਾਂ ਅਤੇ ਨੀਤੀਗਤ ਸੁਰੱਖਿਆ ਉਪਾਵਾਂ ਦੀ ਪਾਲਣਾ ਕੀਤੀ ਗਈ ਹੈ। ਜਾਰਵਾ ਨੀਤੀ, 2004 ਅਤੇ ਸ਼ੈਮਪੇਨ ਨੀਤੀ ਦੇ ਅਨੁਸਾਰ, ਭਾਰਤੀ ਮਨੁੱਖੀ ਵਿਗਿਆਨ ਸਰਵੇਖਣ, ਜਨਜਾਤੀ ਕਾਰਜ ਮੰਤਰਾਲਾ ਅਤੇ ਹੋਰ ਹਿੱਤਧਾਰਕਾਂ ਸਮੇਤ ਸਮਰੱਥ ਅਧਿਕਾਰੀਆਂ ਅਤੇ ਡੋਮੇਨ ਮਾਹਿਰਾਂ ਨਾਲ ਜ਼ਰੂਰੀ ਸਲਾਹ-ਮਸ਼ਵਰਾ ਕੀਤਾ ਗਿਆ ਸੀ।" ਉਨ੍ਹਾਂ ਦਾਅਵਾ ਕੀਤਾ ਕਿ ਇਹ ਸਭ ਪੂਰੀ ਤਰ੍ਹਾਂ ਝੂਠ ਹੈ। ਉਨ੍ਹਾਂ ਕਿਹਾ,"ਜੰਗਲਾਤ ਅਧਿਕਾਰ ਐਕਟ, 2006 ਨੂੰ ਲਾਗੂ ਕਰਨ ਲਈ ਨੋਡਲ ਏਜੰਸੀ ਦੇ ਰੂਪ 'ਚ ਜਨਜਾਤੀ ਕਾਰਜ ਮੰਤਰਾਲਾ ਨੂੰ ਗ੍ਰੇਟ ਨਿਕੋਬਾਰ ਆਈਲੈਂਡ ਪ੍ਰਾਜੈਕਟ ਦੇ ਮਾਮਲੇ 'ਚ ਜਨਜਾਤੀ ਭਾਈਚਾਰਿਆਂ ਦੇ ਅਧਿਕਾਰਾਂ ਅਤੇ ਇਸ ਇਤਿਹਾਸਕ ਕਾਨੂੰਨ ਦੇ ਅਧੀਨ ਉੱਚਿਤ ਪ੍ਰਕਿਰਿਆਵਾਂ ਦੀ ਉਲੰਘਣਾ ਨੂੰ ਗੰਭੀਰਤਾ ਨਾਲ ਲੈਣਾ ਚਾਹੀਦਾ ਅਤੇ ਤੁਰੰਤ ਭਰੋਸੇਯੋਗ ਸੁਧਾਰਾਤਮਕ ਕਾਰਵਾਈ ਕਰਨੀ ਚਾਹੀਦੀ ਹੈ।"

# ਤਰਨਤਾਰਨ ਸ਼ਹਿਰ 'ਚ ਹੋ ਰਹੀਆਂ ਲੁੱਟਾਂ-ਖੋਹਾਂ ਅਤੇ ਚੋਰੀ ਦੀਆਂ ਵਾਰਦਾਤਾਂ ਤੋਂ ਲੋਕ ਪ੍ਰੇਸ਼ਾਨਤਰਨਤਾਰਨ ਸ਼ਹਿਰ 'ਚ ਹੋ ਰਹੀਆਂ ਲੁੱਟਾਂ-ਖੋਹਾਂ ਅਤੇ ਚੋਰੀ ਦੀਆਂ ਵਾਰਦਾਤਾਂ ਤੋਂ ਲੋਕ ਪ੍ਰੇਸ਼ਾਨ

**ਕੌਮੀ ਪਤ੍ਰਿਕਾ**

ਤਰਨਤਾਰਨ 13 ਮਈ। ਸਥਾਨਕ ਸ਼ਹਿਰ ਦੇ ਵਿਚ ਹੋ ਰਹੀਆਂ ਲਗਾਤਾਰ ਚੋਰੀਆਂ, ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਰੁਕਣ ਦਾ ਨਾਮ ਨਹੀਂ ਲੈ ਰਹੀਆਂ ਹਨ। ਜਿਸ ਦੇ ਚੱਲਦਿਆਂ ਸ਼ਹਿਰ ਵਾਸੀ ਕਾਫੀ ਜ਼ਿਆਦਾ ਪ੍ਰੇਸ਼ਾਨ ਨਜ਼ਰ ਆ ਰਹੇ ਹਨ, ਜਿਨ੍ਹਾਂ ਦੀ ਜ਼ਿਲ੍ਹੇ ਦੇ ਐੱਸ.ਐੱਸ.ਪੀ ਪਾਸੋਂ ਮੰਗ ਹੈ ਕਿ ਇਨ੍ਹਾਂ ਵਾਰਦਾਤਾਂ ਤੋਂ ਉਨ੍ਹਾਂ ਨੂੰ ਨਿਜਾਤ ਦਿਵਾਈ ਜਾਵੇ। ਬੀਤੇ ਕੁਝ ਦਿਨ ਪਹਿਲਾਂ ਸ਼ਹਿਰ ਵਿਚੋਂ ਚੋਰੀ ਹੋਏ ਮੋਟਰਸਾਈਕਲਾਂ ਦੀ ਪੁਲਸ ਵੱਲੋਂ ਜਿੱਥੇ ਭਾਲ ਤੱਕ ਨਹੀਂ ਕੀਤੀ ਗਈ, ਉੱਥੇ ਹੀ ਕਰੀਬ ਇਕ ਮਹੀਨਾ ਪਹਿਲਾਂ ਨਿੱਜੀ ਟੀ.ਵੀ ਚੈਨਲ ਦੇ ਪੱਤਰਕਾਰ ਦੇ ਸ਼ਰੇਆਮ ਸ਼ਹਿਰ 'ਚੋਂ ਖੋਹੇ ਗਏ ਫੋਨ ਦੇ ਸਬੰਧੀ ਪੁਲਸ ਨੇ ਕੋਈ ਵੀ ਕਾਨੂੰਨੀ ਕਾਰਵਾਈ ਕਰਨੀ ਮੁਨਾਸਿਬ ਨਹੀਂ ਸਮਝੀ। ਜ਼ਿਕਰਯੋਗ ਹੈ ਕਿ ਸ਼ਹਿਰ ਵਿਚ ਹੋ ਰਹੀਆਂ ਅਜਿਹੀਆਂ ਵਾਰਦਾਤਾਂ ਨੇ ਲੋਕਾਂ ਦਾ ਘਰੋਂ ਬਾਹਰ ਨਿਕਲਣਾ ਮੁਸ਼ਕਿਲ ਕਰ ਦਿੱਤਾ ਹੈ। ਜਾਣਕਾਰੀ ਦਿੰਦੇ ਹੋਏ ਸਥਾਨਕ ਫਤਿਹਚੱਕ ਦੇ ਨਿਵਾਸੀ ਰਣਬੀਰ ਸਿੰਘ ਪੁੱਤਰ ਮੱਸਾ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਜਦੋਂ ਉਹ ਸ਼ਹਿਰ ਵਿਚ ਕਿਸੇ ਕੰਮ ਲਈ ਆਪਣੇ ਹੀਰੋ ਮੋਟਰਸਾਈਕਲ ਉੱਪਰ ਸਵਾਰ ਹੋ ਕੇ ਆਏ ਸਨ ਤਾਂ ਉਸ ਦਾ ਅੰਮ੍ਰਿਤਸਰ ਰੋਡ ਨਜ਼ਦੀਕ ਬੈਂਕ ਨੇੜਿਓਂ ਕਿਸੇ ਅਣਪਛਾਤੇ ਵਿਅਕਤੀ ਵੱਲੋਂ ਮੋਟਰਸਾਈਕਲ ਚੋਰੀ ਕਰ ਲਿਆ ਗਿਆ। ਜਿਸ ਸਬੰਧੀ ਥਾਣਾ ਸਿਟੀ ਤਰਨਤਾਰਨ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਗਈ ਪ੍ਰੰਤੂ ਕੋਈ ਵੀ ਸੁਣਵਾਈ ਨਹੀਂ ਹੋਈ।ਇਸੇ ਤਰ੍ਹਾਂ ਜਾਣਕਾਰੀ ਦਿੰਦੇ ਹੋਏ ਸੁਖਚੈਨ ਸਿੰਘ ਪੁੱਤਰ ਚਰਨ ਸਿੰਘ ਵਾਸੀ ਸਰਾਏ ਅਮਾਨਤ ਖਾਂ ਨੇ ਦੱਸਿਆ ਕਿ ਜਦੋਂ ਉਹ ਤਰਨਤਾਰਨ ਸ਼ਹਿਰ ਵਿਚ ਨਜ਼ਦੀਕ ਗੋਇੰਦਵਾਲ ਸਾਹਿਬ ਵਿਖੇ ਪੁੱਜੇ ਤਾਂ ਇਕ ਦੁਕਾਨ ਨਜ਼ਦੀਕ ਮੋਟਰਸਾਈਕਲ ਨੂੰ ਖੜ੍ਹਾ ਕਰ ਦਿੱਤਾ ਗਿਆ, ਜਿੱਥੋਂ ਅਣਪਛਾਤੇ ਵਿਅਕਤੀ ਨੇ ਉਸਦਾ ਮੋਟਰਸਾਈਕਲ ਚੋਰੀ ਕਰ ਲਿਆ। ਓਧਰ ਜਾਣਕਾਰੀ ਦਿੰਦੇ ਹੋਏ ਪੀ.ਟੀ.ਸੀ ਚੈਨਲ ਦੇ ਪੱਤਰਕਾਰ ਪਵਨ ਕੁਮਾਰ ਸ਼ਰਮਾ ਪੁੱਤਰ ਬਲਦੇਵ ਰਾਜ ਸ਼ਰਮਾ ਵਾਸੀ ਫਤਿਆਬਾਦ ਨੇ ਦੱਸਿਆ ਕਿ ਬੀਤੀ 27 ਮਾਰਚ ਨੂੰ ਸਵੇਰੇ ਕਰੀਬ 10 ਵਜੇ ਜਦੋਂ ਉਹ ਬੱਸ ਅੱਡੇ ਤੋਂ ਥੋੜ੍ਹੀ ਚੌਕ ਨੂੰ ਆ ਰਹੇ ਸਨ ਤਾਂ ਸ੍ਰੀ ਗੁਰੂ ਹਰਿਕ੍ਰਿਸ਼ਨ ਸਕੂਲ ਦੇ ਨਜ਼ਦੀਕ ਕਾਲੇ ਰੰਗ ਦੇ ਮੋਟਰਸਾਈਕਲ ਸਵਾਰ ਦੋ ਵਿਅਕਤੀਆਂ ਵੱਲੋਂ ਉਨ੍ਹਾਂ ਦਾ ਮੋਬਾਈਲ ਫੋਨ ਖੋਹ ਲਿਆ ਗਿਆ, ਜੋ ਵਾਰਦਾਤ




ਨੂੰ ਅੰਜਾਮ ਦੇਣ ਤੋਂ ਬਾਅਦ ਆਰਾਮ ਨਾਲ ਮੌਕੇ ਤੋਂ ਫਰਾਰ ਹੋ ਗਏ। ਪਵਨ ਸ਼ਰਮਾ ਨੇ ਦੱਸਿਆ ਕਿ ਇਸ ਵਾਰਦਾਤ ਦੀ ਸੂਚਨਾ ਉਨ੍ਹਾਂ ਵੱਲੋਂ ਤੁਰੰਤ ਥਾਣਾ ਸਿਟੀ ਤਰਨਤਾਰਨ ਪੁਲਸ ਨੂੰ ਲਿਖਤੀ ਰੂਪ ਵਿਚ ਦੇ ਦਿੱਤੀ ਗਈ ਸੀ ਪ੍ਰੰਤੂ ਇਕ ਮਹੀਨਾ ਬੀਤਣ ਦੇ ਬਾਵਜੂਦ ਵੀ ਪੁਲਸ ਵੱਲੋਂ ਨਾ ਤਾਂ ਪਰਚਾ ਦਰਜ ਕੀਤਾ ਗਿਆ ਅਤੇ ਨਾ ਹੀ ਮੁਲਜ਼ਮਾਂ ਦੀ ਭਾਲ ਸਬੰਧੀ ਕੋਈ ਕਾਰਵਾਈ ਅਮਲ ਵਿਚ ਲਿਆਂਦੀ ਗਈ। ਪਵਨ ਸ਼ਰਮਾ ਨੇ ਦੱਸਿਆ ਕਿ ਸ਼ਹਿਰ ਵਿਚ ਰੋਜ਼ਾਨਾ ਗੁੰਡਾਗਰਦੀ ਦਾ ਨੰਗਾ ਨਾਚ ਹੁੰਦਾ ਹੈ ਅਤੇ ਲੋਕਾਂ ਦੇ ਮੋਬਾਈਲ ਫੋਨ ਖੋਹੇ ਜਾ ਰਹੇ ਹਨ, ਜਿਸ ਤੋਂ ਪੁਲਸ ਪ੍ਰਸ਼ਾਸਨ ਦੀ ਕਾਰਗੁਜ਼ਾਰੀ ਸਾਫ ਤੌਰ ਉੱਪਰ ਵੇਖਣ ਨੂੰ ਮਿਲ ਰਹੀ ਹੈ। ਪਵਨ ਸ਼ਰਮਾ ਨੇ ਦੱਸਿਆ ਕਿ ਲੁੱਟਾਂ-ਖੋਹਾਂ ਦੀਆਂ ਵਾਰਦਾਤਾਂ ਨੂੰ ਰੋਕਣ ਵਿਚ ਪੁਲਸ ਦੀ ਕਾਰਵਾਈ ਢਿੱਲੀ ਨਜ਼ਰ ਆ ਰਹੀ ਹੈ, ਜਿਸ ਦਾ ਖਮਿਆਜ਼ਾ ਆਮ ਲੋਕਾਂ ਨੂੰ ਭੁਗਤਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਦੇ ਮੁਖੀ ਨਵਦੀਪ ਭੱਟੀ ਨੇ ਦੱਸਿਆ ਕਿ ਪੁਲਸ ਗਸ਼ਤ ਨੂੰ ਹੋਰ ਤੇਜ਼ ਕੀਤਾ ਜਾ ਰਿਹਾ ਹੈ ਅਤੇ ਪੱਤਰਕਾਰ ਪਵਨ ਸ਼ਰਮਾ ਦੇ ਖੋਹੇ ਗਏ ਫੋਨ ਸਬੰਧੀ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾ ਰਹੀ ਹੈ।

## ਰੇਲਗੱਡੀ ਦੀ ਲਪੇਟ 'ਚ ਆਉਣ ਕਾਰਨ ਨੌਜਵਾਨ ਦੀ ਮੌਤ, ਲਾਸ਼ ਬਰਾਮਦ

ਮੋਹਾਲੀ 13 ਮਈ। ਜਗਤਪੁਰਾ ਦੇ ਨਜ਼ਦੀਕ ਪੈਂਦੇ ਰੇਲਵੇ ਟਰੈਕ 'ਤੇ ਰੇਲਗੱਡੀ ਦੀ ਲਪੇਟ 'ਚ ਆਉਣ ਕਾਰਨ ਨੌਜਵਾਨ ਦੀ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਸ਼ਿਵਮ (20) ਵਾਸੀ ਜ਼ੀਰਕਪੁਰ ਵਜੋਂ ਹੋਈ ਹੈ। ਸ਼ਿਵਮ ਇਕ ਫੂਡ ਡਲੀਵਰੀ ਕੰਪਨੀ 'ਚ ਕੰਮ ਕਰਦਾ ਦੱਸਿਆ ਜਾ ਰਿਹਾ ਹੈ। ਸੂਚਨਾ ਮਿਲਦੇ ਹੀ ਰੇਲਵੇ ਪੁਲਸ ਤੁਰੰਤ ਮੌਕੇ 'ਤੇ ਪਹੁੰਚੀ ਤੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਜਾਂਚ ਸ਼ੁਰੂ ਕਰ ਦਿੱਤੀ। ਮੁੱਢਲੀ ਜਾਂਚ 'ਚ ਸਾਹਮਣੇ ਆਇਆ ਕਿ ਰੇਲ ਹਾਦਸਾ ਹੈ, ਜਦੋਂ ਕਿ ਪਰਿਵਾਰ ਨੇ ਸ਼ਿਵਮ ਦੀ ਮੌਤ 'ਤੇ ਸ਼ੱਕ ਜ਼ਾਹਰ ਕਰਦਿਆਂ ਉਸ ਦਾ ਕਤਲ ਕਰਨ ਦੀ ਗੱਲ ਕਹੀ ਹੈ। ਮ੍ਰਿਤਕ ਦੇ ਪਿਤਾ ਰੋਹਨ ਨੇ ਦੋਸ਼ ਲਗਾਇਆ ਹੈ ਕਿ ਸ਼ਿਵਮ ਇਕ ਕੁੜੀ ਦੇ ਸੰਪਰਕ 'ਚ ਸੀ ਅਤੇ ਉਸ ਨੂੰ ਮਿਲਣ ਲਈ ਜਗਤਪੁਰਾ ਵਿਖੇ ਆਇਆ ਹੋਇਆ ਸੀ। ਪਰਿਵਾਰ ਨੇ ਗੱਲ ਦਾ ਵੀ ਦੋਸ਼ ਲਗਾਇਆ ਹੈ ਕਿ ਕੁੜੀ ਨੇ ਇਕ ਸਾਜ਼ਿਸ਼ ਤਹਿਤ ਸ਼ਿਵਮ ਦਾ ਕਤਲ ਕਰਵਾਇਆ ਹੈ। ਪੁਲਸ ਵੱਲੋਂ ਲਾਸ਼ ਨੂੰ ਪੋਸਟਮਾਰਟਮ ਲਈ ਸਿਵਲ ਹਸਪਤਾਲ ਦੀ ਮੋਰਚਰੀ 'ਚ ਰਖਵਾਇਆ ਗਿਆ ਹੈ। ਪੁਲਸ ਦਾ ਕਹਿਣਾ ਹੈ ਕਿ ਮਾਮਲੇ ਦੀ ਸਾਰੇ ਪਹਿਲੂਆਂ ਤੋਂ ਜਾਂਚ ਕੀਤੀ ਜਾ ਰਹੀ ਹੈ, ਆਸ-ਪਾਸ ਦੇ ਲੋਕਾਂ ਕੋਲੋਂ ਵੀ ਪੁੱਛਗਿੱਛ ਕੀਤੀ ਜਾ ਰਹੀ ਹੈ।

# ਪਾਵਰਕਾਮ ਦਾ ਵੱਡਾ ਐਕਸ਼ਨ: ਬਿਜਲੀ ਚੋਰੀ ਕਰਦੇ ਫੜੇ ਗਏ ਸਾਬਕਾ ਕੌਂਸਲਰ, ਬਿੱਲ ਨਾ ਦੇਣ 'ਤੇ ਕੱਟਿਆ ਸੀ ਕਨੈਕਸ਼ਨ

**ਕੌਮੀ ਪਤ੍ਰਿਕਾ**

ਹੁਸ਼ਿਆਰਪੁਰ 13 ਮਈ। ਪਾਵਰਕਾਮ ਉੱਚ ਅਧਿਕਾਰੀਆਂ ਦੇ ਨਿਰਦੇਸ਼ਾਂ 'ਤੇ ਬਿਜਲੀ ਦੇ ਬਿੱਲ ਦਾ ਭੁਗਤਾਨ ਨਾ ਕਰਨ ਵਾਲਿਆਂ ਅਤੇ ਬਿਜਲੀ ਚੋਰੀ ਕਰਨ ਵਾਲਿਆਂ 'ਤੇ ਕੜਾ ਸ਼ਿਕੰਜਾ ਕੱਸਿਆ ਜਾ ਰਿਹਾ ਹੈ। ਇਸ ਤਹਿਤ ਵਿਭਾਗ ਦੀਆਂ ਟੀਮਾਂ ਲਗਾਤਾਰ ਚੈਕਿੰਗ ਮੁਹਿੰਮ ਚਲਾ ਰਹੀਆਂ ਹਨ ਅਤੇ ਡਿਫਾਲਟ ਅਮਾਊਂਟ ਦੀ ਰਿਕਵਰੀ ਅਤੇ ਬਿਜਲੀ ਚੋਰੀ 'ਤੇ ਲਗਾਮ ਲਗਾਉਣ ਲਈ ਕਾਰਜਸ਼ੀਲ ਹਨ। ਇਸੇ ਲੜੀ ਤਹਿਤ ਸ਼ਹਿਰ ਦੇ ਗੜ੍ਹੀ ਗੇਟ ਮੁਹੱਲੇ 'ਚ ਸਥਿਤ ਇਕ ਘਰ ਦੇ ਮਾਲਕ, ਜੋ ਕਿ ਸਾਬਕਾ ਕੌਂਸਲਰ ਅਨਮੋਲ ਜੈਨ ਦਾ ਘਰ ਹੈ। ਉਨ੍ਹਾਂ ਦੁਆਰਾ ਬਿਜਲੀ ਦੇ ਬਿੱਲ ਦੀ ਅਦਾਇਗੀ ਨਾ ਕੀਤੇ ਜਾਣ 'ਤੇ ਉਸ ਦਾ ਮੀਟਰ ਕੱਟ ਦਿੱਤਾ ਗਿਆ ਸੀ ਪਰ ਉਕਤ ਵਿਅਕਤੀ ਵੱਲੋਂ ਬਿਜਲੀ ਦਾ ਬਿੱਲ ਜਮ੍ਹਾ ਕਰਵਾ ਕੇ ਮੀਟਰ ਬਹਾਲ ਕਰਵਾਉਣ ਦੀ ਬਜਾਏ ਬਿਜਲੀ ਦੀ ਕੁੰਡੀ ਪਾ ਲਈ ਸੀ। ਇਸ ਦੀ ਜਾਣਕਾਰੀ ਵਿਭਾਗ ਨੂੰ ਮਿਲਣ 'ਤੇ ਵਿਭਾਗ ਦੀ ਟੀਮ ਨੇ ਮੌਕੇ 'ਤੇ ਪਹੁੰਚ ਕੇ ਕੁੰਡੀ ਨੂੰ ਕੱਟਿਆ ਅਤੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਇਸ ਸਬੰਧ 'ਚ ਵਿਭਾਗ ਦੇ ਐੱਸ. ਡੀ. ਓ. ਵਿਕਰਾਂਤ ਜੋਸ਼ੀ ਨੇ ਦੱਸਿਆ ਕਿ ਪੰਜਾਬ ਸਰਕਾਰ ਅਤੇ ਪਾਵਰਕਾਮ ਅਧਿਕਾਰੀਆਂ ਦੇ ਇਸ ਸਬੰਧੀ ਸਖ਼ਤ ਨਿਰਦੇਸ਼ ਹਨ ਕਿ ਡਿਫਾਲਟਰਾਂ ਅਤੇ ਬਿਜਲੀ ਚੋਰੀ ਕਰਨ



ਵਾਲਿਆਂ ਨੂੰ ਕਿਸੇ ਵੀ ਸੂਰਤ 'ਚ ਬਖਸ਼ਿਆ ਨਾ ਜਾਵੇ। ਇਸ ਦੇ ਚਲਦਿਆਂ ਆਗਾਮੀ ਦਿਨਾਂ 'ਚ ਵੀ ਚੈਕਿੰਗ ਜਾਰੀ ਰੱਖੀ ਜਾਵੇਗੀ। ਉਨ੍ਹਾਂ ਦੱਸਿਆ ਕਿ ਉਕਤ ਮਾਮਲੇ ਦੀ ਰਿਪੋਰਟ ਬਣਾ ਕੇ ਉੱਚ ਅਧਿਕਾਰੀਆਂ ਨੂੰ ਭੇਜੀ ਜਾਵੇਗੀ, ਤਾਂ ਜੋ ਅਗਲੀ ਕਾਨੂੰਨੀ ਅਤੇ ਵਿਭਾਗੀ ਕਾਰਵਾਈ ਨੂੰ ਅਮਲ 'ਚ ਲਿਆਂਦਾ ਜਾ ਸਕੇ।

## ਜ਼ਮੀਨ ਦੇ ਪੈਸਿਆਂ ਨੂੰ ਲੈ ਕੇ ਕਲਯੁੱਗੀ ਪੁੱਤ ਨੇ ਪਿਓ ਦਾ ਗੋਲੀਆਂ ਮਾਰ ਕੀਤਾ ਕਤਲ

ਮੇਰਠ 13 ਮਈ। ਉੱਤਰ ਪ੍ਰਦੇਸ਼ ਦੇ ਮੇਰਠ ਜ਼ਿਲ੍ਹੇ ਦੇ ਜਾਨੀ ਥਾਣਾ ਖੇਤਰ 'ਚ ਪਰਿਵਾਰਕ ਵਿਵਾਦ ਕਾਰਨ ਇਕ ਵਿਅਕਤੀ ਨੇ ਆਪਣੇ ਪਿਤਾ ਦਾ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਪੁਲਸ ਨੇ ਸ਼ਨੀਵਾਰ ਨੂੰ ਦੱਸਿਆ ਕਿ ਘਟਨਾ ਦੇ 24 ਘੰਟਿਆਂ ਅੰਦਰ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਪੁਲਸ ਅਨੁਸਾਰ, ਇਹ ਘਟਨਾ 30 ਅਪ੍ਰੈਲ ਦੀ ਹੈ, ਜਦੋਂ ਰਸੂਲਪੁਰ ਧੌਲੜੀ ਪਿੰਡ ਵਾਸੀ ਰਿਆਜ਼ (54) ਨੇ ਆਪਣੇ ਪਿਤਾ ਏਜਾਜ਼ (72) ਨੂੰ ਲਾਇਸੈਂਸੀ ਪਿਸਤੌਲ ਨਾਲ ਤਿੰਨ ਗੋਲੀਆਂ ਮਾਰ ਦਿੱਤੀਆਂ, ਜਿਸ ਨਾਲ ਉਨ੍ਹਾਂ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸ਼ੁਰੂਆਤੀ ਜਾਂਚ 'ਚ ਸਾਹਮਣੇ ਆਇਆ ਹੈ ਕਿ



ਰਿਆਜ਼ ਦੇ ਪਿਤਾ ਨੇ ਕਰੀਬ 4.5 ਵੀਘਾ ਜ਼ਮੀਨ ਵੇਚ ਕੇ ਧਨ ਰਾਸ਼ੀ ਆਪਣੇ ਖਾਤੇ 'ਚ ਜਮ?ਹਾ ਕੀਤੀ ਸੀ, ਜਿਸ ਨੂੰ ਲੈ ਕੇ ਦੋਵਾਂ ਵਿਚਾਲੇ ਵਿਵਾਦ ਸੀ। ਦੋਸ਼ੀ ਆਪਣੇ ਹਿੱਸੇ ਦੀ ਮੰਗ ਕਰ ਰਿਹਾ ਸੀ ਅਤੇ ਇਸੇ ਵਿਵਾਦ ਕਾਰਨ ਉਸ ਨੇ ਘਟਨਾ ਨੂੰ ਅੰਜਾਮ ਦਿੱਤਾ। ਪੁਲਸ ਨੇ ਦੱਸਿਆ ਕਿ ਘਟਨਾ ਤੋਂ ਬਾਅਦ ਦੋਸ਼ੀ ਫਰਾਰ ਹੋ ਗਿਆ ਸੀ। ਇਸ ਸੰਬੰਧ 'ਚ ਜਾਨੀ ਥਾਣੇ 'ਚ ਮਾਮਲਾ ਦਰਜ ਕੀਤਾ ਗਿਆ ਸੀ। ਪੁਲਸ ਨੇ ਟੀਮ ਨੇ ਧੌਲੜੀ ਬੰਬਾ ਨੇੜੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ। ਉਸ ਦੇ ਕਬਜ਼ੇ ਤੋਂ ਕਤਲ 'ਚ ਇਸਤੇਮਾਲ 32 ਬੋਰ ਦਾ ਲਾਇਸੈਂਸ ਪਿਸਤੌਲ, 2 ਕਾਰਤੂਸ ਅਤੇ ਘਟਨਾ 'ਚ ਇਸਤੇਮਾਲ ਕਾਰ ਬਰਾਮਦ ਕੀਤੀ ਹੈ। ਪੁਲਸ ਅਨੁਸਾਰ, ਦੋਸ਼ੀ ਨੂੰ ਸਥਾਨਕ ਅਦਾਲਤ 'ਚ ਪੇਸ਼ ਕਰ ਕੇ ਮਾਮਲੇ 'ਚ ਅੱਗੇ ਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ।

## ਮਾਤਾ ਨੈਣਾ ਦੇਵੀ ਜਾ ਰਹੇ ਮੁੰਡੇ-ਕੁੜੀ ਨਾਲ ਭਿਆਨਕ ਹਾਦਸਾ, 200 ਮੀਟਰ ਤੱਕ ਘੜੀਸਦਾ ਲੈ ਗਿਆ ਟੱਰਕ

ਰੂਪਨਗਰ 13 ਮਈ। ਪਿੰਡ ਖੁਵਾਸਪੁਰਾ ਦੇ ਨੇੜੇ ਚੰਡੀਗੜ੍ਹ-ਮਨਾਲੀ ਨੈਸ਼ਨਲ ਹਾਈਵੇਅ 'ਤੇ ਇਕ ਟਰੱਕ ਟਰਾਲਾ ਨੰਬਰ ਅਤੇ ਮੋਟਰ ਸਾਈਕਲ ਨੰਬਰ PB BCZ 1486 ਦੀ ਭਿਆਨਕ ਟੱਕਰ 'ਚ ਨੌਜਵਾਨ ਲੜਕੇ ਦੀ ਮੌਤ ਹੋ ਗਈ ਜਦਕਿ ਉਸ ਦੇ ਮੋਟਰਸਾਈਕਲ ਪਿੱਛੇ ਬੈਠੀ ਕੁੜੀ ਜ਼ਖ਼ਮੀ ਹੋ ਗਈ। ਮਿਲੀ ਜਾਣਕਾਰੀ ਅਨੁਸਾਰ ਟਰੱਕ ਟਰਾਲਾ ਮੋਟਰਸਾਈਕਲ ਸਵਾਰ ਲੜਕੇ ਨੂੰ 200 ਮੀਟਰ ਤੱਕ ਘੜੀਸਦਾ ਹੋਇਆ ਲੈ ਗਿਆ ਅਤੇ ਲੜਕੇ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੌਕੇ 'ਤੇ ਪਹੁੰਚੀ ਸੜਕ ਸੁਰੱਖਿਆ ਫੋਰਸ ਦੀ




ਟੀਮ ਨੇ ਲੜਕੇ ਦੀ ਲਾਸ਼ ਅਤੇ ਜ਼ਖ਼ਮੀ ਲੜਕੀ ਨੂੰ ਸਿਵਲ ਹਸਪਤਾਲ ਰੂਪਨਗਰ 'ਚ ਪਹੁੰਚਾਇਆ। ਪ੍ਰਾਪਤ ਜਾਣਕਾਰੀ ਮੁਤਾਬਕ ਲੜਕੇ ਦੀ ਪਛਾਣ ਹਰਿੰਦਰ ਸਿੰਘ ਪੁੱਤਰ ਵਰਿੰਦਰ ਸਿੰਘ ਵਾਸੀ ਬਨੋ ਮਾਜਰਾ ਸਰਹੰਦ ਵਜੋਂ ਹੋਈ ਹੈ ਜਦਕਿ ਲੜਕੀ ਦੀ ਪਛਾਣ ਰੇਖਾ ਪੁੱਤਰੀ ਭਵਾਨੀ ਦਾਸ ਵਾਸੀ ਚੰਡੀਗੜ੍ਹ ਵਜੋਂ ਹੋਈ ਹੈ। ਮ੍ਰਿਤਕ ਦੇ ਸਾਥੀ ਜੋ ਉਸ ਨਾਲ ਹੋਰ ਮੋਟਰਸਾਈਕਲਾਂ 'ਤੇ ਸਵਾਰ ਹੋ ਕੇ ਸਰਹੰਦ ਤੋਂ ਅੱਜ ਸਵੇਰੇ ਨੈਣਾ ਦੇਵੀ ਮੱਥਾ ਟੇਕਣ ਲਈ ਜਾ ਰਹੇ ਸਨ ਜਦੋਂ ਉਹ ਪਿੰਡ ਖੁਆਸਪੁਰਾ ਦੇ ਨਜ਼ਦੀਕ ਪਹੁੰਚੇ ਤਾਂ ਮੋਟਰਸਾਈਕਲ ਅਤੇ ਟਰਾਲੇ ਦੀ ਟੱਕਰ ਦੌਰਾਨ ਟਰਾਲਾ ਹਰਿੰਦਰ ਸਿੰਘ ਨੂੰ 200 ਮੀਟਰ ਤੱਕ ਘੜੀਸ ਕੇ ਲੈ ਗਿਆ ਅਤੇ ਲੜਕੇ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮੌਕੇ 'ਤੇ ਪਹੁੰਚੇ ਐੱਸ. ਆਈ. ਧਰਮਪਾਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਨ੍ਹਾਂ ਨੂੰ ਇਹ ਇਤਲਾਹ ਮਿਲੀ ਸੀ ਕਿ ਪਿੰਡ ਖੁਆਸਪੁਰਾ ਨੇੜੇ ਐਕਸੀਡੈਂਟ ਹੋਇਆ ਹੈ, ਜਿਸ ਵਿੱਚ ਇਕ ਨੌਜਵਾਨ ਦੀ ਮੌਤ ਹੋ ਗਈ ਹੈ ਅਤੇ ਉਸ ਦੀ ਸਾਥੀ ਲੜਕੀ ਜ਼ਖ਼ਮੀ ਹੋਈ ਹੈ, ਜਿਸ ਨੂੰ ਤੁਰੰਤ ਹਸਪਤਾਲ ਵਿਖੇ ਲਿਆਂਦਾ ਗਿਆ ਹੈ ਅਤੇ ਪਰਿਵਾਰਿਕ ਮੈਂਬਰਾਂ ਦੇ ਬਿਆਨਾਂ ਦੇ ਆਧਾਰ 'ਤੇ ਕਾਰਵਾਈ ਅਮਲ 'ਚ ਲਿਆਂਦੀ ਜਾ ਰਹੀ ਹੈ।

## ਪ੍ਰੇਮ ਸਬੰਧਾਂ ਕਾਰਨ ਨੌਜਵਾਨ ਦਾ ਬੇਰਹਿਮੀ ਨਾਲ ਕਤਲ ! ਸਮਰਾਲਾ ਪੁਲਸ ਨੇ ਸੁਲਝਾਈ ਅੰਨ੍ਹੇ ਕਤਲ ਦੀ ਗੁੱਥੀ

ਸਮਰਾਲਾ 13 ਮਈ। ਪੁਲਸ ਜ਼ਿਲ੍ਹਾ ਖੰਨਾ ਦੇ ਅਧੀਨ ਪੈਂਦੇ ਸਮਰਾਲਾ 'ਚ ਪੁਲਸ ਨੇ ਇੱਕ ਅੰਨ੍ਹੇ ਕਤਲ ਦੀ ਗੁੱਥੀ ਨੂੰ ਸੁਲਝਾਉਣ ਦਾ ਦਾਅਵਾ ਕੀਤਾ ਹੈ। ਇਸ ਕਤਲ ਦੀ ਵਜ?ਹਾ ਪ੍ਰੇਮ ਸਬੰਧ ਦੱਸੇ ਜਾ ਰਹੇ ਹਨ। ਇਸ ਸਬੰਧੀ ਜਾਣਕਾਰੀ ਖੰਨਾ ਦੇ ਐੱਸ.ਪੀ (ਡੀ) ਪਵਨਜੀਤ ਚੌਧਰੀ ਨੇ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਸਾਂਝੀ ਕੀਤੀ। ਪੁਲਸ ਅਨੁਸਾਰ ਮ੍ਰਿਤਕ ਨੌਜਵਾਨ ਅਤੇ ਇੱਕ ਲੜਕੀ ਇਕੱਠੇ ਪੜ੍ਹਦੇ ਸਨ, ਜਿਸ ਦੌਰਾਨ ਉਨ੍ਹਾਂ ਵਿਚਕਾਰ ਪ੍ਰੇਮ ਸਬੰਧ ਬਣ ਗਏ। ਇਸ ਬਾਰੇ ਲੜਕੀ ਦੇ ਪਰਿਵਾਰ ਵਾਲਿਆਂ ਨੂੰ ਪਤਾ ਲੱਗ ਗਿਆ ਸੀ। ਘਟਨਾ ਵਾਲੀ ਰਾਤ ਜਦੋਂ ਲੜਕੀ ਆਪਣੇ ਬਿਸਤਰ 'ਤੇ ਨਹੀਂ ਸੀ, ਤਾਂ ਪਰਿਵਾਰ ਨੇ ਉਸ ਦੀ ਭਾਲ ਸ਼ੁਰੂ ਕੀਤੀ। ਜਦੋਂ ਪਰਿਵਾਰ ਨੂੰ ਪਤਾ ਲੱਗਾ ਕਿ ਲੜਕੀ ਕਿੱਥੇ ਹੈ ਤਾਂ ਉਨ੍ਹਾਂ ਨੇ ਉੱਥੇ ਮੌਜੂਦ ਲੜਕੇ ਦੀ ਬੇਰਹਿਮੀ ਨਾਲ ਕੁੱਟਮਾਰ ਕੀਤੀ, ਜਿਸ ਕਾਰਨ ਉਸ ਦੀ ਮੌਤ ਹੋ ਗਈ। ਐੱਸ.ਪੀ ਚੌਧਰੀ ਨੇ ਦੱਸਿਆ ਕਿ ਮ੍ਰਿਤਕ ਦੇ ਭਰਾ ਦੀ ਸ਼ਿਕਾਇਤ 'ਤੇ ਪੁਲਸ ਨੇ 5 ਲੋਕਾਂ ਦੇ ਖਿਲਾਫ ਮਾਮਲਾ ਦਰਜ ਕੀਤਾ ਹੈ। ਪੁਲਸ ਨੇ ਤੁਰੰਤ ਕਾਰਵਾਈ ਕਰਦਿਆਂ 3 ਮੁਲਜ਼ਮਾਂ ਨੂੰ ਗ੍ਰਿਫਤਾਰ ਕਰ ਲਿਆ ਹੈ, ਜਦਕਿ ਬਾਕੀ 2 ਮੁਲਜ਼ਮਾਂ ਦੀ ਭਾਲ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।

## ਸਕੂਲਾਂ 'ਚ ਸੰਸਕ੍ਰਿਤ ਪੜ੍ਹਨਾ ਲਾਜ਼ਮੀ, ਪੰਜਾਬੀ ਨੂੰ ਬਣਾਇਆ ਚੋਣਵਾਂ ਵਿਸ਼ਾ !

ਚੰਡੀਗੜ੍ਹ 13 ਮਈ। ਪੰਜਾਬ ਵਿਚ ਸਥਿਤ ਆਰਮੀ ਪਬਲਿਕ ਸਕੂਲਾਂ ਵੱਲੋਂ ਪੰਜਾਬੀ ਭਾਸ਼ਾ ਨੂੰ ਇਕ ਚੋਣਵੇਂ ਵਿਸ਼ੇ ਵਜੋਂ ਰੱਖਣ ਅਤੇ ਸੰਸਕ੍ਰਿਤ ਨੂੰ ਲਾਜ਼ਮੀ ਵਿਸ਼ਾ ਬਣਾਉਣ ਦੇ ਫੈਸਲੇ ਨੇ ਸੂਬੇ ਵਿਚ ਇਕ ਨਵਾਂ ਵਿਵਾਦ ਛੇੜ ਦਿੱਤਾ ਹੈ। ਸਕੂਲਾਂ ਵੱਲੋਂ ਮਾਪਿਆਂ ਨੂੰ ਕਿਹਾ ਗਿਆ ਹੈ ਕਿ ਜੇਕਰ ਉਹ ਆਪਣੇ ਬੱਚਿਆਂ ਨੂੰ ਪੰਜਾਬੀ ਪੜ੍ਹਾਉਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਇਕ ਸਹਿਮਤੀ ਪੱਤਰ ਭਰ ਕੇ ਦੇਣਾ ਹੋਵੇਗਾ ਕਿ ਉਹ ਪੰਜਾਬੀ ਨੂੰ ਇਕ 'ਵਾਧੂ ਵਿਸ਼ੇ' ਵਜੋਂ ਪੜ੍ਹਨਾ ਚਾਹੁੰਦੇ ਹਨ। ਸੈਸ਼ਨ 2026-27 ਲਈ ਸੰਸਕ੍ਰਿਤ ਨੂੰ ਲਾਜ਼ਮੀ ਕਰ ਦਿੱਤਾ ਗਿਆ ਹੈ। ਕੁਝ ਆਰਮੀ ਪਬਲਿਕ ਸਕੂਲਾਂ ਵਿਚ ਇਹ ਨਿਯਮ ਲਾਗੂ ਵੀ ਹੋ ਚੁੱਕਾ ਹੈ ਅਤੇ ਬਾਕੀ ਸਕੂਲਾਂ ਵਿਚ ਆਉਣ ਵਾਲੇ ਸਾਲ ਵਿੱਚ ਅਜਿਹਾ ਕੀਤੇ ਜਾਣ ਦੀ ਉਮੀਦ ਹੈ। ਪੰਜਾਬ ਦੀਆਂ ਕਈ ਸਿਆਸੀ ਅਤੇ ਸੱਭਿਆਚਾਰਕ ਜਥੇਬੰਦੀਆਂ ਨੇ ਇਸ ਕਦਮ ਨੂੰ 'ਪੰਜਾਬ ਲਰਨਿੰਗ ਆਫ ਪੰਜਾਬੀ ਐਂਡ ਅਦਰ ਲੈਂਗੂਏਜਿਜ਼ (ਸੋਧ) ਐਕਟ, 2008' ਦੀ ਉਲੰਘਣਾ ਦੱਸਿਆ ਹੈ। ਇਹ ਕਾਨੂੰਨ ਸੂਬੇ ਦੇ ਸਾਰੇ ਸਕੂਲਾਂ ਵਿਚ 10ਵੀਂ ਜਮਾਤ ਤੱਕ ਪੰਜਾਬੀ ਦੀ ਪੜ੍ਹਾਈ ਲਾਜ਼ਮੀ ਕਰਦਾ ਹੈ। 'ਪੰਜਾਬ ਚੇਤਨਾ ਮੰਚ' ਵੱਲੋਂ ਇਸ ਫ਼ੈਸਲੇ ਦਾ ਵਿਰੋਧ ਕੀਤਾ ਗਿਆ ਹੈ। ਉਨ੍ਹਾਂ ਦਾ ਤਰਕ ਹੈ ਕਿ ਇਹ ਫੈਸਲਾ ਰਾਸ਼ਟਰੀ ਸਿੱਖਿਆ ਨੀਤੀ ਅਤੇ ਨੈਸ਼ਨਲ ਕਰੀਕੁਲਮ ਫਰੇਮਵਰਕ ਦੇ ਉਲਟ ਹੈ, ਜੋ ਮਾਤ ਭਾਸ਼ਾ ਵਿੱਚ ਸਿੱਖਿਆ ਅਤੇ ਭਾਸ਼ਾਈ ਲਚਕਤਾ 'ਤੇ ਜ਼ੋਰ ਦਿੰਦੇ ਹਨ। ਉਨ੍ਹਾਂ ਵੱਲੋਂ ਇਸ ਮੁੱਦੇ ਨੂੰ ਲੈ ਕੇ ਮੁੱਖ ਮੰਤਰੀ ਭਗਵੰਤ ਮਾਨ, ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਅਤੇ ਸੀ.ਬੀ.ਐੱਸ.ਈ. ਨੂੰ ਪੱਤਰ ਲਿਖ ਕੇ ਸਪੱਸ਼ਟੀਕਰਨ ਦੀ ਮੰਗ ਕੀਤੀ ਗਈ ਹੈ। ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ ਨੇ ਵੀ ਰੱਖਿਆ ਮੰਤਰੀ ਰਾਜਨਾਥ ਸਿੰਘ ਨੂੰ ਅਪੀਲ ਕੀਤੀ ਹੈ ਕਿ ਪੰਜਾਬ ਦੇ ਆਰਮੀ ਸਕੂਲਾਂ ਵਿੱਚ ਪੰਜਾਬੀ ਨੂੰ ਲਾਜ਼ਮੀ ਵਿਸ਼ੇ ਵਜੋਂ ਬਰਕਰਾਰ ਰੱਖਿਆ ਜਾਵੇ।

# ਲੁਧਿਆਣਾ 'ਚ ਦਿਨ-ਦਿਹਾੜੇ ਘਰ 'ਚੋਂ ਹੋ ਗਈ ਚੋਰੀ

**ਕੌਮੀ ਪਤ੍ਰਿਕਾ**

ਲੁਧਿਆਣਾ 13 ਮਈ। ਚੋਰਾਂ ਦੇ ਹੌਸਲੇ ਇਸ ਕਦਰ ਬੁਲੰਦ ਹੋ ਚੁੱਕੇ ਹਨ ਕਿ ਹੁਣ ਦਿਨ-ਦਿਹਾੜੇ ਵੀ ਲੋਕਾਂ ਦੇ ਘਰ ਸੁਰੱਖਿਅਤ ਨਹੀਂ ਰਹੇ। ਤਾਜਾ ਮਾਮਲਾ ਥਾਣਾ ਸਦਰ ਦੇ ਅਧੀਨ ਆਉਂਦੇ ਧਾਂਦਰਾ ਰੋਡ ਸਥਿਤ ਗੋਲਡਨ ਸਿਟੀ-2 ਦਾ ਹੈ, ਜਿੱਥੇ ਸਾਤਰ ਚੋਰਾਂ ਨੇ ਇਕ ਬੰਦ ਮਕਾਨ ਨੂੰ ਆਪਣਾ ਨਿਸਾਨਾ ਬਣਾਇਆ ਅਤੇ ਉੱਥੋਂ ਕਰੀਬ 1 ਲੱਖ 38 ਹਜਾਰ ਰੁਪਏ ਦੀ ਨਕਦੀ ਸਮੇਤ ਭਾਰੀ ਮਾਤਰਾ ਵਿਚ ਸੋਨੇ ਅਤੇ ਚਾਂਦੀ ਦੇ ਗਹਿਣੇ ਉਡਾ ਲਏ। ਘਟਨਾ ਉਸ ਵੇਲੇ ਹੋਈ ਜਦੋਂ ਪੀੜਤ ਪਰਿਵਾਰ ਘਰ ਨੂੰ ਤਾਲਾ ਲਗਾ ਕੇ ਆਪਣੇ ਕੰਮ 'ਤੇ ਗਿਆ ਹੋਇਆ ਸੀ। ਪੁਲਸ ਨੇ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਪੀੜਤ ਦੀ ਸ਼ਿ?ਕਾਇਤ 'ਤੇ ਦੋ ਮੁਲਜਮਾਂ ਨੂੰ ਨਾਮਜਦ ਕਰ ਲਿਆ ਹੈ ਅਤੇ ਉਨ੍ਹਾਂ ਦੀ ਭਾਲ ਵਿਚ ਛਾਪੇਮਾਰੀ ਸੁਰੂ ਕਰ ਦਿੱਤੀ ਹੈ। ਪੁਲਸ ਨੂੰ ਦਿੱਤੀ ਸ਼ਿ?ਕਾਇਤ ਵਿਚ ਗੋਲਡਨ ਸਿਟੀ-2 ਦੇ ਨਿਵਾਸੀ ਕਮਲੇਸ ਨੇ ਦੱਸਿਆ ਕਿ ਬੀਤੇ 24 ਅਪ੍ਰੈਲ ਨੂੰ ਉਹ ਹਰ ਰੋਜ ਦੀ ਤਰ੍ਹਾਂ ਸਵੇਰੇ ਆਪਣੇ ਘਰ ਨੂੰ ਤਾਲਾ ਲਗਾ ਕੇ ਕੰਮ 'ਤੇ ਨਿਕਲ ਗਿਆ ਸੀ। ਘਰ ਵਿਚ ਉਸ ਵੇਲੇ ਕੋਈ ਮੌਜੂਦ ਨਹੀਂ ਸੀ। ਦੁਪਹਿਰ ਕਰੀਬ ਢਾਈ ਵਜੇ ਜਦੋਂ ਉਸ ਦੀ ਪਤਨੀ ਸੁਸਮਾ ਘਰ




ਪਰਤੀ ਤਾਂ ਉਸ ਦੇ ਪੈਰਾਂ ਹੇਠੋਂ ਜਮੀਨ ਖਿਸਕ ਗਈ। ਉਸ ਨੇ ਦੇਖਿਆ ਕਿ ਘਰ ਦੇ ਮੁੱਖ ਦਰਵਾਜੇ ਦਾ ਤਾਲਾ ਟੁੱਟਿਆ ਹੋਇਆ ਸੀ ਅਤੇ ਅੰਦਰ ਸਾਰਾ ਸਮਾਨ ਖਿੱਲਰਿਆ ਪਿਆ ਸੀ। ਸੋਰ ਮਚਾਉਣ 'ਤੇ ਜਦੋਂ ਆਸ-ਪਾਸ ਦੇ ਲੋਕ ਇਕੱਠੇ ਹੋਏ ਅਤੇ ਘਰ ਦੀ ਤਲਾਸੀ ਲਈ ਗਈ ਤਾਂ ਪਤਾ ਲੱਗਿਆ ਕਿ ਅਲਮਾਰੀ ਵਿਚ ਰੱਖੇ 1 ਲੱਖ 38 ਹਜਾਰ ਰੁਪਏ ਨਕਦ ਗਾਇਬ ਸਨ। ਇਸ ਤੋਂ ਇਲਾਵਾ ਚੋਰਾਂ ਨੇ 2 ਗ੍ਰਾਮ ਦਾ ਸੋਨੇ ਦਾ ਲੌਕਿਟ, 100 ਗ੍ਰਾਮ ਦੀ ਚਾਂਦੀ ਦੀ ਪਾਜੇਬ, ਸੋਨੇ ਦੇ ਟਾਪਸ, ਚਾਂਦੀ ਦਾ ਕਮਰਬੰਦ ਅਤੇ ਬੱਚਿਆਂ ਦੇ ਸੋਨੇ ਤੇ ਚਾਂਦੀ ਦੇ ਕਰੀਬ 6 ਲੌਕਿਟ 'ਤੇ ਹੱਥ ਸਾਫ ਕਰ ਦਿੱਤਾ ਸੀ। ਵਾਰਦਾਤ ਤੋਂ ਬਾਅਦ ਸਹਿਮੇ ਹੋਏ ਪਰਿਵਾਰ ਨੇ ਤੁਰੰਤ ਥਾਣਾ ਸਦਰ ਦੀ ਪੁਲਸ ਨੂੰ ਸੂਚਿਤ ਕੀਤਾ। ਪੀੜਤ ਪਰਿਵਾਰ ਨੇ ਆਪਣੇ ਪੱਧਰ 'ਤੇ ਵੀ ਪੜਤਾਲ ਕੀਤੀ, ਜਿਸ ਵਿਚ ਹਰਜਿੰਦਰ ਸਿੰਘ ਅਤੇ ਮਨਜੀਤ ਸਿੰਘ ਨਾਮਕ ਵਿਅਕਤੀਆਂ ਦੀ ਭੂਮਿਕਾ ਸੱਕੀ ਪਾਈ ਗਈ। ਪੁਲਸ ਨੇ ਕਮਲੇਸ ਦੇ ਬਿਆਨਾਂ ਦੇ ਆਧਾਰ 'ਤੇ ਡੂੰਘਾਈ ਨਾਲ ਜਾਂਚ ਕੀਤੀ ਅਤੇ ਪੁਖਤਾ ਸਬੂਤ ਮਿਲਣ ਤੋਂ ਬਾਅਦ 29 ਅਪ੍ਰੈਲ ਨੂੰ ਦੋਵਾਂ ਮੁਲਜਮਾਂ ਖਿ?ਲਾਫ ਕੇਸ ਦਰਜ ਕਰ ਲਿਆ ਹੈ।

# ਪੋਤੀ ਨਾਲ ਜਬਰ ਜ਼ਿਨਾਹ ਮਗਰੋਂ ਕਤਲ ਦੇ ਦੋਸ਼ 'ਚ ਦਾਦਾ ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਅਗਰਤਲਾ 13 ਮਈ। ਤ੍ਰਿਪੁਰਾ ਦੇ ਸਿਪਾਹੀਜਾਲਾ ਜ਼ਿਲ੍ਹੇ ਦੀ ਪੁਲਸ ਨੇ ਭਾਰਤ-ਬੰਗਲਾਦੇਸ਼ ਸਰਹੱਦ ਨੇੜੇ ਸੋਨਾਮੁਰਾ ਦੇ ਚੰਦਨਮੁਰਾ ਇਲਾਕੇ 'ਚ ਆਪਣੀ ਨਾਬਾਲਗ ਪੋਤੀ ਦੇ ਕਤਲ ਦੇ ਦੋਸ਼ 'ਚ ਇਕ 62 ਸਾਲਾ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁੱਛਗਿੱਛ ਦੌਰਾਨ, ਦੋਸ਼ੀ ਦਾਦੇ ਨੇ ਅਪਰਾਧ ਕਬੂਲ ਕੀਤਾ ਅਤੇ ਘਟਨਾਕ੍ਰਮ ਦਾ ਖੁਲਾਸਾ ਕੀਤਾ, ਜਿਸ ਤੋਂ ਬਾਅਦ ਪੁਲਸ ਮਾਮਲੇ ਦੀ ਵਿਸਤ੍ਰਿਤ ਜਾਂਚ 'ਚ ਜੁਟ ਗਈ ਹੈ। ਇਸ ਘਿਨਾਉਣੇ ਕੰਮ ਨੇ ਪਰਿਵਾਰਕ ਰਿਸ਼ਤਿਆਂ ਨੂੰ ਕਲੰਕਿਤ ਕਰ ਦਿੱਤਾ ਹੈ। ਦੋਸ਼ੀ ਦਾਦੇ ਨੇ ਵਾਰ-ਵਾਰ ਆਪਣੀ ਪੋਤੀ ਨਾਲ ਜਬਰ ਜ਼ਿਨਾਹ ਕੀਤਾ ਅਤੇ ਭੇਤ ਖੁੱਲ੍ਹਣ ਦੇ ਡਰੋਂ ਉਸ ਦਾ ਗਲਾ ਘੁੱਟ ਕੇ ਕਤਲ ਕਰ ਦਿੱਤਾ। ਪੁਲਸ ਰਿਪੋਰਟਾਂ ਅਨੁਸਾਰ, 10ਵੀਂ ਜਮਾਤ 'ਚ ਪੜ੍ਹਨ ਵਾਲੀ ਨਾਬਾਲਗ ਕੁੜੀ ਆਪਣੀ ਮਾਂ ਦੀ ਬੇਵਕਤੀ ਮੌਤ ਤੋਂ ਬਾਅਦ ਪਿੰਡ 'ਚ ਆਪਣੇ ਦਾਦਾ-ਦਾਦੀ ਨਾਲ ਰਹਿ ਰਹੀ ਸੀ। ਉਸ ਦਾ ਪਿਤਾ ਇਸ ਸਮੇਂ ਚੇਨਈ 'ਚ ਕੰਮ ਕਰ ਰਿਹਾ ਹੈ। ਇਸ ਦੀ ਅਸਹਾਏ ਸਥਿਤੀ ਦਾ ਫਾਇਦਾ ਚੁੱਕ ਕੇ ਦੋਸ਼ੀ ਦਾਦਾ ਪ੍ਰਾਣ ਬਲੱਭ ਦਾਸ (62) ਨੇ ਉਸ ਦਾ ਜਿਨਸੀ ਸ਼ੋਸ਼ਣ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਤਸੀਹੇ ਪਿਛਲੇ ਕੁਝ ਸਮੇਂ ਤੋਂ ਜਾਰੀ ਸਨ।



ਤਿੰਨ ਦਿਨ ਪਹਿਲਾਂ ਜਦੋਂ ਇਕ ਸਹੇਲੀ ਨੇ ਪੀੜਤਾ ਦੇ ਰਵੱਈਏ ਅਤੇ ਸਰੀਰ ਸਥਿਤੀ 'ਚ ਤਬਦੀਲੀ ਨੂੰ ਲੈ ਕੇ ਸਵਾਲ ਕੀਤਾ ਤਾਂ ਉਸ ਨੇ ਆਪਣਾ ਦੁਖਦ ਰਹੱਸ ਉਸ ਨਾਲ ਸਾਂਝਾ ਕਰ ਦਿੱਤਾ। ਦੋਸ਼ੀ ਦਾਦੇ ਨੂੰ ਇਹ ਪਤਾ ਨਹੀਂ ਸੀ ਕਿ ਉਸ ਦੀ ਪੋਤੀ ਨੇ ਕਿਸੇ ਨੂੰ ਕੁਝ ਦੱਸਿਆ ਹੈ ਪਰ ਉਸ ਨੂੰ ਲਗਾਤਾਰ ਇਹ ਡਰ ਸਤਾ ਰਿਹਾ ਸੀ ਕਿ ਉਸ ਦੀ ਕਰਤੂਤ ਸਾਹਮਣੇ ਆ ਸਕਦੀ ਹੈ। ਇਸੇ ਡਰ ਕਾਰਨ ਉਸ ਨੇ ਰਾਤ ਦੇ ਹਨ੍ਹੇਰੇ 'ਚ ਕੁੜੀ ਦਾ ਗਲ?ਾ ਘੁੱਟ ਕੇ ਕਤਲ ਕਰ ਦਿੱਤਾ ਅਤੇ ਲਾਸ਼ ਨੂੰ ਪੱਖੇ ਨਾਲ ਲਟਕਾ ਦਿੱਤਾ ਤਾਂ ਕਿ ਇਸ ਨੂੰ ਖੁਦਕੁਸ਼ੀ ਦਾ ਰੂਪ ਦਿੱਤਾ ਜਾ ਸਕੇ। ਅਗਲੀ ਸਵੇਰ ਜਦੋਂ ਪੀੜਤਾ ਦੀ ਸਹੇਲੀ ਉਸ ਦੇ ਘਰ ਪਹੁੰਚੀ ਤਾਂ ਉਸ ਨੇ ਲਾਸ਼ ਲਟਕੀ ਦੇਖੀ ਅਤੇ ਤੁਰੰਤ ਆਪਣੇ ਮਾਤਾ-ਪਿਤਾ ਨੂੰ ਇਸ ਦੀ ਸੂਚਨਾ ਦਿੱਤੀ। ਪਰਿਵਾਰ ਵਾਲਿਆਂ ਨੇ ਤੁਰੰਤ ਸੋਨਮੁਰਾ ਥਾਣਾ ਪੁਲਸ ਨਾਲ ਸੰਪਰਕ ਕੀਤਾ। ਪੁਲਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਲਾਸ਼ ਨੂੰ ਕਬਜ਼ੇ 'ਚ ਲਿਆ ਅਤੇ ਪੋਸਟਮਾਰਟਮ ਲਈ ਸੋਨਮੁਰਾ ਹਸਪਤਾਲ ਭੇਜਿਆ। ਸ਼ੁਰੂਆਤੀ ਜਾਂਚ ਅਤੇ ਸਬੂਤਾਂ ਦੇ ਆਧਾਰ 'ਤੇ ਪੁਲਸ ਨੇ ਪ੍ਰਾਣ ਬਲੱਭ ਨੂੰ ਹਿਰਾਸਤ 'ਚ ਲਿਆ, ਜਿਸ ਨੇ ਬਾਅਦ 'ਚ ਆਪਣਾ ਅਪਰਾਧ ਕਬੂਲ ਕਰ ਲਿਆ।

## ਕਾਂਗਰਸ ਕੌਂਸਲਰ ਸੁਸ਼ੀਲ ਸ਼ਰਮਾ ਤੇ ਸਮਾਜਸੇਵੀ ਸਰਵਣ ਸਿੰਗਲਾ ਭਾਜਪਾ 'ਚ ਸ਼ਾਮਲ

ਚੰਡੀਗੜ੍ਹ 13 ਮਈ। ਨਯਾਗਾਂਵ ਮਿਊਂਸਿਪਲ ਕਾਉਂਸਲ ਵਿੱਚ ਕਾਂਗਰਸ ਪਾਰਟੀ ਦੇ ਕੌਂਸਲਰ ਸੁਸ਼ੀਲ ਕੁਮਾਰ ਸ਼ਰਮਾ ਅਤੇ ਪ੍ਰਮੁੱਖ ਸਮਾਜਸੇਵੀ ਸਰਵਣ ਸਿੰਗਲਾ ਸ਼ਨੀਵਾਰ ਨੂੰ ਭਾਜਪਾ ਪੰਜਾਬ ਦੇ ਵਰਕਿੰਗ ਸੂਬਾ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਚੰਡੀਗੜ੍ਹ ਸਥਿਤ ਪੰਜਾਬ ਭਾਜਪਾ ਮੁੱਖ ਦਫ਼ਤਰ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਭਾਜਪਾ ਪੰਜਾਬ ਦੇ ਪ੍ਰਦੇਸ਼ ਮੀਡੀਆ ਪ੍ਰਮੁੱਖ ਵਿਨੀਤ ਜੋਸ਼ੀ, ਮੋਹਾਲੀ ਜ਼ਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਠ, ਨਯਾਗਾਂਵ ਸਰਕਲ ਪ੍ਰਧਾਨ ਭੂਪਿੰਦਰ "ਭੁੱਪੀ"ਅਤੇ ਕੌਂਸਲਰ ਸੁਰਿੰਦਰ ਕੋਸ਼ਿਸ਼ ਬੱਬਲ ਵੀ ਮੌਜੂਦ ਰਹੇ। ਉਨ੍ਹਾਂ ਦੇ ਨਾਲ ਕਈ ਪ੍ਰਮੁੱਖ ਸਥਾਨਕ ਆਗੂ ਅਤੇ ਸਮਰਥਕ ਵੀ ਭਾਜਪਾ ਵਿੱਚ ਸ਼ਾਮਲ ਹੋਏ, ਜਿਨ੍ਹਾਂ ਵਿੱਚ ਰਾਜੇਸ਼ ਗੁੱਜਰ, ਰਾਜ ਕੁਮਾਰ ਗੁੱਜਰ, ਕੁਲਦੀਪ ਸਿੰਘ, ਜਸਪਾਲ ਜੱਸੀ, ਰਾਘਵ ਸ਼ਰਮਾ, ਪਰਵੀਨ ਛਾਬੜਾ, ਸੁਨੀਲ ਗੋਯਲ ਅਤੇ ਰਾਹੁਲ ਜਿੰਦਲ ਸ਼ਾਮਲ ਹਨ। ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਸੁਸ਼ੀਲ ਕੁਮਾਰ ਸ਼ਰਮਾ ਅਤੇ ਸਰਵਣ ਸਿੰਗਲਾ ਨੇ ਕਿਹਾ ਕਿ 21 ਰਾਜਾਂ ਅਤੇ ਦੋ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ ਸਰਕਾਰ ਚਲਾ ਰਹੀ ਪਾਰਟੀ ਦਾ ਹਿੱਸਾ ਬਣਨਾ ਉਨ੍ਹਾਂ ਲਈ ਮਾਣ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀਆਂ ਸਮਾਜ ਦੇ ਹਰ ਵਰਗ ਲਈ ਵਿਕਾਸਮੁੱਖੀ ਨੀਤੀਆਂ ਕਾਰਨ ਭਾਜਪਾ ਨੂੰ ਲਗਾਤਾਰ ਤੀਜੀ ਵਾਰ ਕੇਂਦਰ ਵਿੱਚ ਸਰਕਾਰ ਬਣਾਉਣ ਦਾ ਜਨਾਦੇਸ਼ ਮਿਲਿਆ ਹੈ। ਸੁਸ਼ੀਲ ਕੁਮਾਰ ਸ਼ਰਮਾ ਨੇ ਕਿਹਾ ਕਿ ਨਯਾਗਾਂਵ ਨਗਰ ਕੌਂਸਲ ਭਾਜਪਾ ਦੀ ਬਣੇਗੀ, ਜੋ ਨਯਾਗਾਂਵ ਅਤੇ ਕਾਂਸਲ ਦੇ ਚਹੁਮੁੱਖੀ ਵਿਕਾਸ ਨੂੰ ਯਕੀਨੀ ਬਣਾਏਗੀ।

## ਮੋਗਾ ਪੁਲਸ ਵੱਲੋਂ ਹੈਰੋਇਨ ਸਮੇਤ 2 ਕਾਬੂ

ਮੋਗਾ 13 ਮਈ। ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਵਾਲਿਆਂ ਨੂੰ ਕਾਬੂ ਕਰਨ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ ਮੋਗਾ ਪੁਲਸ ਨੇ ਹੈਰੋਇਨ ਸਮੇਤ ਦੋ ਵਿਅਕਤੀਆਂ ਨੂੰ ਕਾਬੂ ਕੀਤਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਡੀ. ਐੱਸ. ਪੀ. ਸਿਟੀ ਜਤਿੰਦਰ ਸਿੰਘ ਨੇ ਦੱਸਿਆ ਕਿ ਜਦੋਂ ਥਾਣਾ ਸਿਟੀ ਦੇ ਮੁੱਖ ਅਫਸਰ ਇੰਸਪੈਕਟਰ ਵਰੁਣ ਕੁਮਾਰ ਦੀ ਅਗਵਾਈ ਹੇਠ ਥਾਣੇਦਾਰ ਲਖਵਿੰਦਰ ਸਿੰਘ ਪੁਲਸ ਪਾਰਟੀ ਸਮੇਤ ਦੇਰ ਸ਼ਾਮ ਐੱਮ. ਪੀ. ਬਸਤੀ ਲੰਡੇਕੇ ਕੋਲ ਜਾ ਰਹੇ ਸੀ ਤਾਂ ਗੁਪਤ ਸੂਚਨਾ ਦੇ ਆਧਾਰ 'ਤੇ ਕਬੀਰ ਸਿੰਘ ਉਰਫ ਸ਼ਿਵਾ ਨਿਵਾਸੀ ਮੁਹੱਲਾ ਬੇਰੀਆਂ ਵਾਲਾ ਨੂੰ ਕਾਬੂ ਕਰ ਕੇ ਉਸ ਕੋਲੋਂ 100 ਗ੍ਰਾਮ ਹੈਰੋਇਨ ਬਰਾਮਦ ਕੀਤੀ, ਜਿਸ ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ। ਜਾਂਚ ਅਧਿਕਾਰੀ ਥਾਣੇਦਾਰ ਲਖਵਿੰਦਰ ਸਿੰਘ ਨੇ ਦੱਸਿਆ ਕਿ ਕਥਿਤ ਮੁਲਜ਼ਮ ਨੂੰ ਮਾਣਯੋਗ ਅਦਾਲਤ ਵਿਚ ਪੇਸ਼ ਕਰਕੇ ਇਕ ਦਿਨ ਦਾ ਪੁਲਸ ਰਿਮਾਂਡ ਹਾਸਲ ਕੀਤਾ ਗਿਆ। ਇਸੇ ਤਰ੍ਹਾਂ ਥਾਣਾ ਕੋਟ ਈਸੇ ਖਾਂ ਅਧੀਨ ਪੈਂਦੀ ਪੁਲਸ ਚੌਂਕੀ ਦੋਲੇਵਾਲਾ ਦੇ ਇੰਚਾਰਜ ਸਹਾਇਕ ਥਾਣੇਦਾਰ ਜਗਮੋਹਨ ਸਿੰਘ ਨੇ ਪੁਲਸ ਪਾਰਟੀ ਸਮੇਤ ਗਸ਼ਤ ਦੌਰਾਨ ਦੇਰ ਰਾਤ ਨਿਰਮਲ ਸਿੰਘ ਨਿਵਾਸੀ ਪਿੰਡ ਜਲਾਲਵਾਲਾ ਫਿਰੋਜ਼ਪੁਰ ਨੂੰ ਕਾਬੂ ਕਰ ਕੇ ਉਸ ਕੋਲੋਂ 10 ਗ੍ਰਾਮ ਹੈਰੋਇਨ ਬਰਾਮਦ ਕੀਤੀ, ਜਿਸ ਦੇ ਖ਼ਿਲਾਫ਼ ਮਾਮਲਾ ਦਰਜ ਕੀਤਾ ਗਿਆ ਹੈ।

## ਪੰਜਾਬ ਦੇ ਇਸ ਜ਼ਿਲ੍ਹੇ 'ਚ ਸ਼ਰਾਬ ਤੇ ਮੀਟ ਦੀਆਂ ਦੁਕਾਨਾਂ 'ਤੇ ਮੁਕੰਮਲ ਪਾਬੰਦੀ

ਅੰਮ੍ਰਿਤਸਰ 13 ਮਈ। ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਅਧਿਸੂਚਨਾ ਰਾਹੀਂ ਅੰਮ੍ਰਿਤਸਰ ਸ਼ਹਿਰ ਦੀ ਚਾਰਦੀਵਾਰੀ, ਸ੍ਰੀ ਆਨੰਦਪੁਰ ਸਾਹਿਬ, ਤਲਵੰਡੀ ਸਾਬੋ (ਸ੍ਰੀ ਦਮਦਮਾ ਸਾਹਿਬ), ਬਠਿੰਡਾ ਨੂੰ ਪਵਿੱਤਰ ਸ਼ਹਿਰ ਘੋਸ਼ਿਤ ਕਰਦੇ ਹੋਏ ਇਨ੍ਹਾਂ ਪਵਿੱਤਰ ਸ਼ਹਿਰਾਂ ਦੇ ਨਿਰਧਾਰਤ ਸਥਾਨਾਂ ਤੇ ਸ਼ਰਾਬ, ਮੀਟ, ਪਾਨ, ਬੀੜੀ/ਸਿਗਰਟ/ਤੰਬਾਕੂ ਅਧਾਰਿਤ ਪਦਾਰਥਾਂ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ, ਵਿਕਰੀ ਅਤੇ ਸਟੋਰੇਜ਼ ਤੇ ਪਾਬੰਦੀ ਲਗਾਉਣ ਲਈ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਗਈ ਸੀ। ਇਸ ਸਬੰਧੀ ਦਲਵਿੰਦਰਜੀਤ ਸਿੰਘ, ਜਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਸ਼ਹਿਰ ਦੀ ਚਾਰਦੀਵਾਰੀ ਪਵਿੱਤਰ ਸ਼ਹਿਰ ਵਿੱਚ ਪਾਨ, ਬੀੜੀ/ਸਿਗਰਟ/ਤੰਬਾਕੂ ਅਧਾਰਿਤ ਪਦਾਰਥਾਂ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ, ਵਿਕਰੀ ਅਤੇ ਸਟੋਰੇਜ਼ ਤੇ ਪੂਰਨ ਪਾਬੰਦੀ ਲਗਾਈ ਹੈ। ਜ਼ਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਉਪਰੋਕਤ ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਇਹ ਹੁਕਮ 7 ਜੁਲਾਈ 2026 ਤੱਕ ਲਾਗੂ ਰਹੇਗਾ। ਉਨ੍ਹਾਂ ਦੱਸਿਆ ਕਿ ਸਿਵਲ ਸਰਜਨ, ਅੰਮ੍ਰਿਤਸਰ ਇਸ ਹੁਕਮ ਦਾ ਪਾਲਣ ਕਰਵਾਉਣ ਲਈ ਜ਼ਿੰਮੇਵਾਰ ਹੋਣਗੇ।

# 'ਮੈਂ 41 ਸਾਲ ਦੀ ਹੋ ਗਈ, ਮੇਰਾ ਵਿਆਹ ਨਹੀਂ ਕਰਵਾ ਰਹੇ'

**ਕੌਮੀ ਪਤ੍ਰਿਕਾ**

ਪ੍ਰਯਾਗਰਾਜ 13 ਮਈ। ਉੱਤਰ ਪ੍ਰਦੇਸ਼ ਦੇ ਪ੍ਰਯਾਗਰਾਜ ਤੋਂ ਇਕ ਬਹੁਤ ਹੀ ਅਜੀਬੋ-ਗਰੀਬ ਅਤੇ ਬੇਹੱਦ ਭਾਵੁਕ ਕਰ ਦੇਣ ਵਾਲਾ ਮਾਮਲਾ ਸਾਹਮਣੇ ਆਇਆ ਹੈ। ਇਥੇ ਇਕ 41 ਸਾਲਾ ਔਰਤ ਨੇ ਆਪਣੇ ਹੀ ਪਰਿਵਾਰ ਵਾਲਿਆਂ ਖ਼?ਲਾਫ਼ ਸਰਾਏ ਇਨਾਇਤ ਥਾਣੇ ਵਿਚ ਸ਼ਿਕਾਇਤ ਦਰਜ ਕਰਵਾਈ ਹੈ। ਔਰਤ ਦਾ ਦੋਸ਼ ਹੈ ਕਿ ਉਸ ਦੇ ਘਰ ਵਾਲੇ ਉਸ ਦਾ ਵਿਆਹ ਨਹੀਂ ਕਰਵਾ ਰਹੇ। ਜਦੋਂ ਵੀ ਉਸ ਨੂੰ ਕੋਈ ਰਿਸ਼ਤਾ ਆਉਂਦਾ ਹੈ ਤਾਂ ਉਸ ਦੇ ਪਰਿਵਾਰ ਵਾਲੇ ਖ਼ਰਚੇ ਦਾ ਬਹਾਨਾ ਬਣਾ ਕੇ ਉਸ ਨੂੰ ਠੁਕਰਾ ਦਿੰਦੇ ਹਨ। ਜਾਣਕਾਰੀ ਮੁਤਾਬਕ ਇਸ ਮਾਮਲੇ ਦਾ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ, ਜਿਸ ਵਿਚ ਔਰਤ ਵਿਆਹ ਨਾ ਹੋਣ ਦਾ ਦਰਦ ਬਿਆਨ ਕਰਦੀ ਨਜ਼ਰ ਆ ਰਹੀ ਹੈ। ਸ਼ਿਕਾਇਤਕਰਤਾ ਸਰਾਏ ਇਨਾਇਤ ਥਾਣਾ ਖੇਤਰ ਦੇ ਪਿੰਜ ਮਨਾਪੁਰ ਦੀ ਰਹਿਣ ਵਾਲੀ ਹੈ। ਔਰਤ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਉਂਦੇ ਹੋਏ ਆਪਣੇ ਮਾਤਾ-ਪਿਤਾ, ਭਰਾ-ਭਰਜਾਈ ਅਤੇ ਭੈਣ 'ਤੇ ਕਈ ਗੰਭੀਰ ਦੋਸ਼ ਲਗਾਏ ਹਨ। ਪੁਲਸ ਨੂੰ ਔਰਤ ਨੇ ਕਿਹਾ ਕਿ ਉਹ 41 ਸਾਲ ਦੀ ਹੋ ਚੁੱਕੀ ਹੈ ਅਤੇ ਘਰ ਵਸਾਉਣਾ ਚਾਹੁੰਦੀ ਹੈ। ਉਸ ਦੇ ਮਾਤਾ-ਪਿਤਾ ਅਤੇ ਭਰਾ-ਭਾਬੀ ਜਾਣਬੁੱਝ ਕੇ ਉਸ ਨੂੰ ਆਉਣ ਵਾਲੇ ਰਿਸ਼ਤਿਆਂ ਨੂੰ ਨਾਂਹ ਕਰ ਦਿੰਦੇ ਹਨ ਤਾਂ ਕਿ ਉਸ ਨੇ ਵਿਆਹ 'ਤੇ ਖਰਚਾ ਨਾ ਕਰਨਾ ਪਵੇ। ਸ਼ਿਕਾਇਤਕਰਤਾ ਮਾਧੁਰੀ ਪਟੇਲ ਨੇ ਕਿਹਾ ਕਿ ਉਹ ਮਾਨਾਪੁਰ ਪਿੰਡ ਦੀ ਰਹਿਣ ਵਾਲੀ ਹੈ। ਉਹ ਪਿਛਲੇ 20 ਸਾਲਾਂ ਤੋਂ ਆਪਣੇ ਪਰਿਵਾਰ ਤੋਂ ਵੱਖ ਰਹਿ ਰਹੀ ਹੈ। ਔਰਤ ਨੇ ਇਹ ਵੀ ਦੋਸ਼ ਲਗਾਇਆ ਕਿ ਪਰਿਵਾਰ ਨੇ ਉਸਦੀ ਜ਼ਮੀਨ ਦਾ ਹਿੱਸਾ ਆਪਣੇ ਨਾਮ ਕਰਵਾ ਲਿਆ ਹੈ ਪਰ ਉਸਦੇ ਵਿਆਹ ਦੀ ਆਪਣੀ ਜ਼ਿੰਮੇਵਾਰੀ ਨਹੀਂ ਨਿਭਾ ਰਹੇ ਹਨ। ਔਰਤ ਨੇ ਆਪਣੇ ਪਿਤਾ ਰਾਮਰਾਜ ਪਟੇਲ, ਮਾਂ ਵਿਮਲਾ ਦੇਵੀ, ਭਰਾ ਰਾਜੇਂਦਰ ਪਟੇਲ, ਭਾਬੀ ਪੂਨਮ ਪਟੇਲ ਅਤੇ ਭੈਣ ਵਿਦਿਆ ਪਟੇਲ 'ਤੇ ਮਾਨਸਿਕ ਪਰੇਸ਼ਾਨੀ, ਦੁਰਵਿਵਹਾਰ ਅਤੇ ਹਮਲੇ ਦਾ ਦੋਸ਼ ਲਗਾਇਆ ਹੈ। ਉਸਨੇ ਕਿਹਾ ਕਿ ਇੱਕ ਵਾਰ ਪਰਿਵਾਰਕ ਮੈਂਬਰਾਂ ਨੇ ਕਮਰੇ ਵਿੱਚ ਉਸ ਦੀ ਕੁੱਟਮਾਰ ਵੀ ਕੀਤੀ।

## 6 ਕਿਲੋ ਹੈਰੋਇਨ ਦੀ ਬਰਾਮਦਗੀ ਮਗਰੋਂ ਫਿਰ ਮਿਲੀ ਵੱਡੀ ਖੇਪ, 2 ਮੁਲਜਮ ਹਥਿਆਰਾਂ ਸਣੇ ਗ੍ਰਿਫਤਾਰ

ਅੰਮ੍ਰਿਤਸਰ 13 ਮਈ। ਅੰਮ੍ਰਿਤਸਰ ਕਮਿਸਨਰੇਟ ਪੁਲਸ ਨੇ ਸਰਹੱਦ ਪਾਰੋਂ ਨਸੀਲੇ ਪਦਾਰਥਾਂ ਅਤੇ ਹਥਿਆਰਾਂ ਦੀ ਤਸਕਰੀ ਕਰਨ ਵਾਲੇ ਇਕ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ। ਇਸ ਕਾਰਵਾਈ ਦੌਰਾਨ ਪੁਲਸ ਨੇ 2 ਮੁਲਜਮਾਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਕੋਲੋਂ 4.108 ਕਿਲੋਗ੍ਰਾਮ ਹੈਰੋਇਨ, 4 ਆਧੁਨਿਕ ਪਿਸਤੌਲ ਅਤੇ 5 ਜਿੰਦਾ ਕਾਰਤੂਸ ਬਰਾਮਦ ਕੀਤੇ ਹਨ। ਇਸ ਦੀ ਜਾਣਕਾਰੀ ਪੰਜਾਬ ਡੀ. ਜੀ. ਪੀ. ਗੌਰਵ ਯਾਦਵ ਨੇ ਵੀ ਸਾਂਝੀ ਕੀਤੀ ਹੈ। ਡੀ. ਜੀ. ਪੀ. ਨੇ ਦੱਸਿਆ ਕਿ ਮੁੱਢਲੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਗ੍ਰਿਫਤਾਰ ਮੁਲਜਮ ਸੋਸਲ ਮੀਡੀਆ ਪਲੇਟਫਾਰਮਾਂ ਰਾਹੀਂ ਪਾਕਿਸਤਾਨ-ਅਧਾਰਤ ਤਸਕਰਾਂ ਨਾਲ ਸੰਪਰਕ ਵਿੱਚ ਸਨ। ਉਹ ਪੰਜਾਬ ਵਿੱਚ ਅੱਗੇ ਸਪਲਾਈ ਲਈ ਨਸੀਲੇ ਪਦਾਰਥਾਂ ਅਤੇ ਹਥਿਆਰਾਂ ਦੀਆਂ ਖੇਪਾਂ ਪ੍ਰਾਪਤ ਕਰਦੇ ਸਨ। ਇਸ ਸਬੰਧੀ ਅੰਮ੍ਰਿਤਸਰ ਦੇ ਥਾਣਾ ਛਾਉਣੀ 'ਚ ਐਨ.ਡੀ.ਪੀ.ਐਸ. ਐਕਟ ਅਤੇ ਆਰਮਜ ਐਕਟ ਤਹਿਤ ਕੇਸ ਦਰਜ ਕੀਤਾ ਗਿਆ ਹੈ। ਪੁਲਸ ਵੱਲੋਂ ਹੁਣ ਇਸ ਨੈੱਟਵਰਕ ਦੇ ਅਗਲੇ ਤੇ ਪਿਛਲੇ ਸਬੰਧ ਖੰਗਾਲਣ ਅਤੇ ਹੋਰ ਸਾਮਲ ਵਿਅਕਤੀਆਂ ਦੀ ਪਛਾਣ ਲਈ ਗਹਿਰਾਈ ਨਾਲ ਜਾਂਚ ਜਾਰੀ ਹੈ। ਅੰਮ੍ਰਿਤਸਰ 'ਚ ਇਸ ਤੋਂ ਪਹਿਲਾਂ ਵੀ ਮਿਲ ਚੁੱਕੀ 6 ਕਿਲੋ ਹੈਰਾਇਨ, ਦੁਬਈ ਤੋਂ ਮਿਲਦੀ ਸੀ ਕਮਾਂਡ ਜ਼?ਕਿਰਯੋਗ ਹੈ ਕਿ ਅੰਮ੍ਰਿਤਸਰ ਦਿਹਾਤੀ ਪੁਲਸ ਵੱਲੋਂ ਖੁਫੀਆ ਜਾਣਕਾਰੀ ਦੇ ਆਧਾਰ 'ਤੇ ਤੁਰੰਤ ਕਾਰਵਾਈ ਕਰਦਿਆਂ ਪੁਲਸ ਨੇ ਅੱਡਾ ਮਨਾਵਾਲਾ, ਅੰਮ੍ਰਿਤਸਰਜਲੰਧਰ ਹਾਈਵੇ ਨੇੜੇ ਇੱਕ ਵਿਅਕਤੀ ਨੂੰ 6 ਕਿਲੋਗ੍ਰਾਮ ਹੈਰੋਇਨ ਸਮੇਤ ਗ੍ਰਿਫਤਾਰ ਕੀਤਾ ਗਿਆ ਸੀ। ਡੀ. ਜੀ. ਪੀ ਨੇ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਗ੍ਰਿਫਤਾਰ ਦੋਸੀ ਦੁਬਈ (ਯੂ.ਏ.ਈ.) ਵਿੱਚ ਬੈਠੇ ਹੈਂਡਲਰ ਅੰਤਰਪ੍ਰੀਤ ਸਿੰਘ ਦੇ ਇਸਾਰਿਆਂ 'ਤੇ ਕੰਮ ਕਰ ਰਿਹਾ ਸੀ।

**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

E-mail address: qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਕੇਂਦਰੀ ਸੜਕੀ ਆਵਾਜਾਈ ਅਤੇ ਰਾਜਮਾਰਗ ਮੰਤਰੀ ਨਿਤਿਨ ਗਡਕਰੀ ਨਾਲ ਮੁਲਾਕਾਤ

Contd......Front page

ਇਸ ਸਮੇਂ ਦੌਰਾਨ 37.26 ਕਿਲੋਮੀਟਰ ਲੰਬੀ ਇਸ ਸੜਕ ’ਤੇ ਭਾਰੀ ਆਵਾਜਾਈ ਰਹਿੰਦੀ ਹੈ। ਇਸ ਸੜਕ ਦੀ ਰਣਨੀਤਕ ਅਤੇ ਇਤਿਹਾਸਕ ਮਹੱਤਤਾ ਨੂੰ ਧਿਆਨ ਵਿੱਚ ਰੱਖਦਿਆਂ ਇਹ ਜ਼ਰੂਰੀ ਹੈ ਕਿ ਇਸਨੂੰ ਕੌਮੀ ਰਾਜਮਾਰਗ ਘੋਸ਼ਿਤ ਕੀਤਾ ਜਾਵੇ। ਇਕ ਹੋਰ ਏਜੰਡੇ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਨਿਤਿਨ ਗਡਕਰੀ ਕੋਲ ਧਰਮਕੋਟ-ਜ਼ੀਰਾ-ਫਿਰੋਜ਼ਪੁਰ-ਫਾਜ਼ਿਲਕਾ ਰੋਡ ਨੂੰ ਕੌਮੀ ਮਾਰਗ ਐਲਾਨਣ ਲਈ ਜ਼ੋਰ ਪਾਇਆ। ਉਨ੍ਹਾਂ ਕਿਹਾ ਕਿ ਇਹ ਰੋਡ ਸੂਬੇ ਵਿੱਚ ਕੌਮੀ ਮਾਰਗਾਂ ਨਾਲ ਜੁੜਦਾ ਹੈ ਅਤੇ ਇਹ ਰੋਡ ਪਾਕਿਸਤਾਨ ਨਾਲ ਲਗਦੀ ਕੌਮਾਂਤਰੀ ਸਰਹੱਦ ਦੇ ਵੀ ਨੇੜੇ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਲਾਂਘਾ ਰੱਖਿਆ ਤੇ ਸੁਰੱਖਿਆ ਦੇ ਲਿਹਾਜ਼ ਤੋਂ ਬਹੁਤ ਅਹਿਮ ਹੈ। ਉਨ੍ਹਾਂ ਕਿਹਾ ਕਿ ਫਿਰੋਜ਼ਪੁਰ ਵਿਖੇ ਸਥਿਤ ਫੌਜ ਦੀ ਅਥਾਰਟੀ ਵੀ ਇਸ ਰੋਡ ਨੂੰ ਚੌੜਾ ਕਰਕੇ ਚਾਰ ਮਾਰਗੀ ਬਣਾਉਣ ਲਈ ਲਗਾਤਾਰ ਜ਼ੋਰ ਪਾ ਰਹੀ ਹੈ ਤਾਂ ਕਿ ਫੌਜ ਦੇ ਵਾਹਨਾਂ ਦੀ ਤੇਜ਼ੀ ਤੇ ਸੁਰੱਖਿਅਤ ਆਵਾਜਾਈ ਨੂੰ ਯਕੀਨੀ ਬਣਾਇਆ ਜਾ ਸਕੇ। ਮੁੱਖ ਮੰਤਰੀ ਨੇ ਨਿਤਿਨ ਗਡਕਰੀ ਨੂੰ ਦੱਸਿਆ ਕਿ ਸੜਕ ਦੀ ਕੁੱਲ ਲੰਬਾਈ 144.555 ਕਿਲੋਮੀਟਰ ਹੈ ਅਤੇ ਇਸ ਸੜਕ ’ਤੇ ਹਾਦਸਿਆਂ ਵਿੱਚ ਮਰਨ ਵਾਲਿਆਂ ਦੀ ਔਸਤ ਗਿਣਤੀ ਰਾਸ਼ਟਰੀ ਰਾਜ ਮਾਰਗਾਂ ਦੇ ਮੁਕਾਬਲੇ ਵੱਧ ਹੈ। ਉਨ੍ਹਾਂ ਕਿਹਾ ਕਿ ਇਸ ਕੌਰੀਡੋਰ (ਸੜਕੀ ਮਾਰਗ) ਵਿੱਚ ਪਛਾਣ ਕੀਤੇ ਗਏ 11 ਬਲੈਕ ਸਪਾਟ ਹਨ ਅਤੇ ਫਿਰੋਜ਼ਪੁਰ-ਫਾਜ਼ਿਲਕਾ ਸੈਕਸ਼ਨ ਵਿੱਚ 2020 ਤੋਂ 2022 ਦੌਰਾਨ 162 ਹਾਦਸੇ ਹੋਏ, ਜਿਨ੍ਹਾਂ ਵਿੱਚੋਂ 138 ਹਾਦਸੇ ਕਾਫ਼ੀ ਘਾਤਕ ਸਨ, ਜੋ ਇਸ ਦੀ ਸਮਰੱਥਾ ਵਧਾਉਣ ਅਤੇ ਸੁਰੱਖਿਆ ਵਿੱਚ ਸੁਧਾਰ ਦੀ ਫੌਰੀ ਲੋੜ ਨੂੰ ਦਰਸਾਉਂਦਾ ਹੈ। ਭਗਵੰਤ ਸਿੰਘ ਮਾਨ ਨੇ ਕੇਂਦਰੀ ਮੰਤਰੀ ਨੂੰ ਧਰਮਕੋਟ-ਜ਼ੀਰਾ-ਫਿਰੋਜ਼ਪੁਰ-ਫਾਜ਼ਿਲਕਾ ਸੜਕ ਦੇ ਅੰਤਰ-ਕੌਮੀ ਮਾਰਗ ਸੰਪਰਕ, ਰਣਨੀਤਕ ਤੇ ਸੁਰੱਖਿਆ ਮਹੱਤਤਾ, ਜ਼ਿਆਦਾ ਆਵਾਜਾਈ ਅਤੇ ਸੜਕ ਸੁਰੱਖਿਆ ਚਿੰਤਾਵਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਪੰਜਾਬ ਰਾਜ ਵਿੱਚ ਇਸ ਸੜਕ ਨੂੰ ਕੌਮੀ ਰਾਜ ਮਾਰਗ ਐਲਾਨਣ ਦੀ ਅਪੀਲ ਕੀਤੀ। ਮੁੱਖ ਮੰਤਰੀ ਨੇ ਸੂਬੇ ਵਿੱਚ ’ਬਲਾਚੌਰ-ਹੁਸ਼ਿਆਰਪੁਰ-ਦਸੂਹਾ’ ਸੜਕ ਨੂੰ ਕੌਮੀ ਰਾਜਮਾਰਗ ਐਲਾਨਣ ਦੀ ਮੰਗ ਕਰਦਿਆਂ ਕਿਹਾ ਕਿ ਇਸ ਦੀ ਕੁੱਲ ਲੰਬਾਈ 104.96 ਕਿਲੋਮੀਟਰ ਹੈ ਅਤੇ ਇਹ ਫਗਵਾੜਾ-ਰੂਪਨਗਰ ਰਾਸ਼ਟਰੀ ਰਾਜਮਾਰਗ ਨੂੰ ਪਠਾਨਕੋਟ-ਜਲੰਧਰ ਰਾਸ਼ਟਰੀ ਰਾਜਮਾਰਗ ਨਾਲ ਜੋੜਦੀ ਹੈ ਅਤੇ ਚੰਡੀਗੜ੍ਹ/ਮੋਹਾਲੀ ਅਤੇ ਪਠਾਨਕੋਟ/ਜੰਮੂ ਤੇ ਕਸ਼ਮੀਰ ਦਰਮਿਆਨ ਅਹਿਮ ਲਿੰਕ ਵਜੋਂ ਕੰਮ ਕਰਦੀ ਹੈ। ਉਨ੍ਹਾਂ ਕਿਹਾ ਕਿ ਇਸ ਦੇ ਰਣਨੀਤਕ ਸੰਪਰਕ ਅਤੇ ਖੇਤਰੀ ਮਹੱਤਤਾ ਦੇ ਕਾਰਨ ਇਸ ਸੜਕ ’ਤੇ ਯਾਤਰੂ ਤੇ ਟਰਾਂਸਪੋਰਟ ਵਾਹਨਾਂ ਅਤੇ ਵਪਾਰਕ ਆਵਾਜਾਈ ਕਾਫ਼ੀ ਰਹਿੰਦੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਸੜਕ ਦਾ ਜ਼ਿਆਦਾਤਰ ਹਿੱਸਾ ਬਿਨਾਂ ਡਿਵਾਇਡਰ ਵਾਲਾ ਹੈ, ਜਿਸ ਦੇ ਨਤੀਜੇ ਵਜੋਂ ਕਈ ਥਾਵਾਂ ’ਤੇ ਟ?ਰੈਫਿਕ ਜ਼ਿਆਦਾ ਹੋ ਜਾਂਦਾ ਹੈ, ਅਕਸਰ ਹਾਦਸੇ ਹੁੰਦੇ ਰਹਿੰਦੇ ਹਨ ਅਤੇ ਰਾਹਗੀਰਾਂ ਨੂੰ ਕਾਫ਼ੀ ਦੇਰੀ ਹੁੰਦੀ ਹੈ, ਜਿਸ ਕਾਰਨ ਇਸ ਨੂੰ ਰਾਸ਼ਟਰੀ ਰਾਜਮਾਰਗ ਐਲਾਨਿਆ ਜਾਣਾ ਚਾਹੀਦਾ ਹੈ। ਇਕ ਹੋਰ ਮੁੱਦਾ ਉਠਾਉਂਦਿਆਂ ਮੁੱਖ ਮੰਤਰੀ ਨੇ ਬਠਿੰਡਾ-ਮਲੋਟ ਰੋਡ ’ਤੇ ਹੁਸਨਰ ਚੌਕ, ਗਿੱਦੜਬਾਹਾ ਵਿਖੇ ਫਲਾਈਓਵਰ ’ਤੇ ਵਿਊ ਕਟਰ (ਸੁਰੱਖਿਆ ਬੈਰੀਅਰ) ਦੀ ਲੋੜ ’ਤੇ ਜ਼ੋਰ ਦਿੱਤਾ, ਜੋ ਐਨ.ਐਚ.ਏ.ਆਈ ਦੇ ਅਧਿਕਾਰ ਖੇਤਰ ਵਿਚ ਆਉਂਦਾ ਹੈ। ਉਨ੍ਹਾਂ ਕਿਹਾ ਕਿ ਫਲਾਈਓਵਰ ਦੇ ਦੋਵੇਂ ਪਾਸੇ ਸੰਘਣੀ ਵਸੋਂ ਵਾਲੇ ਰਿਹਾਇਸ਼ੀ ਅਤੇ ਵਪਾਰਕ ਅਦਾਰੇ ਹਨ, ਜਿਸ ਕਾਰਨ ਹੁਸਨਰ ਚੌਕ, ਗਿੱਦੜਬਾਹਾ ਵਿਖੇ ਵਿਊ ਕਟਰ ਲਾਉਣਾ ਜ਼ਰੂਰੀ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਲੋਕਾਂ ਦੀ ਸਹੂਲਤ ਦੇ ਨਾਲ-ਨਾਲ ਰਾਹਗੀਰਾਂ ਦੀ ਸੁਰੱਖਿਆ ਅਤੇ ਟਰੈਫਿਕ ਦੀ ਨਿਰਵਿਘਨ ਤੇ ਮੁਸ਼ਕਲ ਰਹਿਤ ਆਵਾਜਾਈ ਸਮੇਂ ਦੀ ਮੁੱਖ ਲੋੜ ਹੈ। ਮੁੱਖ ਮੰਤਰੀ ਨੇ 53.76 ਕਿਲੋਮੀਟਰ ਲੰਬੀ ਭਵਾਨੀਗੜ੍ਹ-ਸੁਨਾਮ-ਭੀਖੀ-ਕੋਟਸ਼ਮੀਰ ਰੋਡ ਨੂੰ ਚਹੁੰ-ਮਾਰਗੀ ਕਰਨ ਅਤੇ ਇਸ ਦੀ ਰਣਨੀਤਕ ਮਹੱਤਤਾ ਦੇ ਮੱਦੇਨਜ਼ਰ ਇਸ ਨੂੰ ਕੌਮੀ ਮਾਰਗ ਐਲਾਨਣ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਇਹ ਸੜਕ ਪਟਿਆਲਾ ਅਤੇ ਸੰਗਰੂਰ ਜ਼ਿਲ੍ਹਿਆਂ ਨੂੰ ਬਠਿੰਡਾ, ਮਾਨਸਾ, ਤਲਵੰਡੀ ਸਾਬੋ, ਸਿਰਸਾ ਅਤੇ ਪੰਜਾਬ ਦੇ ਨਾਲ-ਨਾਲਹਰਿਆਣਾ ਦੇ ਨਾਲ ਲੱਗਦੇ ਹੋਰ ਪ੍ਰਮੁੱਖ ਸਥਾਨਾਂ ਨਾਲ ਜੋੜਦੀ ਹੈ। ਭਗਵੰਤ ਸਿੰਘ ਮਾਨ ਨੇਕਿਹਾ ਕਿ ਇਸ ਸੜਕ ’ਤੇ ਰੋਜ਼ਾਨਾ ਆਵਾਜਾਈ ਕਾਫ਼ੀ ਰਹਿੰਦੀ ਹੈ ਅਤੇ ਇਹ ਯਾਤਰੀਆਂ ਅਤੇ ਮਾਲ, ਦੋਵਾਂ ਦੀ ਆਵਾਜਾਈ ਲਈ ਅਹਿਮ ਕੜੀ ਵਜੋਂ ਕੰਮ ਕਰਦੀ ਹੈ। ਮੁੱਖ ਮੰਤਰੀ ਨੇ ਕਿਹਾ ਕਿ ਕੌਮੀ ਮਾਰਗ-7 ਦੇ ਪਟਿਆਲਾ-ਭਵਾਨੀਗੜ੍ਹ ਹਿੱਸੇ ਨੂੰ ਪਹਿਲਾਂ ਹੀ ਚਾਰ-ਮਾਰਗੀ ਹਾਈਵੇਅ ਵਜੋਂ ਵਿਕਸਤ ਕੀਤਾ ਗਿਆ ਹੈ, ਜੋ ਭਵਾਨੀਗੜ੍ਹ ਤੱਕ ਨਿਰਵਿਘਨ ਅਤੇ ਉੱਚ-ਸਮਰੱਥਾ ਕੁਨੈਕਟੀਵਿਟੀ ਨੂੰ ਯਕੀਨੀ ਬਣਾਉਂਦਾ ਹੈ। ਭਵਾਨੀਗੜ੍ਹ-ਸੁਨਾਮ-ਭੀਖੀ-ਕੋਟਸ਼ਮੀਰ ਸੜਕ ਕੋਟਸ਼ਮੀਰ ਤੱਕ ਦੋ-ਮਾਰਗੀ ਹੋ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਚਾਰ-ਮਾਰਗੀ ਕੌਮੀ ਰਾਜਮਾਰਗ ਤੋਂ ਦੋ-ਮਾਰਗੀ ਰਾਜਮਾਰਗ ਵਿੱਚ ਇਸ ਅਚਾਨਕ ਤਬਦੀਲੀ ਨਾਲ ਕੇਵਲ ਆਵਾਜਾਈ ਲਈ ਗੰਭੀਰ ਰੁਕਾਵਟਾਂ ਪੈਦਾ ਕਰਦੀ ਹੈ ਸਗੋਂ ਭੀੜ-ਭੜੱਕਾ ਵਧਣ ਨਾਲ ਹਾਦਸਿਆਂ ਦਾ ਜ਼ੋਖਮ ਵੀ ਵਧਦਾ ਹੈ। ਉਨ੍ਹਾਂ ਕਿਹਾ ਕਿ ਸੜਕ ਦੀ ਕਾਫ਼ੀ ਲੰਬਾਈ ਦੇ ਨਾਲ-ਨਾਲ ਢੁਕਵਾਂ ਰਾਈਟ ਆਫ਼ ਵੇ (ਆਰ.ਓ.ਡਬਲਿਊ.) ਪਹਿਲਾਂ ਹੀ ਉਪਲਬਧ ਹੈ ਅਤੇ ਸੁਨਾਮ, ਚੀਮਾ ਅਤੇ ਭੀਖੀ ਸਮੇਤ ਕੁਝ ਹਿੱਸਿਆਂ ਨੂੰ ਚਾਰ-ਮਾਰਗੀ ਬਣਾਉਣ ਲਈ ਪਹਿਲਾਂ ਹੀ ਚੌੜਾ ਕੀਤਾ ਜਾ ਚੁੱਕਾ ਹੈ। ਇਸ ਸੜਕ ਨੂੰ ਚਾਰ-ਮਾਰਗੀ ਬਣਾਉਣ ਅਤੇ ਰਾਸ਼ਟਰੀ ਰਾਜਮਾਰਗ ਐਲਾਨਣ ਦੀ ਮੰਗ ਕਰਦਿਆਂ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਨਾ ਸਿਰਫ਼ ਇਕਸਾਰ ਕੌਰੀਡੋਰ ਸਮਰੱਥਾ, ਸੁਚਾਰੂ ਆਵਾਜਾਈ , ਭੀੜ-ਭੜੱਕਾ ਘਟਾਉਣ ਨੂੰ ਯਕੀਨੀ ਬਣਾਏਗਾ ਬਲਕਿ ਸੜਕ ਸੁਰੱਖਿਆ ਨੂੰ ਵਧਾਉਣ ਅਤੇ ਖੇਤਰੀ ਆਰਥਿਕ ਵਿਕਾਸ ਵਿੱਚ ਸਹਿਯੋਗ ਵੀ ਦੇਵੇਗਾ। ਮੁੱਖ ਮੰਤਰੀ ਨੇ ਨਿਤਿਨ ਗਡਕਰੀ ਨੂੰ ਬੰਗਾ-ਗੜ੍ਹਸ਼ੰਕਰ-ਸ੍ਰੀ ਅਨੰਦਪੁਰ ਸਾਹਿਬ ਸੜਕ ਨੂੰ ਕੌਮੀ ਰਾਜਮਾਰਗ ਐਲਾਨਣ ਦੀ ਵੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਇਹ ਸੜਕ ਸ੍ਰੀ ਅਨੰਦਪੁਰ ਸਾਹਿਬ ਅਤੇ ਸ੍ਰੀ ਕੀਰਤਪੁਰ ਸਾਹਿਬ ਸਮੇਤ ਪ੍ਰਮੁੱਖ ਧਾਰਮਿਕ ਸਥਾਨਾਂ ਨੂੰ ਜੋੜਦੀ ਹੈ ਅਤੇ ਆਰਥਿਕ, ਸੈਰ-ਸਪਾਟਾ ਅਤੇ ਧਾਰਮਿਕ ਉਦੇਸ਼ਾਂ ਲਈ ਹਿਮਾਚਲ ਪ੍ਰਦੇਸ਼ ਨੂੰ ਹੋਰ ਜੋੜਦੀ ਹੈ। ਘਰੇਲੂ ਅਤੇ ਵਿਦੇਸ਼ੀ ਸੈਲਾਨੀ ਨਿਯਮਿਤ ਤੌਰ ’ਤੇ ਇਨ੍ਹਾਂ ਧਾਰਮਿਕ ਸਥਾਨਾਂ ’ਤੇ ਆਉਂਦੇ ਹਨ ਅਤੇ ਹਿਮਾਚਲ ਪ੍ਰਦੇਸ਼ ਵਿੱਚ ਮਾਤਾ ਨੈਣਾ ਦੇਵੀ ਜੀ ਮੰਦਰ ਦੀ ਯਾਤਰਾ ਕਰਦੇ ਹਨ ਜਿਸ ਕਾਰਨ ਇਸ ਸੜਕ ਨੂੰ ਕੌਮੀ ਰਾਜਮਾਰਗ ਦਾ ਦਰਜਾ ਦਿੱਤਾ ਜਾਣਾ ਚਾਹੀਦਾ ਹੈ। ਇੱਕ ਹੋਰ ਅਹਿਮ ਮੁੱਦਾ ਉਠਾਉਂਦਿਆਂ ਮੁੱਖ ਮੰਤਰੀ ਨੇ ਬਰਨਾਲਾ-ਬਾਜਾਖਾਨਾ ਸੜਕ ਨੂੰ ਕੌਮੀ ਰਾਜਮਾਰਗ ਐਲਾਨਣ ਦੀ ਮੰਗ ਵੀ ਕੀਤੀ। ਉਨ੍ਹਾਂ ਕਿਹਾ ਕਿ ਇਹ ਸੜਕ ਬਰਨਾਲਾ, ਮਾਨਸਾ ਅਤੇ ਬਠਿੰਡਾ ਜ਼ਿਲ੍ਹਿਆਂ ਲਈ ਆਵਾਜਾਈ ਦੀ ਸਹੂਲਤ ਲਈ ਮਹੱਤਵਪੂਰਨ ਹੈ ਜੋ ਮਾਲਵਾ ਖੇਤਰ ਅਤੇ ਨਾਲ ਲੱਗਦੇ ਰਾਜਸਥਾਨ ਦੇ ਪ੍ਰਮੁੱਖ ਵਪਾਰਕ, ਖੇਤੀਬਾੜੀ ਅਤੇ ਉਦਯੋਗਿਕ ਕੇਂਦਰਾਂ ਨੂੰ ਸੰਪਰਕ ਪ੍ਰਦਾਨ ਕਰਦੀ ਹੈ। ਮੌਜੂਦਾ ਦੋ-ਮਾਰਗੀ ਸੜਕ ਮੌਜੂਦਾ ਅਤੇ ਭਵਿੱਖੀ ਆਵਾਜਾਈ ਜ਼ਰੂਰਤਾਂ ਨੂੰ ਪੂਰਾ ਕਰਨ ਲਈ ਨਾਕਾਫ਼ੀ ਹੈ


### NAME CHANGE
I, PRITI DAS D/O DALIP KUMAR residing at D-293 J.J COLONY KHYALA, DELHI-110018 . have changed my name to PRITY DASS for all future purposes.

### NAME CHANGE
I, S BHASKARA VIJAY KUMAR residing at-H NO-6-225/6, PADMANABHANAGAR, VENKATAPURAM, NEAR RAMALAYAM, VISAKHAPATNAM, ANDHRA PRADESH-530029, have changed my mother's name from SENAPATHI VENKATA RATNAM to SENAPATHI APPALA RATNAM for all future purposes vide Affidavit dated 16/07/2025 before Notary Public, Delhi.

### NAME CHANGE
I, SWETA RAI BHUTIA Wife of No. 5458488P Rank-NK Name-TSHERING BHUTIA Presently residing at VILL-DURPIN GUMBA, PO-KALIMPONG, DISTT-KALIMPONG, WEST BENGAL-734301, have changed my name from SWETA RAI BHUTIA to SWETA RAI for all future purposes vide Affidavit dated 16/07/2025 before Notary Public, Delhi.

### NAME CHANGE
I, DEEPAK KUMAR VERMA S/O PARTAP SINGH resident of H.No.16, Tara Nagar Main Kakrola Road, Kakrola, South West Delhi, Delhi-110078 have changed the name of my minor daughter SHREYA ALIAS SHREYA VERMA aged 13 years, and she shall hereafter be known as SHREYA VERMA.

### NAME CHANGE
I hitherto known as SAMEERA SINGH D/O SUDHIR KUMAR SINGH residing at Flat No.E-1058, River Heights, Raj Nagar, Extension, Tower-15, Ghaziabad, U.P.-201001, have changed my name and shall hereafter be known as SAMEERA SINGH AMETHIA.

### NAME CHANGE
I, Sushma D/O Shambu Prasad Dharmana W/O Vinod Kumar R/O B-6 Police Colony Mandir Marg New Delhi 110001 Have changed my name to Sushma Badola for all future purposes.

### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### PUBLIC NOTICE
It is for general information that I, Rahul Vishwakarma S/o H.P. Vishvakarma R/o J-4, Ground Floor Gandhi Market, Mir Dard Road, Minto Road, Indraprastha, Central Delhi, Delhi-110002 declare that name of mine has been wrongly written as Rahul Kumar Vishvakarma in my minor daughter namely Anika Vishvakarma aged 5 years in his School Records. The actual name of mine is Rahul Vishwakarma.

### PUBLIC NOTICE
It is for general information that 1 INDU CHAUHAN W/O NARENDER SINGH CHAUHAN R/O N-129/1, T-HUTS, KHILONA BAGH DIST NORTH WEST DELHI-110009 declare that name of mine has been wrongly written as INDU KANWAR in my minor son namely HARSH VARDHAN SINGH CHAUHAN aged 13 years in his school record and birth certificate No. MCDOLIR-2211-005020356. The actual name of mine is INDU CHAUHAN which may be amended accordingly

### PUBLIC NOTICE
It is for general information that CHANDER VEER S/O RAM JI LAL R/O Q-157 Vikas Vihar Uttam Nagar West Delhi Delhi-110059 declare that name of mine has been wrongly written as CHANDER PAL in my minor daughter namely KIRTI aged 15 years in her birth certificate No.MCDOLIR-0110-004425168. The actual name of mine is CHANDER VEER which may be amended accordingly

### NAME CHANGE
I, hitherto known as ASHISH KUMAR RATHOR S/O PURAN LAL R/O Q-48, RAJEEV NAGAR BEGUM PUR, NORTH WEST DELHI, DELHI-110086, have changed my name and shall hereafter be known as RAZA AHMED.

### NAME CHANGE
It is for general information that I ASHISH KUMAR SINHA S/o KHAGEN CHANDRA SINHA R/o House No. 67, Alipur Road, Near Kasturi Ram College, Kureni, North West Delhi, Delhi - 110040, declare that name of my wife and my minor Daughter has been wrongly written as PINKI SINHA and ANUGYA SINHA in my minor Daughter namely ANUGYA aged 16 year in her 10th Class Educational Documents. The actual name of my wife and my minor daughter are PINKI KUMARI and ANUGYA, which may be amended accordingly.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.

### NAME CHANGE
I, MOGHAL FATHIMA BAIG Wife of JC-335017L Rank-NB/SUB Name-MOGHAL MOHAMMAD BAIG Presently residing at 9-5-5, ANDHRA RATNA NAGAR, PERALA HIGH SCHOOL, PERALA, CHIRALA PRAKASAM DISTRICT, ANDHRA PRADESH-523157, have changed my name from MOGHAL FATHIMA BAIG to FATHIMA SHAIK for all future purposes vide Affidavit dated 16/07/2025 before First Class Magistrate, Shillong, Meghalaya.

### NAME CHANGE
I Jugal Kishor S/o Lila Dhar R/o H.No-196 S/F, Kh.No-619/21, Chattar Pur, South Delhi, Delhi-110074 have changed the name of my minor daughter namely Krishna Devi aged 16 years and she shall hereafter be known as Priya.

### NAME CHANGE
I hitherto known as Farman S/o Akeel Ahmed R/o B 272/27, Gali No 4, Subhash Mohalla North Ghonda, Garhi Mendu, Bhajan Pura, North East, Delhi-110053 have changed my name and shall hereafter be known as Farman Ahmed.

### NAME CHANGE
I hitherto known as Atif S/o Manzoor Khan R/o 1/99-C, 4F/F, Gali No-5, Guru Harkrishan School Wali Gali, Kabir Nagar, Gokal Pur, North East Delhi, Delhi-110094 have changed my name and shall hereafter be known as Atif Khan.

### NAME CHANGE
I hitherto known as Aakash S/o Makan Singh Rawat R/o 2087/5, Gali No.20, Prem Nagar Patel Nagar, Patel Nagar S.O, Central Delhi, Delhi-110008 have changed my name and shall hereafter be known as Akash Rawat.

### NAME CHANGE
I hitherto known as Sanam Kumari W/o Samarjeet Gupta R/o E-400-D, Block-E, Ashok Nagar, Vasundhra Enclave, East Delhi, Delhi, Delhi-110096 have changed my name and shall hereafter be known as Sonam Sav.

### NAME CHANGE
I hitherto known as Laxman Yadav alias Bhavikshan Yadav S/O Bechan Yadav R/O Gram Debra, Post Bela, Thana Babubarhi, Ward No-02, Bela, PO Bela, Dist Madhubani, Bihar-847224 have changed my name and shall hereafter be known as Bhavikshna Yadav.

### NAME CHANGE
It is for general information that I, DINDAYAL KAPIL S/o BANWAR LAL KAPIL, R/o RZ-12 G, Gali No. 3, Gandhi Market, New Delhi, West Sagar Pur, South West Delhi, Delhi - 110046, declare that name of mine has been wrongly written as DINDAYAL in my PPO No. 08/14/8/05982/1994. The actual name of mine is DINDAYAL KAPIL, which may be amended accordingly.

### PUBLIC NOTICE
It is for general information that I, NIDHI AGGARWAL YADAV D/o VIRENDER KUMAR AGGARWAL, and Ex. Wife of AMIT YADAV, R/o H.No E-12, Hauz Khas, South West Delhi-110016, declare that I got divorce from my Ex. Husband AMIT YADAV vide Court Decree HMA No. 603/2019 dated 30 - 04-2019, further I have changed my name and shall hereafter be known as NIDHI AGGARWAL. I also have changed the name of my minor Son namely AAYAN YADAV, aged 16 years and my minor daughter namely ARSHIYA YADAV, aged 13 years and they shall hereafter be known as AAYAN AGGARWAL and ARSHIYA AGGARWAL respectively, which may be amended accordingly.

### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.

### NAME CHANGE
I, Sansare Amrut Narayan father of No.4580889H Rank-Hav Name Sansare Ravindra Amrut residing at Vill. Deolali Pravara, Tehsil - Rahuri, District.Ahilyanagar, Maharashtra - 413716 have changed my name from Sansare Amrut Narayan to Amrut Narayan Sansare vide affidavit dated 15.07.2025 executed before Notary Public, Delhi.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.



### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.

### NAME CHANGE
I, NEETAS DEVI Wife of No-3204848W Rank-HAV Name-DHARMENDRA SINGH R/O VILL-BISHUNDAS, PO-MURSAN, DISTT-HATHRAS, U.P-204213 have changed my name from NEETAS DEVI to NITESH DEVI for all future purposes vide Affidavit Dated 30/09/2023 before Notary Public, Delhi.

### NAME CHANGE
I Suvita Rana(d/o.Shri Omvir Singh) wife of Vikram Singh Rana was Suvita Rani before Marriage. After marriage I am also known as Suvita Rana and as such in my daughter's educational certificate my name (as her mother) is endorsed as Suvita Rana. Thus I affirm and confirm that Suvita Rani (my maiden name) and Suvita Rana (my name having surname of my husband Vikram Singh Rana) is the same person.

### NAME CHANGE
I, HASINA BEGAM KHAN W/O SALIM IQBAL KHAN R/O TAURU ROAD, MARIA MANJIL SCHOOL ,ARAVALY COLONY, NUH, MEWAT, HARYANA-122107 HAVE CHANGED MY NAME TO HASINA BEGAM FOR ALL PURPOSE.

### NAME CHANGE
I, Sudama Sharma S/O Devi Ram Sharma,R/O A - 3/106 - 107 , Sector-16 Rohini, Rohini Sector 15, North West Delhi, Delhi - 110089, have changed the name of my minor son namely Yash Sharma aged 15 years and he shall hereafter be known as Aayush Sharma.

### NAME CHANGE
I, S VANITHA W/o No. 14838283N Rank-HAV/MT Name-RAMESH P R/o VILL-SEDRAMPUTTU, PO-SEDRAMPUTTU, TEH-POLUR, DIST-THRUVANNAMALAI, TAMIL NADU-632315, have changed my name from S VANITHA to VANITHA R for all future purposes vide Affidavit dated 15/07/2025 before Notary Public, Kupwara.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I, SANJAY KUMAR CHOUDHARY S/o LATE SH. LAXMAN CHAUDHARY Permanent R/o Parsauni Khirodhar, Sitamarhi, Bihar-843325 and Presently Residing at Plot No. B-20, Second Floor, Dass Garden, Baprola Vihar, Najafgarh, New Delhi-110043. declare that name of mine has been wrongly written as SANJAY CHOUDHARY in my minor daughter namely SHIWANGI CHOUDHARY aged 17 years in her 10th class Marksheet. The actual name of mine is SANJAY KUMAR CHOUDHARY, which may be amended accordingly.

### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.

### NAME CHANGE
I, SANTOSH KUMAR S/O VISHVA NATH PRASAD residing at PLOT NO-58&59, FLAT NO-B-2, STREET NO-5, HAVENS GARDEN MATIALA, DELHI-110059 have changed my name to SANTOSH KUMAR GUPTA for all future purposes

### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### PUBLIC NOTICE
Information is given to general public at large that our client M/s Aspire Buildwell through prop. Mr. Karan Dudeja S/o Mr. Satish Kumar Dudeja is the owner of Freehold Residential Plot area measuring 309.49 sq. mtrs., out of Khata No. 195, Khasra No. 233K (87 sq. mtrs.,), & Khasra No. 236 (222.5 sq. mtrs.,), & Plot area measuring 108.69 sq. mtrs., out of Khasra No. 232Kh, Situated at Village - Jalpura, Pargana & Tehsil Dadri, Distt. Gautam Budh Nagar, U.P: Vide Sale Deed dated 03/05/2023 duly registered in the office of SR Dadri, as Doc No. 15787, Book No. 01, Vol No. 23442, Page Nos. 309-330 & Sale Deed dated 03/05/2023 duly registered in the office of SR Dadri, as Doc No. 15786, Book No. 01, Vol No. 23442, Page Nos. 287-308, it is stated that Mr. Rakesh Chandra Aggarwal & Mr. Rakesh Baranwal had purchased above said property as HUF but further they have sold invaluably, now our client is declaring that any other person does not have any right over the said property, which is to be financed by ICICI Home Finance Co. Ltd. Branch: Laxmi Nagar, Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### PUBLIC NOTICE
It is for general information that I, BALJEET SINGH S/o GURCHARAN SINGH R/o 12/32, Geeta Colony, East Delhi-110031 declare that name of mine, my wife and my minor daughter has been wrongly written as BALJEET SINGH CHUGH, GURPREET KAUR CHUGH, JASLEEN KAUR CHUGH in my minor daughter JASLEEN KAUR aged 16 years in her 10th class Educational Documents. The actual name of mine, my wife and my minor daughter are BALJEET SINGH, GURPREET KAUR and JASLEEN KAUR respectively, which may be amended accordingly.



### NAME CHANGE
I, Kulsum w/o Rozuddin R/o B-17, Gali No.3A, Near Mohalla Dilshad Masjid, Old Mustafabad, Delhi-110094, have changed my name to Kulsoom for all future purposes.



### NAME CHANGE
I Swaran Kaur Sawhney W/o Prith Pal Singh R/o 10C/80 SFS Flats Green View Appartment Mayapuri Road Hari Nagar West Delhi-110064 Have Changed My Name to Swaran Kaur for all purpose.

### NAME CHANGE
I Tajinder Kaur W/o Jaspreet Singh Baweja R/o 52/43 Ramjas Road Karol Bagh Delhi -110005 Have Changed My Name To Tajinder Kaur Baweja For All Purpose.

### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.



### NAME CHANGE
I hitherto known as JAGANATH KAPUR alias JAYANTI KAPUR W/o RAJ KUMAR KAPUR, R/o Near Dhingra Park, House No. 26, Road No. 14, East Punjabi Bagh, West Delhi, Delhi-110026, have changed my name and shall hereafter be known as JAYANTI KAPUR.

### NAME CHANGE
It is for general information that I, VISHAL SONI S/o SUGHAR SINGH R/o 1338A/8, Gali No.-8, Nearby SK Depot, Govindpuri Kalkaji, Kalkaji, South Delhi, Delhi-110019, declare that name of mine has been wrongly written as VISHAL in my Driving Licence No. DL03 20090024443. The actual name of mine is VISHAL SONI, which may be amended accordingly.

### PUBLIC NOTICE
Public notice is hereby given that my clients Mr. Sushil Kumar and Mr. Rajendra Kumar Tyagi both S/o Mr. Ved Prakash Tyagi, both R/o House No. 312, Saddiq Nagar, Near Auto Stand Sihani, Ghaziabad, Uttar Pradesh 201003, are owner of Residential Plot No. 43 & 44, area measuring 200 Square Yards i.e. 167.22 Square Meters out of Khasra No. 459, situated in the village Saddiq Nagar, Pargana Loni, Tehsil & District Ghaziabad, Uttar Pradesh, vide Khatauni Fasli Year 1427-1432 Calendar Year 2019-2024, it is pertinent to mention here that after the death of their father Mr. Ved Prakash Tyagi, they became the owner of the said property. My client is absolute owner of the said property which is free from encumbrance. The said property neither falls under acquisition nor falls under any litigation in any court of law. On date, being the absolute owner of the said property, my clients are going to sell the said property to Mrs. Deepika Singh W/o Mr. Krishna Kumar Singh. The same is going to be financed by PNB Housing Finance Ltd., branch Sahibabad, Ghaziabad, Uttar Pradesh. If any person(s) has/have any objection regarding the above said property, then kindly may submit his/her objection within 7 days from the date of the Notice in writing to undersigned or the said Bank/FI. The said objection may be kindly sent to the undersigned/bank by way of the Registered Post on the address given below and by E-mail. Failing which, the claim as per aforesaid shall be treated as null and void in respect of the subject property.

**[RUPESH KUMAR ROUSHAN]**
Advocate
D-803, Nandgram,
Ghaziabad,
Uttar Pradesh 201003
roushan.rupesh@gmail.com

### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.

### NAME CHANGE
I, ABDUL TAWWAB S/O Shri Abdul Rehman Resident of House No. C-16, Abhimanyu Gali, Near Babu Ram Chowk, Arjun Mohalla, Moujpur, Delhi-110053 have changed my name ABDUL TAUWAB to ABDUL TAWWAB for all future purposes.



### NAME CHANGE
I, SIDDHARATH RANA S/O BHAGWAN RANA residing at H NO-1074, SIRASPUR, DELHI-110042 have changed my name to SIDDHARTH RANA for all future purpose.



### NAME CHANGE
I Kapil Kumar Yadav S/o Dinesh Yadav R/o House No-523 P, Sector-14,Gurgaon,Haryana-122001, Have Changed My Name To Kapil Yadav For All Purpose

### NAME CHANGE
I, Pradeep Kumar S/o Prem Chand R/o D-754/A, Gali No.1, Ashok Nagar, Shahdara, Delhi-110093 have changed the name of my minor son from Arjun to Arjun Vaidwan.

### NAME CHANGE
I, Anupama D/o Pradeep Kumar R/o D-754/A, Gali No.1, Ashok Nagar, Shahdara, Delhi-110093 have changed my name to Anupama Chaudhary.



### NAME CHANGE
I, VINOD KUMAR S/O UDAY SINGH residing at FLAT NO-G-3/8, NEAR DDA WATER TANK, SECTOR-4, ROHINI, DELHI-110085 have changed my name to VINOD KUMAR KUSHWAHA for all future purpose.



### NAME CHANGE
I Manoj Ram S/o Ram Bilash Ram R/o Flat No-6, Tower-8,Hamelia Street,IRIS,Vatika City, Sector-49, Gurgaon, Haryana-122018, Have Changed My Name To Manoj Kumar For All Purpose



### NAME CHANGE
I Taran Preet Singh Kochhar S/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Taranpreet Singh and Surname Kochhar for all purpose.



### PUBLIC NOTICE
My client Gokul Chand S/o Prabhu Ram and his Wife Maya, H.No- 83, 84, F-4 Block, Sultanpuri, New Delhi- 86, has severed all his relations & connections from his Son Rajesh Kumar & disowned his from her all movable and immovable properties. My client shall not be responsible for his any acts.

**Shyam Sharma (Adv)**

### PUBLIC NOTICE
I, IMRAJ S/o SHAKIL, R/o B-29, Nanda Road Adarsh Nagar North West Delhi-110033, do hereby solemnly affirm and declare that I have embraced HINDUISM RELIGION and renounced ISLAM RELIGION with effect from 07.06.2025

### NAME CHANGE
I, IMRAJ S/o SHAKIL, R/o B-29, Nanda Road Adarsh Nagar North West Delhi-110033 have changed my name to RINKU THAKUR

### NAME CHANGE
I, VANDANA is legally spouse of No. 15671777K Rank-HAV Name AMIT KUMAR AWASTHI, R/O H NO.-920, KESOOR, PO- KESOOR, DIST-DHAR, MADHYA PRADESH-454001 have changed my name from VANDANA to VANDANA AWASTHI for all future purposes. Vide Affidavit Dated 16/07/2025, Before Notary Public New Delhi.

### NAME CHANGE
I, SALMA KHATUN is legally spouse of No. 15692253W Rank-HAV Name MURTUJA ALI, R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my name from SALMA KHATUN to SALMA KHATOON for all future purposes. Vide Affidavit Dated 16/07/2025 Before Notary Public New Delhi.

### NAME CHANGE
I, No. 15692253W Rank-HAV Name MURTUJA ALI, S/o LATE ZABBER ANSARI R/O VILL+POST-ARITHA, TEH-CHAS, THANA-CHANDANKAYRI, DIS-BOKARO, STATE-JHARKHAND, PIN 828134 have changed my minor son name from MOHAMAD ALI to MOHAMMAD ALI for all future purposes. Vide Affidavit Dated 16/07/2025 Before Notary Public New Delhi.

### NAME CHANGE
I, SH AUTAR SINGH Father of JC-413677X Rank-SUB MAJ Name-BHAGAT SINGH presently residing at VILL-BILTIYA SUKOLI TALLI, PO-DHAUNTIYAL, DIST-PAURI GARHWAL, UTTARAKHAND-246155 have changed my name from SH AUTAR SINGH to AVTAR SINGH for all future purposes vide affidavit dated 12/03/2024 before Notary Public, Delhi.

### NAME CHANGE
I, D BABU father of NO-14842224Y Rank HAV/MT Name-ANOOP B R/O AALAYAM, VILL –KEEZHTHONNAKKAL, PO-POTHENCODE, DIST-TRIVANDRUM, KERALA-695584 have changed my name from D BABU to BABU D for all future purposes vide Affidavit Dated 12/03/2024 before Notary Public, Delhi.

### NAME CHANGE
I Jaspreet Singh S/o Jagdeep Singh R/o 52/43 Ramjas Road Near Khalsa college Karol Bagh Delhi -110005 Have Changed My Name To Jaspreet Singh Baweja For All Purpose.

### NAME CHANGE
I Sandeep Ved S/o Khushi Ram Ved R/o H.No-139/1,B-Block, Street No-3,Qutub Vihar Phase-2,Dwarka,Delhi-110071, Have Changed My Name To Sandeep Vaid For All Purpose

### NAME CHANGE
I Rohini Bhatnagar W/o Amitabh Bhatnagar R/o M- 7075, Devinder Vihar, Gurgaon sector 56, Gurgaon Haryana-122011,Have Changed My Name To Rohini Dhanraj Bhatnagar For All Purpose

### NAME CHANGE
I, Anil Balakrishna Panicker s/o Angakattil Narayan Balakrishna Panicker R/o A-6/334-A, Janta Flats, Paschim Vihar, Delhi-110063, have changed my name to Anil Bala Panicker permanently.

### NAME CHANGE
I, Rekha W/O Prem Singh R/O B 278, South MOTI BAGH NEW DELHI 110021 have changed my name from Rekha to Rekha Rawat for all future purpose.

### PUBLIC NOTICE
My client Narender Kumar Chauhan S/o Pooran Singh R/o H.No.376, Chauhan Mohalla, Madanpur Khadar, Sarita Vihar, Delhi-76, has severed all relations and disowned his son Harsh Chauhan and his wife Preeti Rani from his all movable-immovable properties due to their Vihar, Delhi-76, has severed all relations and disowned his disobedience. My client Shall not be responsible for their acts.

**ARJUN BIDHURI Advocate**
CH. NO.536, Saket Courts
New Delhi-110017.

### NAME CHANGE
I SONIKA D/O TARSEM SINGH R/o H.No-3054 New Abadi Faizpura Amritsar-1 Amritsar Punjab-143001, have changed my name to SONAMPREET KAUR.



### NAME CHANGE
I Sarve Preet Kaur Kochhar W/o Manpreet Singh Kochhar R/o 10C/80 SFS Flats Green View Appartment Mayapuri Road Hari Nagar West Delhi-110064 Have Change My Given Name Sarvepreet kaur and Surname Kochhar for all purpose.

### NAME CHANGE
I, NO-17007475L Rank-NK Name-JITENDRA GANGWAR S/O LATE NIRANJAN LAL GANGWAR R/O WARD NO-11, MOHALLA GYASPUR, NEAR BANGALI BABA MANDIR, BILASPUR, PILIBHIT, UTTAR PRADESH-262201 have changed my minor son's name from DAKSH GANGWAR to YASH GANGWAR for all future purposes vide Affidavit Dated 05/09/2023 before Notary Public, Delhi.

### NAME CHANGE
I, ANITA BANSAL W/O PAWAN BANSAL residing at B-504, MAYURDHWAJ APARTMENT, I.P EXTN. EAST DELHI-110092 have Change my name to ANITA RANI BANSAL for all future purpose.

### PUBLIC NOTICE
I Jyoti pal W/O Sunil Kumar R/O WZ-125, Village Begumpur, North West Delhi , -110086.declare that name of mine has been wrongly written as Jyoti in my minor Daughter Yashika aged 14 years in her school cords and birth certificate no MCDOLR09368299 .The actual my name is Jyoti Pal.

### NAME CHANGE
I, PUNNAM DEVI Wife of No-14913053K Rank-HAV Name-NARENDER SINGH R/O C-7, LAXMI GARDEN, NAJAFGARH, NEW DELHI-110043 have changed my name from PUNNAM DEVI to POONAM DEVI for all future purposes vide Affidavit Dated 30/09/2023 before Executive Magistrate, Delhi.



### NAME CHANGE
I, KRISHAN KANTA W/o IC-29820P (Late) Col SHIV KUMAR (Retd.) R/O H-104, VIVEK VIHAR, NEAR KENDRIYA VIHAR-2, SEC-82, NOIDA, SALARPUR, GAUTAM BUDDHA NAGAR, UTTAR PRADESH-201304 have changed my name from KRISHAN KANTA to KRISHAN KANTA RANDEV for all future purposes vide Affidavit Dated 12/03/2024 before Notary Public, Delhi.

### NAME CHANGE
I, MEENA DEVI wife of JC-493248F Rank-NB/SUB Name-RAVINDER KUMAR R/O VPO-MURTHAL, TEH-SONIPAT, DISTT-SONIPAT, HARYANA-131027 have changed my name from MEENA DEVI to MEENA for all future purposes vide Affidavit Dated 11/03/2024 before Notary Public, Delhi.

### NAME CHANGE
I, ANITA W/o NO- 2806617A HAV TANGADKAR SUBHASH SITARAM R/o VPO-GHARGAON, TEH-SANGAMNER, DISTT-AHMADNAGAR, MAHARASHTRA-422620, have changed my name from ANITA to ANITA SUBHASH TANGADKAR for all future purposes vide Affidavit dated 29/11/2022 before Notary Public Delhi.

### NAME CHANGE
I, DATTATRAY NAGOJI PATIL father of NO-JC-379904X SUB MAJ PATIL MAHENDRA DATTATRAY R/O VILL-BONJURDI, PO-ADKUR, TEH-CHANDGAD, DISTT-KOLHAPUR, MH-416509, have changed my name from DATTATRAY NAGOJI PATIL to DATTA NAGOJI PATIL for all future purposes and in my son's service record my date of birth wrongly mentioned as 01/07/1953 instead of my correct date of birth as 17/01/1950 Vide Affidavit dated 29/11/2022 Before Notary Public, Delhi.

### PUBLIC NOTICE
MY CLIENT NARENDER PAL AGARWAL, S/O, LATE SARDARI LAL AGARWAL AND NEETU AGARWAL W/O NARENDER PAL AGARWAL BOTH R/O H.NO. 49, NARELA ROAD, BAWANA, NEAR STATE BANK OF INDIA, NEW DELHI, PRESENTLY AT H.NO.122, WHITE HOUSE APARTMENT, SECTOR-13, ROHINI, NEW DELHI- 110085, HAVE DEBARRED THEIR SON NIKHIL AGARWAL AND HIS WIFE ANCHAL AGARWAL FROM THEIR ALL MOVABLE- IMMOVABLE PROPERTIES AND SHALL NOT HAVE ANY RIGHT, TITLE OR INTEREST IN MOVEABLE AND IMMOVABLE PROPERTIES AND SEVERED ALL THEIR RELATION DUE TO MISCONDUCT AND DISOBEDIENT. ANYBODY DEALING WITH THEM SHALL BEAR AT THEIR OWN COST, RISK & CONSEQUENCES

**PINKI LAMBA MANN**
ADVOCATE
OFF. A-205A, NORTH EX.MALL, SECTOR-9,
ROHINI, NEW DELHI



ਡਾ. ਨਵਜੋਤ
81468-28040

**ਮੈਂ ਪਿਛਲੇ ਢਾਈ ਸਾਲ ਤੋਂ ਬਹੁਤ ਸਾਰੀਆਂ ਅਜਿਹੀਆਂ ਹਸਤੀਆਂ ਨਾਲ ਬਾਵਾਸਤਾ ਹੋ ਰਹੀ ਹਾਂ ਜੋ ਜਿਸਮਾਨੀ ਤੌਰ 'ਤੇ ਭਾਵੇਂ ਵਿਦੇਸ਼ਾਂ ਵਿਚ ਰਹਿ ਰਹੀਆਂ ਨੇ ਪਰ ਜ਼ਿਹਨੀ ਤੌਰ 'ਤੇ ਮਾਤ ਭੂਮੀ, ਪਿੰਡ, ਸ਼ਹਿਰ ਅਤੇ ਆਪਣੇ ਲੋਕਾਂ ਨਾਲ ਜੁੜੇ ਰਹਿਣ ਦੀ ਭਾਵਨਾ ਨਾਲ ਓਤ-ਪੋਤ ਹਨ। ਮੇਰਾ ਮਨ ਇਨ੍ਹਾਂ ਨੂੰ ਪਰਵਾਸੀ ਕਹਿਣ ਲਈ ਹਾਮੀ ਨਹੀਂ ਭਰਦਾ...**

# ਇਸ਼ਕ ਵਤਨ ਦਾ ਜਿਨ੍ਹਾਂ ਦੇ ਹੱਡੀਂ ਰਚਿਆ

ਕੁਝ ਸੁਪਨੇ, ਕੁਝ ਖ਼ਾਹਿਸ਼ਾਂ, ਮਨ 'ਚ ਸੰਦਲੀ ਖ਼ਾਬ ਸਜਾ ਕੇ ਨਵੇਂ ਦਿਸਹੱਦੇ ਦੀ ਤਲਾਸ਼ 'ਚੋਂ ਪਰਵਾਸੀ ਹੋਏ ਪੰਜਾਬੀਆਂ ਨੇ ਸਖ਼ਤ ਮਿਹਨਤ ਮੁਸ਼ੱਕਤ ਕਰ ਕੇ ਬੇਸ਼ੱਕ ਪਰਾਈ ਧਰਤੀ 'ਤੇ ਵੀ ਛੋਟਾ ਜਿਹਾ ਪੰਜਾਬ ਵਸਾ ਲਿਆ ਹੈ, ਪੰਜਾਬੀ ਪਰਿਵਾਰ, ਪੰਜਾਬੀ ਮਹਿਫ਼ਲਾਂ, ਗੁਰਦੁਆਰਿਆਂ 'ਚ ਪੰਜਾਬ ਦੀ ਮੌਜੂਦਗੀ, ਉਹੀ ਮਾਣ ਮਰਿਆਦਾ, ਉਹੀ ਲੰਗਰ ਪ੍ਰਥਾ, ਉਹੀ ਪ੍ਰਵਚਨ ਪਰ ਫਿਰ ਵੀ ਆਪਣੇ ਪੰਜਾਬ ਦੀ ਖਿੱਚ ਇਨ੍ਹਾਂ ਪਰਵਾਸੀਆਂ ਦੇ ਅੰਦਰੋਂ ਮਰਦੀ ਨਹੀਂ। ਰੋਟੀ ਦੀ ਭੁੱਖ ਬੇਸ਼ੱਕ ਬਹੁਤ ਵੱਡੀ ਹੁੰਦੀ ਹੈ ਪਰ ਰੂਹ ਦੀ ਭੁੱਖ, ਦੇਸ਼ ਨਾਲ ਫਿਰ ਜੁੜਨ ਦੀ ਭੁੱਖ ਦੀ ਵੀ ਕੋਈ ਸੀਮਾ ਨਹੀਂ ਹੁੰਦੀ। ਪਦਾਰਥਕ ਸੁੱਖਾਂ ਦੀ ਪ੍ਰਾਪਤੀ ਦੇ ਬਾਵਜੂਦ ਆਪਣੀਆਂ ਜੜ੍ਹਾਂ ਨਾਲ ਜੁੜੇ ਰਹਿਣ ਦੀ ਇੱਛਾ ਹਮੇਸ਼ਾ ਬਰਕਰਾਰ ਰਹਿੰਦੀ ਹੈ। ਆਪਣੇ ਅਤੀਤ, ਮਾਤ ਭੂਮੀ, ਮਾਂ ਬੋਲੀ ਅਤੇ ਆਪਣੇ ਲੋਕਾਂ ਤੋਂ ਟੁੱਟੇ ਪਰਵਾਸੀ ਦੇਸ਼ ਪ੍ਰਤੀ ਹੇਰਵਾ ਅਤੇ ਮੋਹ ਵਧੇਰੇ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ। ਜੜ੍ਹਾਂ ਦੀ ਅਹਿਮੀਅਤ ਜੜ੍ਹਾਂ ਤੋਂ ਟੁੱਟਿਆ ਬੰਦਾ ਹੀ ਸਮਝ ਸਕਦਾ ਹੈ। ਜਿਸ ਧਰਤੀ, ਸੱਭਿਆਚਾਰ ਤੇ ਬੋਲੀ ਵਿਚ ਮਨੁੱਖ ਜੰਮਿਆ, ਪਲਿਆ ਤੇ ਪਰਵਾਨ ਚੜ੍ਹਿਆ ਹੋਵੇ, ਉਸ ਮਿੱਟੀ ਦਾ ਮੋਹ ਉਸ ਨੂੰ ਲਗਾਤਾਰ ਸਤਾਉਂਦਾ ਹੈ ਤੇ ਉਸ ਸਰਜ਼ਮੀਂ ਨੂੰ ਭੁੱਲਣਾ ਮੁਸ਼ਕਿਲ ਹੀ ਨਹੀਂ ਅਸੰਭਵ ਵੀ ਹੁੰਦਾ ਹੈ। ਮੁੱਕਦੀ ਗੱਲ ਇਹ ਹੈ ਕਿ ਦੇਸ਼ ਛੱਡਣ ਨਾਲ ਦੇਸ਼ ਛੁੱਟ ਨਹੀਂ ਹੁੰਦਾ ਪਰ ਪਰਿਵਰਤਿਤ ਪ੍ਰਸਥਿਤੀਆਂ ਵਿਚ ਵਾਪਸ ਦੇਸ਼ ਪਰਤਣਾ ਸੰਭਵ ਨਹੀਂ। ਕਿਸੇ ਨਾ ਕਿਸੇ ਹੀਲੇ ਵਸੀਲੇ ਇਹ ਪਰਵਾਸੀ ਆਪਣੇ ਲੋਕਾਂ ਨਾਲ ਜੁੜੇ ਰਹਿਣਾ ਚਾਹੁੰਦੇ ਹਨ।

### ਸਮਾਜਿਕ ਤੇ ਸੱਭਿਆਚਾਰਕ ਸਮਾਰੋਹ

ਮੈਂ ਪਿਛਲੇ ਢਾਈ ਸਾਲ ਤੋਂ ਬਹੁਤ ਸਾਰੀਆਂ ਅਜਿਹੀਆਂ ਹਸਤੀਆਂ ਨਾਲ ਬਾਵਾਸਤਾ ਹੋ ਰਹੀ ਹਾਂ ਜੋ ਜਿਸਮਾਨੀ ਤੌਰ 'ਤੇ ਭਾਵੇਂ ਵਿਦੇਸ਼ਾਂ ਵਿਚ ਰਹਿ ਰਹੀਆਂ ਨੇ ਪਰ ਜ਼ਿਹਨੀ ਤੌਰ 'ਤੇ ਮਾਤ ਭੂਮੀ, ਪਿੰਡ, ਸ਼ਹਿਰ, ਆਪਣੇ ਲੋਕਾਂ ਨਾਲ ਜੁੜੇ ਰਹਿਣ ਦੀ ਭਾਵਨਾ ਨਾਲ ਓਤ-ਪੋਤ ਹਨ। ਮੇਰਾ ਮਨ ਇਨ੍ਹਾਂ ਨੂੰ ਪਰਵਾਸੀ ਕਹਿਣ ਲਈ ਹਾਮੀ ਨਹੀਂ ਭਰਦਾ। ਓਪਰੀ ਧਰਤੀ 'ਤੇ ਜਾ ਕੇ ਵੀ ਮਾਣ-ਮੱਤੇ ਪੰਜਾਬੀ ਸੱਭਿਆਚਾਰ ਨੂੰ ਇਹ ਲੋਕ ਵਿਸਾਰ ਨਹੀਂ ਸਕੇ। ਪਿਛਲੇ ਸਾਲ ਸਾਹਿਤਕ, ਸੱਭਿਆਚਾਰਕ ਤੇ ਸਮਾਜਿਕ ਗਤੀਵਿਧੀਆਂ ਦੇ ਕੇਂਦਰ ਪੰਜਾਬ ਭਵਨ ਸਰੀ ਦੇ ਸੰਸਥਾਪਕ, ਮਾਂ ਬੋਲੀ ਪੰਜਾਬੀ ਦੇ ਲੱਜ ਪਾਲਕ ਸੁੱਖੀ ਬਾਠ ਹੋਰਾਂ ਨੂੰ ਮਿਲਣ ਦਾ ਸਬੱਬ ਬਣਿਆ। ਉਨ੍ਹਾਂ ਨੂੰ ਸਟੇਜ 'ਤੇ ਬੋਲਦਿਆਂ ਸੁਣ ਕੇ ਮੈਨੂੰ ਹੈਰਾਨੀ ਹੋਈ ਕਿ ਐਨੇ ਲੰਬੇ ਸਮੇਂ ਤੋਂ ਕੈਨੇਡਾ ਦੇ ਵਸਨੀਕ ਜਿੱਥੇ ਹਰ ਕੰਮ ਅੰਗਰੇਜ਼ੀ 'ਚ ਹੁੰਦਾ ਹੋਵੇ, ਕੰਨਾਂ 'ਚ ਵੀ ਪੰਜਾਬੀ ਨਾਲੋਂ ਵੱਧ ਅੰਗਰੇਜ਼ੀ ਦੇ ਲਫ਼ਜ਼ ਬਾਰ-ਬਾਰ ਟਕਰਾਉਂਦੇ ਹੋਣਗੇ ਪਰ ਫਿਰ ਵੀ ਉਨ੍ਹਾਂ ਦੇ ਮੂੰਹੋਂ ਮਾਖਿਓਂ ਮਿੱਠੀ ਸ਼ੁੱਧ ਪੰਜਾਬੀ ਸੁਣ ਕੇ ਅਹਿਸਾਸ ਹੋਇਆ ਕਿ ਵਾਕਿਆ ਹੀ ਸੁੱਖੀ ਦੀ ਆਤਮਾ ਧੁਰ ਅੰਦਰੋਂ ਪੰਜਾਬੀ ਹੈ। ਪੰਜਾਬ ਭਵਨ 'ਚ ਸਿਰਫ਼ ਪੰਜਾਬੀ ਹੀ ਨਹੀਂ ਫਿਲੀਪੀਨਜ਼ ਤੇ ਚੀਨੀ ਮੂਲ ਦੇ ਪਰਵਾਸੀ ਬਿਨਾਂ ਕਿਸੇ ਇਵਜ਼ਾਨੇ ਦੇ ਆਪਣੇ ਸਮਾਜਿਕ ਤੇ ਸੱਭਿਆਚਾਰਕ ਸਮਾਰੋਹ ਕਰਵਾਉਂਦੇ ਰਹਿੰਦੇ ਨੇ।

### ਜੜ੍ਹਾਂ ਨਾਲ ਜੁੜਿਆ ਇਨਸਾਨ ਸੁੱਖੀ ਬਾਠ

ਸੁੱਖੀ ਬਾਠ ਹੋਰਾਂ ਮਿਹਨਤ, ਲਗਨ ਤੇ ਲਿਆਕਤ ਨਾਲ ਸਮਾਜ ਵਿਚ ਇਕ ਖ਼ਾਸ ਜਗ੍ਹਾ ਬਣਾਈ ਹੈ। ਆਪਣੀਆਂ ਜੜ੍ਹਾਂ ਨਾਲ ਜੁੜੇ ਇਸ ਇਨਸਾਨ ਬਾਰੇ ਆਮ ਲੋਕਾਂ ਦੀ ਇਹ ਰਾਏ ਹੈ ਕਿ ਇਹ ਬਹੁਤ ਵੱਡਾ ਕਾਰੋਬਾਰੀ ਹੈ। ਲੋਹੜੇ ਦੇ ਜਜ਼ਬਾਤੀ ਇਸ ਸ਼ਖ਼ਸ ਬਾਰੇ ਮੇਰੀ ਨਿੱਜੀ ਰਾਏ ਹੈ ਕਿ ਸੁੱਖੀ ਬਾਠ ਬਹੁਤ ਵੱਡਾ ਕੋਮਲਭਾਵੀ ਤੇ ਮੁਹੱਬਤੀ ਇਨਸਾਨ ਹੈ। ਉਹ ਹਰ ਪਲ ਮੁਹੱਬਤਾਂ ਵੰਡਦਾ ਹੈ ਤੇ ਮੁਹੱਬਤ ਦਾ ਹੀ ਕਾਰੋਬਾਰ ਕਰਦਾ ਹੈ। ਗੰਭੀਰ ਸੋਚਵਾਨ, ਸੂਝਵਾਨ ਨਿਰਛਲ ਦਿਲ ਵਾਲਾ ਇਹ ਇਨਸਾਨ ਮੁਹੱਬਤ ਦਾ ਪੈਗ਼ਾਮ ਦੇਣ ਪੰਜਾਬ ਤੁਰਿਆ ਹੀ ਰਹਿੰਦਾ ਹੈ। ਪੰਜਾਬ ਨਾਲ ਇਸ ਕਦਰ ਮੁਹੱਬਤ ਕਿ ਸਾਲ 'ਚ ਪੰਜਾਬ ਦੇ ਅੱਠ ਦਸ ਗੇੜੇ ਐਂ ਕੱਢਦੇ ਜਿਵੇਂ ਕੋਈ ਪਿੰਡ ਦੀ ਫਿਰਨੀ ਤੋਂ ਮੁੜਕੇ ਰੋਟੀ ਖਾਣ ਘਰ ਪਰਤੇ। ਪੰਜਾਬ ਆ ਕੇ ਸੁੱਖੀ ਦੀ ਮਸ਼ਰੂਫ਼ੀਅਤ ਦੇ ਦਾਇਰੇ ਅਸੀਮ ਹੋ ਜਾਂਦੇ ਹਨ। ਸੁੱਖੀ ਦੀ ਸਵੇਰ ਪਟਿਆਲੇ, ਦੁਪਹਿਰ ਲੁਧਿਆਣੇ ਤੇ ਰਾਤ ਦਿੱਲੀ ਬੀਤਦੀ ਹੈ।

ਸੁੱਖੀ ਦੀ ਦਿਲੀ ਚਾਹਤ ਹੈ ਕਿ ਉਹ ਸੁੱਖ ਸਹੂਲਤਾਂ ਤੋਂ ਵਾਂਝੇ ਲੋਕਾਂ ਦੇ ਚਿਹਰੇ 'ਤੇ ਮੁਸਕਰਾਹਟ ਲਿਆ ਸਕੇ।









**ਮਾਤ ਭੂਮੀ ਨਾਲੋਂ ਟੁੱਟੇ ਪਰਵਾਸੀ ਦੇਸ਼ ਪ੍ਰਤੀ ਹੇਰਵਾ ਤੇ ਮੋਹ ਵਧੇਰੇ ਸ਼ਿੱਦਤ ਨਾਲ ਮਹਿਸੂਸ ਕਰਦੇ ਹਨ। ਜੜ੍ਹਾਂ ਦੀ ਅਹਿਮੀਅਤ ਜੜ੍ਹਾਂ ਤੋਂ ਟੁੱਟਿਆ ਬੰਦਾ ਹੀ ਸਮਝ ਸਕਦਾ ਹੈ।**

ਧੀਆਂ ਦੇ ਸ਼ਖ਼ਸੀ ਵਿਕਾਸ ਲਈ ਇਹ ਇਨਸਾਨ ਹਮੇਸ਼ਾ ਵਚਨਵੱਧ ਹੈ। ਕਿਤੇ ਧੀਆਂ ਨੂੰ ਗੋਦ ਲੈ ਰਿਹਾ, ਕਿਤੇ ਉਨ੍ਹਾਂ ਦੇ ਹੱਥ ਕਲਮ ਫੜਾ ਆਪਣਾ ਮੁਕੱਦਰ ਆਪ ਲਿਖਣ ਦੇ ਕਾਬਿਲ ਬਣਾ ਰਿਹਾ, ਕਿਤੇ ਧੀਆਂ ਦਾ ਧਰਮੀ ਬਾਬਲ ਬਣ ਧੀਆਂ ਦੇ ਕਾਜ ਰਚਾ ਰਿਹਾ। ਪੰਜਾਬ ਦੀ ਨੌਜਵਾਨੀ ਦੇ ਰੁਜ਼ਗਾਰ ਲਈ ਇਹ ਇਨਸਾਨ ਫ਼ਿਕਰਮੰਦ ਹੈ। ਅੰਨ੍ਹੇਵਾਹ ਵਿਦੇਸ਼ਾਂ ਨੂੰ ਲੱਗੀ ਦੌੜ ਤੋਂ ਚਿੰਤਤ ਹੈ। ਨਸ਼ਿਆਂ 'ਚ ਗਰਕ ਰਹੀ ਨਵੀਂ ਪੀੜ੍ਹੀ ਲਈ ਹਰ ਘੜੀ ਸੋਚਵਾਨ ਹੈ। ਪਲ-ਪਲ ਮਰ ਰਹੀ ਇਨਸਾਨੀਅਤ ਉਸ ਦੀ ਪਰੇਸ਼ਾਨੀ ਦਾ ਕਾਰਨ ਹੈ। ਨੱਬੇ ਹਜ਼ਾਰ ਮਰੀਜ਼ਾਂ ਦੀਆਂ ਅੱਖਾਂ ਦੇ ਮੁਫ਼ਤ ਉਪਰੇਸ਼ਨ ਕਰਵਾਉਣਾ ਉਸ ਦੀ ਸਿਹਤ ਸਹੂਲਤਾਂ ਪ੍ਰਤੀ ਫ਼ਿਕਰਮੰਦੀ ਦਾ ਹੀ ਸਬੂਤ ਹੈ। ਸੋਹਣੇ ਸੁਨੱਖੇ ਪੰਜਾਬ ਦਾ ਸੁਪਨਾ ਉਸ ਦੀਆਂ ਨਜ਼ਰਾਂ 'ਚ ਹਰ ਪਲ ਤੈਰਦਾ ਹੈ। ਸੁੱਖੀ ਦੇ ਸਾਹਮਣੇ ਉੱਚਾ ਸੁੱਚਾ ਆਦਰਸ਼ ਹੈ। ਉਸ ਨੂੰ ਜ਼ਿੰਦਗੀ ਨਾਲ ਮੁਹੱਬਤ ਹੈ। ਜ਼ਿੰਦਗੀ ਨੂੰ ਜ਼ਨੂੰਨ ਦੀ ਹੱਦ ਤਕ ਮੁਹੱਬਤ ਕਰਨ ਵਾਲੇ ਇਨਸਾਨ ਹੀ ਸਮੁੱਚੀ ਕਾਇਨਾਤ ਨੂੰ ਇਸ਼ਕ ਕਰ ਸਕਦੇ ਹਨ। ਉਨ੍ਹਾਂ ਪੰਜਾਬ ਦੇ ਬਾਰਾਂ ਹਜ਼ਾਰ ਸਕੂਲਾਂ 'ਚ ਆਰਓ, ਕੂਲਰ, ਆਡੀਓ ਵਿਜ਼ੂਅਲ ਤੇ ਫਰਨੀਚਰ ਮੁਹੱਈਆ ਕਰਵਾਉਣ ਦਾ ਤਹੱਈਆ ਕੀਤਾ ਹੈ। ਉਹ ਨਾ ਸਿਰਫ਼ ਕੌਮੀ ਸਗੋਂ ਕੌਮਾਂਤਰੀ ਪੱਧਰ 'ਤੇ ਸਮਾਜ ਸੇਵਾ ਕਰ ਰਹੇ ਹਨ।



### ਖ਼ੂਬਸੂਰਤ ਰੂਹ ਰਣਜੀਤ

ਪਿਛਲੇ 28 ਸਾਲ ਤੋਂ ਅਮੀਰਕਾ 'ਚ ਵਸਦੀ ਰਣਜੀਤ ਉਹ ਖ਼ੂਬਸੂਰਤ ਰੂਹ ਹੈ ਜਿਸ ਦੀ ਸੂਰਤ ਹੀ ਸੋਹਣੀ ਨਹੀਂ ਸੀਰਤ ਵੀ ਕਾਬਿਲ ਏ ਤਾਰੀਫ਼ ਹੈ। ਆਪਣੀ ਮਿੱਟੀ ਨੂੰ ਮੋਹ ਕਰਨ ਵਾਲੀ ਇਹ ਕੁੜੀ ਜਦ ਵੀ ਪੰਜਾਬ ਆਉਂਦੀ ਹੈ, ਇਸ ਦਾ ਸਭ ਤੋਂ ਪਹਿਲਾ ਕਰਮ ਹੁੰਦਾ ਹੈ ਕਿਸੇ ਅਨਾਥ ਆਸ਼ਰਮ ਦੀ ਪਰਿਕਰਮਾਂ ਕਰਨੀ। ਇਸ ਕੁੜੀ ਨੂੰ ਤਸਕੀਨ ਮਿਲਦੀ ਹੈ ਜ਼ਿੰਦਗੀ ਦੇ ਉਸਰੱਈਏ ਸਾਡੀ ਖ਼ਾਤਰ ਆਪਣੀਆਂ ਖ਼ੁਸ਼ੀਆਂ ਦਾਅ ਤੇ ਲਾਉਣ ਵਾਲੇ, ਜ਼ਿੰਦਗੀ ਦੇ ਲੌਢੇ ਵੇਲੇ ਬਿਰਧ ਘਰਾਂ 'ਚ ਰੁਲ ਰਹੇ ਬਜ਼ੁਰਗਾਂ ਦੀ ਸੇਵਾ ਕਰ ਕੇ, ਰਣਜੀਤ ਬੇਸਹਾਰਾ ਲੋਕਾਂ ਦੀ ਜ਼ਿੰਦਗੀ 'ਚ ਆਸ ਦੀ ਕਿਰਨ ਜਗਾ ਰਹੀ ਹੈ। ਪੈਸਾ ਕਦੇ ਵੀ ਉਸ ਦੀ ਪ੍ਰਾਥਮਿਕਤਾ ਨਹੀਂ ਰਿਹਾ। ਇਹ ਦੌਲਤ, ਇਹ ਸ਼ੁਹਰਤ, ਉਸ ਲਈ ਕਦੇ ਵੀ ਸਮੁੱਚੀ ਜ਼ਿੰਦਗੀ ਨਹੀਂ, ਸਗੋਂ ਜ਼ਿੰਦਗੀ ਦਾ ਸਿਰਫ਼ ਇਕ ਹਿੱਸਾ ਹੈ। ਸਮਾਜ ਸੇਵਾ ਹੀ ਉਸ ਦੀ ਅਸਲ ਜ਼ਿੰਦਗੀ ਹੈ। ਲੰਬੇ ਸਮੇਂ ਤੋਂ ਰਣਜੀਤ ਸਾਡੀ ਸੰਸਥਾ ਨਾਲ ਜੁੜੀ ਹੋਈ ਹੈ। ਇਸ ਵਾਰ ਜਦੋਂ ਅਮਰੀਕਾ ਤੋਂ ਚੱਲਣ ਲੱਗੀ ਤਾਂ ਉਨ੍ਹਾਂ ਦੇ ਸਾਊਥ ਇੰਡੀਅਨ ਕੁਲੀਗ ਡਾ. ਕਿਰਨ ਰਾਜਾ ਸਨਿਨ ਨੇ ਸਾਡੀ ਸੰਸਥਾ ਦੀਆਂ ਹੋਣਹਾਰ ਤੇ ਲੋੜਵੰਦ ਬੱਚੀਆਂ ਦੀ ਮਦਦ ਲਈ ਹੱਥ ਵਧਾਇਆ। ਮੈਂ ਹੈਰਾਨ ਸੀ ਕਿ ਕਿਸ ਸ਼ਿੱਦਤ ਨਾਲ ਇਸ ਕੁੜੀ ਨੇ ਸਾਡੀ ਮਾਣਮੱਤੀ ਸੰਸਥਾ ਦੀ ਖ਼ੁਸ਼ਬੂ ਪਰਾਈ ਧਰਤੀ 'ਤੇ ਫੈਲਾਈ ਹੋਵੇਗੀ ਕਿ ਕਿਸੇ ਅਣਜਾਨ ਨੂੰ ਸਾਡਾ ਬਹੁਤ ਆਪਣਾ ਬਣਾ ਦਿੱਤਾ।

### ਨੈਤਿਕ ਤੇ ਆਰਥਿਕ ਪੱਖੋਂ ਸੰਪੰਨ ਪ੍ਰਿੰ. ਕੁਲਵੰਤ ਕੌਰ ਸਿੱਧੂ

ਪੰਜਾਬੀ ਬੰਦੇ ਦਾ ਅਸਲ ਉਸ ਦੇ ਅਤੀਤ 'ਚ ਹੁੰਦਾ ਹੈ। ਬਠਿੰਡਾ ਤੋਂ ਕੈਨੇਡਾ ਵਸੇ ਪ੍ਰਿੰਸੀਪਲ ਕੁਲਵੰਤ ਕੌਰ ਸਿੱਧੂ ਨੇ ਇਮਾਨਦਾਰੀ ਨਾਲ ਮਾਣਯੋਗ ਅਹੁਦਿਆਂ ਤਕ ਪਹੁੰਚੀ। ਉਨ੍ਹਾਂ ਪੰਜਾਬ ਵਿਚ ਹਜ਼ਾਰਾਂ ਧੀਆਂ ਨੂੰ ਪੜ੍ਹਾ ਲਿਖਾ ਕੇ ਨਾ ਸਿਰਫ਼ ਨੈਤਿਕ ਪੱਖੋਂ ਸਗੋਂ ਆਰਥਿਕ ਪੱਖੋਂ ਵੀ ਸੰਪੰਨ ਕੀਤਾ। ਬੇਗ਼ਾਨੀ ਧਰਤੀ 'ਤੇ ਜਾ ਕੇ ਇਨ੍ਹਾਂ ਦਾ ਦਿਲ ਆਪਣੇ ਵਤਨ ਲਈ ਧੜਕਦਾ ਰਹਿੰਦਾ ਹੈ। ਇਨ੍ਹਾਂ ਦਾ ਵੀ ਇਹੀ ਮੱਤ ਹੈ ਕਿ ਗ਼ਰੀਬ ਦਾ ਮੂੰਹ ਗੁਰੂ ਦੀ ਗੋਲਕ ਹੁੰਦੀ ਹੈ। ਇਹ ਬਹੁਤ ਹੀ ਭਾਵੁਕ ਇਸਤਰੀ, ਹਰ ਘੜੀ ਲਾਇਕ ਲੋੜਵੰਦ ਧੀਆਂ ਦੇ ਸਰਵਪੱਖੀ ਵਿਕਾਸ ਲਈ ਸੋਚਦੀ ਹੀ ਨਹੀਂ ਸਗੋਂ ਵਿੱਤੋਂ ਵੱਧ ਮਦਦ ਕਰ ਕੇ ਮਨ ਦਾ ਸਕੂਨ ਭਾਲਦੀ ਰਹਿੰਦੀ ਹੈ।

### ਮਾਂ-ਬੋਲੀ ਨੂੰ ਜੀਅ ਜਾਨ ਨਾਲ ਪਿਆਰਨ ਵਾਲਾ ਸਲਿੰਦਰ ਸਿੰਘ ਸਲਿੰਦਰਾ

ਸਲਿੰਦਰ ਸਿੰਘ ਸਲਿੰਦਰਾ ਆਸਟ੍ਰੇਲੀਆ ਦੇ ਉੱਘੇ ਕਾਰੋਬਾਰੀ ਨੇ। ਆਪਣੀ ਧਰਤੀ, ਆਪਣੇ ਸੱਭਿਆਚਾਰ ਤੇ ਆਪਣੀ ਮਾਂ-ਬੋਲੀ ਨੂੰ ਜੀਅ ਜਾਨ ਨਾਲ ਪਿਆਰਨ ਵਾਲਾ ਇਹ ਇਨਸਾਨ ਲੋੜਵੰਦਾਂ ਦੀ ਮਦਦ ਲਈ ਹਰ ਘੜੀ ਤਿਆਰ ਰਹਿੰਦਾ ਹੈ। ਮਾਂ ਬੋਲੀ ਪੰਜਾਬੀ ਤੇ ਸੱਭਿਆਚਾਰ ਨੂੰ ਸਾਂਭਣ ਦੇ ਯਤਨ 'ਚ ਰਾਜਮਹਿਲ ਪ੍ਰੋਡਕਸ਼ਨ ਦੇ ਤਹਿਤ ਜੋ ਕੰਮ ਇਨ੍ਹਾਂ ਨੇ ਕੀਤਾ ਹੈ, ਉਹ ਕਿਸੇ ਸੰਸਥਾ ਦੇ ਕਰਨਯੋਗ ਕੰਮ ਹੈ ਜੋ ਇਹ ਇਕੱਲੇ ਹੀ ਕਰੀ ਜਾ ਰਹੇ ਹਨ।

### ਮਾਨਵਤਾ ਦੀ ਸੇਵਾ ਲਈ ਤੱਤਪਰ ਦੋ ਭੈਣਾਂ

ਕੁਝ ਸਮਾਂ ਪਹਿਲਾਂ ਹੀ ਸ਼ਹਿਰ ਦੇ ਉੱਘੇ ਕਾਰੋਬਾਰੀ, ਸਮਾਜ ਸੇਵੀ, ਪਟਿਆਲਾ ਰੋਡ ਕੈਰੀਅਰ ਦੇ ਮਾਲਿਕ ਰਵਿੰਦਰ ਸਿੰਘ ਧਾਲੀਵਾਲ ਦੇ ਰਾਹੀਂ ਸਾਡੀ ਸੰਸਥਾ ਦੀਆਂ ਪੁਰਾਣੀਆਂ ਵਿਦਿਆਰਥਣਾਂ, ਦੋ ਭੈਣਾਂ ਬੀਬਾ ਜਸਵੰਤ ਕੌਰ ਤੇ ਬਲਵੀਰ ਕੌਰ ਨੂੰ ਮਿਲਣ ਦਾ ਸਬੱਬ ਬਣਿਆ। ਸੇਵਾ ਤੇ ਸਿਮਰਨ ਜਿਨ੍ਹਾਂ ਦੀ ਜ਼ਿੰਦਗੀ ਦਾ ਮੁੱਖ ਉਦੇਸ਼ ਹੈ। ਸਿਮਰਨ ਦੇ ਅਰਥ ਇਨ੍ਹਾਂ ਦੀਆਂ ਨਜ਼ਰਾਂ ਵਿਚ ਬਹੁਤ ਡੂੰਘੇ ਨੇ। ਗੁਰਮਤਿ ਦੇ ਦਰਸਾਏ ਮਾਰਗ ਤੇ ਚਲਦਿਆਂ ਮਾਨਵਤਾ ਦੀ ਸੇਵਾ ਲਈ ਤੱਤਪਰ ਇਹ ਦੋਨੋਂ ਭੈਣਾਂ ਬਹੁਤ ਹੀ ਕੋਮਲਭਾਵੀ ਤੇ ਆਪਣੀ ਸੰਸਥਾ ਦੇ ਜ਼ਰੇ-ਜ਼ਰੇ ਨੂੰ ਪਿਆਰਨ ਵਾਲੀਆਂ ਨੇ। ਅਮਰੀਕਾ ਦੀ ਧਰਤੀ ਤੇ ਵਸਦੇ ਸ਼ਰਨਜੀਤ ਸਿੰਘ ਹੋਰੀਂ ਵਿਦੇਸ਼ੀ ਲੋਕਾਂ ਦੀ ਜੀਵਨ ਜਾਚ ਤੇ ਰਹਿਣੀ-ਬਹਿਣੀ ਤੋਂ ਇਸ ਕਦਰ ਪ੍ਰਭਾਵਿਤ ਹਨ ਕਿ ਪੰਜਾਬ ਨੂੰ ਉਸੇ ਤਰਜ਼ ਦਾ ਬਣਾਉਣਾ ਲੋਚਦੇ ਹਨ। ਪੁਰਾਣੀਆਂ ਸੋਚਾਂ ਤੇ ਬੰਧਨਾਂ ਤੋਂ ਮੁਕਤ ਧੀਆਂ ਦੇ ਸੰਪੂਰਨ ਵਿਕਾਸ ਲਈ ਹਮੇਸ਼ਾਂ ਵਚਨਬੱਧ ਹਨ। ਜ਼ਿੰਦਗੀ ਦੇ ਸ਼ਾਹ ਸਵਾਰ ਬਲਿੰਦਰ ਸਿੰਘ ਤੇ ਜਗਮੇਲ ਭੰਡਾਲ ਹੋਰੀਂ ਜਿੱਥੇ ਵਿਦੇਸ਼ੀ ਧਰਤੀ 'ਤੇ ਆਪਣੇ ਆਪਣੇ ਕਸਬ 'ਚ ਮੁਹਾਰਤ ਰੱਖਦੇ ਨੇ ਉੱਥੇ ਆਪਣੇ ਵਤਨ ਲਈ ਵੀ ਇਨ੍ਹਾਂ ਦੇ ਮਨ 'ਚ ਅਨੰਤ ਮੋਹ ਹੈ। ਵੇਲਾ ਵਿਹਾ ਚੁੱਕੀਆਂ ਕਦਰਾਂ ਕੀਮਤਾਂ ਦੇ ਖਿਲਾਫ਼, ਅਗਾਂਹਵਧੂ ਸੋਚ ਦੇ ਧਾਰਨੀ ਇਹ ਦੋਨੋਂ ਇਨਸਾਨ ਸਮਾਜਿਕ ਬਰਾਬਰੀ ਦਾ ਸੁਪਨਾ ਆਪਣੀਆਂ ਅੱਖਾਂ ਵਿਚ ਸਮੋਈ ਪੰਜਾਬ ਦੇ ਭਵਿੱਖ ਲਈ ਚਿੰਤਨਸ਼ੀਲ ਹਨ।

### ਮਸ਼ੀਨੀ ਮਾਨਸਿਕਤਾ

ਭਾਵੇਂ ਦੇਸ਼ ਕੁਝ ਸਮੇਂ ਬਾਅਦ ਇਨ੍ਹਾਂ ਪਰਵਾਸੀਆਂ ਨੂੰ ਪਰਦੇਸੀ ਸਮਝਣ ਲੱਗ ਜਾਂਦਾ ਹੈ ਪਰ ਮਾਨਸਿਕ ਤੌਰ ਤੇ ਇਹ ਸਾਰੇ ਪਰਵਾਸੀ ਬਹੁਤ ਸਾਰੇ ਆਵਾਸੀਆਂ ਨਾਲੋਂ ਵੱਧ ਹਰ ਘੜੀ, ਹਰ ਪਲ ਆਪਣੇ ਦੇਸ਼ ਨਾਲ ਜੁੜੇ ਰਹਿੰਦੇ ਹਨ। ਸਵੈ-ਪਛਾਣ ਬਣਾਉਣ ਤੇ ਬਚਾਉਣ ਦੇ ਉੱਦਮ 'ਚ ਵੀ ਹਨ। ਅਜੋਕੇ ਪਦਾਰਥਵਾਦੀ ਤੇ ਮਸ਼ੀਨੀ ਮਾਨਸਿਕਤਾ ਵਾਲੇ ਯੁੱਗ ਵਿਚ ਜਦੋਂ ਸਰਮਾਇਆ ਹੀ ਆਮ ਬੰਦੇ ਦਾ ਧਰਮ ਹੋਵੇ, ਆਪਣੀ ਆਤਮਾ ਦੀ ਆਵਾਜ਼ 'ਤੇ ਸਾਬਤ ਕਦਮੀਂ ਪਹਿਰਾ ਦੇਣ ਵਾਲੇ ਲੋਕ ਬਹੁਤ ਘੱਟ ਮਿਲਦੇ ਹਨ। ਲੋਕ ਹਿੱਤਕਾਰੀ ਭੂਮਿਕਾ ਨਿਭਾਉਣ ਵਾਲੇ ਵਤਨ ਦੀ ਮੁਹੱਬਤ 'ਚ ਰੰਗੇ ਹੋਏ ਇਨ੍ਹਾਂ ਸਾਰੇ ਹੀ ਪਰਵਾਸੀਆਂ ਨੂੰ ਮੈਂ ਉਸ ਸੱਚੇ ਆਦਰਸ਼ ਨੂੰ ਸਲਾਮ ਕਰਦੀ ਹਾਂ ਜਿਸ ਨੂੰ ਲੈ ਕੇ ਇਹ ਲੋਕ ਚੱਲੇ ਹਨ। •

### ਜਾਣੀ ਪਛਾਣੀ ਹਸਤੀ ਜੋਗਾ ਸਿੰਘ ਜੌਹਲ

ਜੋਗਾ ਸਿੰਘ ਜੌਹਲ, ਇੰਗਲੈਂਡ ਦੀ ਬਹੁਤ ਹੀ ਜਾਣੀ ਪਛਾਣੀ ਹਸਤੀ ਜੋ ਕਿਸੇ ਜਾਣ ਪਛਾਣ ਦੇ ਮੁਥਾਜ ਨਹੀਂ। ਇਹ ਸੂਝਵਾਨ ਤੇ ਚੇਤੰਨ ਇਨਸਾਨ ਬਹੁਤ ਸਾਲ ਪਿੰਡ ਦੇ ਸਰਪੰਚ ਰਹੇ। ਕੁਝ ਕਾਰਨਾਂ ਕਰਕੇ ਇਨ੍ਹਾਂ ਨੇ ਪਰਵਾਸ ਧਾਰਨ ਕੀਤਾ। ਪਿਛਲੇ ਦਿਨੀਂ ਇਨ੍ਹਾਂ ਦੇ ਪਿੰਡ (ਬਜੂਹਾ ਕਲਾਂ) ਜਾਣ ਦਾ ਸੁਭਾਗ ਪ੍ਰਾਪਤ ਹੋਇਆ ਤੇ ਸੱਚ-ਮੁੱਚ ਮੈਨੂੰ ਇੰਜ ਭਾਸਿਆ ਕਿ ਮੈਂ ਪੰਜਾਬ 'ਚ ਨਹੀਂ ਸਗੋਂ ਕੈਲੀਫੋਰਨੀਆਂ ਦੇ ਕਿਸੇ ਪਿੰਡ 'ਚ ਘੁੰਮ ਰਹੀ ਹਾਂ। ਜੌਹਲ ਸਾਹਿਬ ਸਰਕਾਰੀ ਖ਼ਜ਼ਾਨਿਆਂ ਵੱਲ ਝਾਕ ਨਹੀਂ ਰੱਖਦੇ। ਪੱਲਿਓਂ ਪੈਸੇ ਖ਼ਰਚ ਕੇ ਉਨ੍ਹਾਂ ਆਪਣੇ ਪਿੰਡ ਦੀ ਨੁਹਾਰ ਬਦਲ ਦਿੱਤੀ। ਉਨ੍ਹਾਂ ਦੇ ਪਿੰਡ ਦੀਆਂ ਸੜਕਾਂ ਪੰਜਾਬ ਦੇ ਪਿੰਡਾਂ ਦਾ ਇਕ ਵੱਖਰਾ ਨਮੂਨਾ ਪੇਸ਼ ਕਰਦੀਆਂ ਹਨ। ਸੱਚ-ਮੁੱਚ ਉਨ੍ਹਾਂ ਨੇ ਪਿੰਡ ਦੇ ਵਿਕਾਸ ਲਈ ਵੱਡੀਆਂ ਪੁਲਾਂਘਾ ਪੁੱਟੀਆਂ ਤੇ ਇਕ ਨਵੀਂ ਸੱਭਿਅਤਾ ਦਾ ਆਗ਼ਾਜ਼ ਕੀਤਾ। ਜੌਹਲ ਸਾਹਿਬ ਕੋਲ ਵਿਸ਼ਵ ਸੋਝੀ ਹੈ, ਦੋਹਰੀ ਜੀਵਨ ਦ੍ਰਿਸ਼ਟੀ ਹੈ। ਉਨ੍ਹਾਂ ਦਾ ਸੁਪਨਾ ਵਿਕਸਿਤ ਦੇਸ਼ਾਂ ਵਰਗਾ ਪੰਜਾਬ ਸਿਰਜਣਾ ਹੈ। ਨਾ ਸਿਰਫ਼ ਆਪਣੇ ਪਿੰਡ ਦੇ ਵਿਕਾਸ ਵਿਚ ਮਹੱਤਵਪੂਰਨ ਦੇਣ ਹੈ ਸਗੋਂ ਆਪਣੇ ਇਲਾਕੇ ਦੇ ਗ਼ਰੀਬ ਲੋਕਾਂ ਲਈ ਵੀ ਉਹ ਮਸੀਹਾ ਹਨ। ਬਹੁਤ ਸੰਵੇਦਨਸ਼ੀਲ ਇਨਸਾਨ, ਕਿਸੇ ਦੀ ਦਰਦ ਕਹਾਣੀ ਸੁਣ ਕੇ ਪਰਲ-ਪਰਲ ਹੰਝੂ ਵਗਾਉਂਦੇ ਮੈਂ ਉਨ੍ਹਾਂ ਨੂੰ ਅੱਖੀਂ ਦੇਖਿਆ ਹੈ। ਸਿਰਫ਼ ਮਾਨਵਤਾ ਦੇ ਦਰਦ ਨੂੰ ਮਹਿਸੂਸ ਹੀ ਨਹੀਂ ਕਰਦੇ ਸਗੋਂ ਉਸ ਦਰਦ ਨੂੰ ਨਿਵਾਰਨ ਲਈ ਵੀ ਤੱਤਪਰ ਰਹਿੰਦੇ ਹਨ। ਆਪਣੀ ਧੁਨ ਵਿਚ ਮਗਨ, ਅਡੋਲ ਆਪਣੀ ਰਾਹ ਤੇ ਤੁਰੇ ਹੋਏ ਹਨ। ਧੀਆਂ ਨਾਲ ਇਨ੍ਹਾਂ ਨੂੰ ਖ਼ਾਸ ਹਮਦਰਦੀ ਹੈ। ਧੀਆਂ ਲਈ ਕੀਤੇ ਕਰਮ ਨੂੰ ਇਹ ਪੁੰਨ ਦਾ ਕਾਰਜ ਮੰਨਦੇ ਹਨ ਤੇ ਉਸ ਵਿੱਚੋਂ ਉਨ੍ਹਾਂ ਨੂੰ ਧਰਮ ਦੀ ਪਾਕੀਜ਼ਗੀ ਵਰਗਾ ਅਨੰਦ ਮਿਲਦਾ ਹੈ। ਇਸ ਤਰ੍ਹਾਂ ਦੀ ਕਮਿਟਮੈਂਟ ਵਿਰਲੇ ਟਾਵੇਂ ਬੰਦੇ ਦੇ ਹਿੱਸੇ ਆਉਂਦੀ ਹੈ। ਪਾਰਖੂ ਅੱਖ ਵਾਲੇ ਇਸ ਅਲਬੇਲੇ, ਫ਼ੱਕਰ ਇਨਸਾਨ ਨੂੰ ਮੈਂ ਸਲਾਮ ਕਰਦੀ ਹਾਂ।

---

# ਜੀਵਨ 'ਚ ਖ਼ੁਸ਼ੀਆਂ ਲਿਆਉਂਦੈ ਹਾਂ-ਪੱਖੀ ਨਜ਼ਰੀਆ

ਸਮਾਜ ਵਿਚ ਹਰ ਕੋਈ ਆਪਣੇ ਹੀ ਬੁਣੇ ਤਾਣੇ ਵਿਚ ਇਸ ਕਦਰ ਉਲਝਿਆ ਹੋਇਆ ਹੈ ਕਿ ਉਹ ਚਾਹ ਕੇ ਵੀ ਇਸ ਜੰਜਾਲ 'ਚੋਂ ਨਿਕਲਣ ਵਿਚ ਅਸਮਰੱਥ ਹੈ। ਕੁਦਰਤੀ ਢੰਗ ਨਾਲ ਜੀਵਨ ਜਿਊਣ ਤੋਂ ਅੱਜ ਦਾ ਮਨੁੱਖ ਬਹੁਤ ਦੂਰ ਹੈ। ਪਰਿਵਰਤਨ ਜੀਵਨ ਦੀ ਇਕ ਸਚਾਈ ਹੈ। ਜਿਸ ਤਰ੍ਹਾਂ ਜੇ ਪਾਣੀ ਦਾ ਰੁਖ ਢਲਾਣ ਵੱਲ ਕਰ ਦਈਏ ਤਾਂ ਉਹ ਆਪਣੀ ਚਾਲ ਵਿਚ ਵਹਿਣ ਲੱਗ ਪੈਂਦਾ ਹੈ, ਉਸੇ ਹੀ ਤਰ੍ਹਾਂ ਸਮਾਂ ਵੀ ਹਮੇਸ਼ਾ ਆਪਣੀ ਚਾਲ ਚਲਦਾ ਰਹਿੰਦਾ ਹੈ। ਕੁਦਰਤ ਵੀ ਆਪਣੇ ਨਿੱਤ ਦੇ ਜੀਵਨ ਵਿਚ ਪਰਿਵਰਤਨ ਨੂੰ ਤਰਜੀਹ ਦਿੰਦੀ ਹੈ। ਜਿਸ ਸਵੇਰ ਤੋਂ ਬਾਅਦ ਦੁਪਿਹਰ ਅਤੇ ਸ਼ਾਮ ਤੋਂ ਬਾਅਦ ਰਾਤ ਹੁੰਦੀ ਹੈ ਉਸੇ ਤਰ੍ਹਾਂ ਦਿਨ ਚੜ੍ਹਦਾ ਤੇ ਢਲਦਾ ਰਹਿੰਦਾ ਹੈ। ਇਹ ਸਭ ਮਨੁੱਖ ਦੀ ਸੋਚ ਉੱਤੇ ਅਧਾਰਿਤ ਹੈ। ਵਿਅਕਤੀ ਜਿਸ ਤਰ੍ਹਾਂ ਦੀ ਸੋਚ ਸੋਚਦਾ ਹੈ ਕੁਦਰਤੀ ਸ਼ਕਤੀਆਂ ਉਸੇ ਰੂਪ ਵਿਚ ਕੰਮ ਕਰਨ ਲੱਗ ਪੈਂਦੀਆਂ ਹਨ। ਮਨੁੱਖੀ ਸੋਚ ਅਨੁਸਾਰ ਇਹ ਨਿਸ਼ਚਿਤ ਹੈ ਕਿ ਦਿਨ ਤੋਂ ਬਾਅਦ ਰਾਤ ਹੋਵੇਗੀ ਤੇ ਹੁੰਦਾ ਵੀ ਇਦਾਂ ਹੀ ਹੈ ਪਰ ਕੀ ਕਦੇ ਇੰਜ ਹੋਇਆ ਕਿ ਦਿਨ ਤੋਂ ਬਾਅਦ ਰਾਤ ਹੋਣੀ ਭੁੱਲ ਗਈ ਹੋਵੇ ਜਾਂ ਫੇਰ ਰਾਤ ਤੋਂ ਬਾਅਦ ਆਪਣੇ ਨਿਸ਼ਚਿਤ ਸਮੇਂ ਦੌਰਾਨ ਦਿਨ ਨਾ ਨਿਕਲਿਆ ਹੋਵੇ? ਨਹੀਂ ਬਿਲਕੁਲ ਨਹੀਂ ਕਿਉਂਕਿ ਕੁਦਰਤ ਆਪਣੇ ਨਿਯਮਾਂ ਤੋਂ ਕਦੇ ਨਹੀਂ ਥਿੜਕਦੀ ਤੇ ਉਹ ਬਿਨਾਂ ਰੁਕੇ ਨਿਯਮਾਂ ਅਨੁਸਾਰ ਚਲਦੀ ਰਹਿੰਦੀ ਹੈ। ਮਨੁੱਖ ਨੂੰ ਇਹ ਧਾਰਨਾ ਜੀਵਨ ਵਿਚ ਅਪਣਾਉਣ ਦੀ ਲੋੜ ਹੈ ਕਿਉਂਕਿ ਜੇ ਰੱਬ ਦੀ ਕੁਦਰਤ ਨਿਯਮਾਂ ਅਨੁਸਾਰ ਚਲਦੀ ਹੈ ਫੇਰ ਮਨੁੱਖ ਨਿਯਮਾਂ ਨੂੰ ਧਾਰ ਕੇ ਜੀਵਨ ਕਿਉਂ ਨਹੀਂ ਜੀਅ ਸਕਦਾ? ਕੁਦਰਤੀ ਸ਼ਕਤੀਆਂ ਉਸ ਵੇਲੇ ਹੀ ਮਨੁੱਖੀ ਹੱਕ ਵਿਚ ਹੋ ਨਿਬੜਦੀਆਂ ਹਨ ਜਦੋਂ ਮਨੁੱਖ ਦੇ ਇਰਾਦੇ ਨੇਕ ਹੋਣ ਤੇ ਉਹ ਵਫ਼ਾਦਾਰੀ ਨਾਲ ਆਪਣੇ ਨਿਸ਼ਚੇ ਨੂੰ ਹਾਸਲ ਕਰਨ ਵਿਚ ਜੁਟਿਆ ਹੋਵੇ। ਮਨੁੱਖੀ ਸਰੀਰ ਪੰਜ ਤੱਤਾਂ ਦਾ ਸੁਮੇਲ ਹੈ ਤੇ ਜੇ ਮਨੁੱਖ ਆਪਣੀ ਸ਼ਕਤੀ ਦੀ ਪਛਾਣ ਕਰ ਉਨ੍ਹਾਂ ਨੂੰ ਇਕੱਤਰ ਕਰ ਲਵੇ ਤਾਂ ਇਹ ਕੁਦਰਤੀ ਸ਼ਕਤੀਆਂ ਉਸ ਦੀ ਮਦਦ ਕਰਨ ਵਿਚ ਜੁਟ ਜਾਂਦੀਆਂ ਹਨ ਤੇ ਫੇਰ ਉਹ ਹਰ ਮੁਕਾਮ ਹਾਸਲ ਕਰ ਸਕਦਾ ਹੈ। ਇਹ ਰੱਬੀ ਕੁਦਰਤ ਬੜੀ ਹੀ ਧੰਨ ਹੈ ਜਦੋਂ ਕੋਈ ਬੱਚਾ ਮਾਂ ਦੀ ਕੁੱਖ ਵਿਚ ਆ ਜਾਂਦਾ ਹੈ ਤਾਂ ਕੁਦਰਤ ਇਕ-ਇਕ ਕਰ ਕੇ ਉਸ ਦੇ ਸਰੀਰਕ ਅੰਗਾਂ ਨੂੰ ਘੜਣ ਵਿਚ ਲੱਗ ਜਾਂਦੀ ਹੈ ਅਤੇ ਫੇਰ ਜਦੋਂ ਉਹ ਸੰਸਾਰ ਵਿਚ ਆ ਜਾਂਦਾ ਹੈ ਤਾਂ ਉਹ ਵੇਖਦੇ ਹੀ ਵੇਖਦੇ ਕਈ ਰੂਪ ਧਾਰਦਾ ਹੈ ਤੇ ਕੁਦਰਤ ਉਸ ਵਿਚ ਨਿੱਤ ਤਬਦੀਲੀ ਲਿਆਉਂਦੀ ਹੈ। ਇਸੇ ਤਰ੍ਹਾਂ ਹੀ ਜਦੋਂ ਕੋਈ ਬੀਜ ਧਰਤੀ ਵਿਚ ਬੋਆ ਜਾਂਦਾ ਹੈ ਤਾਂ ਉਹ ਹੌਲੀ-ਹੌਲੀ ਧਰਤੀ ਵਿਚ ਹੀ ਪੁੰਘਰ ਕੇ ਕਿਸੇ ਬੂਟੇ ਦੇ ਰੂਪ ਵਿਚ ਧਰਤੀ ਦੀ ਹਿੱਕ ਵਿੱਚੋਂ ਬਾਹਰ ਨਿਕਲ ਆਉਂਦਾ ਹੈ ਤੇ ਫੇਰ ਕਦੋਂ ਕੁਦਰਤ ਦੀ ਕਾਰਵਾਈ ਹੇਠ ਰੁੱਖ ਬਣ ਜਾਂਦਾ ਹੈ ਪਤਾ ਹੀ ਨਹੀਂ ਲੱਗਦਾ। ਫਿਰ ਇਹ ਰੁੱਖ ਮੌਸਮਾਂ ਅਨੁਸਾਰ ਪੱਤਝੜ ਵਿਚ ਆਪਣੇ ਪੱਤੇ ਝਾੜਦਾ ਹੈ ਤੇ ਬਹਾਰ ਰੁੱਤੇ ਇਸ ਦੇ ਨਵੇਂ ਪੱਤੇ ਫੁੱਟ ਪੈਂਦੇ ਹਨ। ਇਹ ਰੁੱਤਾਂ ਵੀ ਉਸ ਰੱਬ ਦੀ ਕੁਦਰਤ ਦਾ ਹੀ ਇਕ ਕਰਿਸ਼ਮਾ ਹੈ। ਕਦੇ ਲੋਹੜੇ ਦੀ ਠੰਡ, ਕਦੇ ਦਿਲ ਖਿਚਵੀ ਬਹਾਰ ਤੇ ਕਦੇ ਪਤਝੜ। ਮਨੁੱਖ ਦੀ ਤਰ੍ਹਾਂ ਹਰ ਜੀਵ, ਪਸ਼ੂ, ਪੰਛੀ ਜਾਨਵਰ ਜੀਅ ਪੈਦਾ ਕਰਦਾ ਤੇ ਫੇਰ ਕੁਦਰਤ ਉਸ ਨੂੰ ਰੂਪ ਦੇ ਕੇ ਉਸ ਦੇ ਸਰੀਰਕ ਵਿਕਾਸ ਵਿਚ ਜੁੱਟ ਜਾਂਦੀ ਹੈ। ਮਨੁੱਖ ਦੀ ਸੋਚ ਹੀ ਕੁਦਰਤ ਦੇ ਫ਼ੈਸਲੇ ਤੈਅ ਕਰਦੀ ਹੈ। ਸਕਾਰਾਤਮਕ ਸੋਚ ਸਾਕਾਰਾਤਮਕ ਨਤੀਜਿਆਂ ਨੂੰ ਸਿਰਜਦੀ ਹੈ ਤੇ ਨਕਾਰਾਤਮਕ ਸੋਚ ਦਾ ਨਤੀਜਾ ਨਕਾਰਾਤਮਕ ਸਾਹਮਣੇ ਆਉਂਦਾ ਹੈ ਪਰ ਮਨੁੱਖੀ ਕਿਰਦਾਰ ਅਜਿਹਾ ਹੋ ਗਿਆ ਹੈ ਕਿ ਕੁਦਰਤ ਦੀਆਂ ਸ਼ਕਤੀਆਂ ਅਨੁਸਾਰ ਚਲਣਾ ਹੀ ਨਹੀਂ ਚਾਹੁੰਦਾ ਇਹੀ ਕਾਰਨ ਹੈ ਕਿ ਉਹ ਸੰਸਾਰ ਵਿਚ ਦੁੱਖਾਂ ਨੂੰ ਭੋਗਦਾ ਹੈ। ਅੱਜ ਦਾ ਮਨੁੱਖ ਕੁਦਰਤ ਦੀ ਸ਼ਰਨ ਤੋਂ ਬਹੁਤ ਦੂਰ ਬੰਦ ਕਮਰਿਆਂ ਵਿਚ ਆਪਣਾ ਜੀਵਨ ਜੀਅ ਰਿਹਾ ਹੈ। ਪੰਛੀਆਂ ਦੀ ਚਹਿਲ ਪਹਿਲ, ਵਗਦੇ ਦਰਿਆਂ, ਪਾਣੀ ਦੀਆਂ ਛੱਲਾਂ, ਚੜ੍ਹਦਾ ਲਾਲ ਸੁਰਖ਼ ਸੂਰਜ, ਮੁਸਕਰਾਉਂਦੇ ਫੁੱਲ, ਹਵਾ ਦੇ ਹਲੂਰੇ ਇਹ ਸਭ ਉਸ ਨੂੰ ਵਿਅਰਥ ਜਾਪਦਾ ਹੈ। ਮਨੁੱਖ ਕੋਲ ਕੁਦਰਤ ਦੀ ਗੋਦੀ ਵਿਚ ਬਹਿ ਕੇ ਉਸ ਨੂੰ ਮਾਨਣ ਦਾ ਵਕਤ ਨਹੀਂ ਰਿਹਾ ਹੈ। ਉਹ ਤਾਂ ਬਸ ਪੈਸਾ ਕਮਾਉਣ ਦੀਆਂ ਜਦੋਂ-ਜਹਿਦ ਵਿਚ ਆਪਣਾ ਕੀਮਤੀ ਜੀਵਨ ਵਿਅਰਥ ਗਵਾਅ ਰਿਹਾ ਹੈ। ਅੰਤਾਂ ਦਾ ਪੈਸਾ ਇਕੱਠਾ ਕਰਨ ਤੋਂ ਬਾਅਦ ਵੀ ਉਸ ਕੋਲ ਸਕੂਨ ਨਹੀਂ ਹੈ। ਇਸ ਦਾ ਮੁੱਖ ਕਾਰਨ ਕੁਦਰਤ ਅਨੁਸਾਰ ਜੀਵਨ ਜਿਊਣ ਤੋਂ ਗੁਰੇਜ ਕਰਨਾ ਹੈ। ਕੁਦਰਤ ਹੀ ਮਨੁੱਖ ਵਿਚਾਰਾਂ ਅਨੁਸਾਰ ਉਸ ਦੇ ਚਿਹਰੇ ਦੇ ਹਾਵ-ਭਾਵ ਨੂੰ ਬਿਆਨ ਕਰਦੀ ਹੈ ਜੇਕਰ ਮਨੁੱਖ ਦਿਲੋਂ ਦਿਮਾਗ਼ ਵਿਚ ਖ਼ੁਸ਼ੀ ਵਾਲੇ ਵਿਚਾਰ ਲਿਆਉਂਦਾ ਹੈ ਤਾਂ ਕੁਦਰਤ ਵੱਲੋਂ ਇਕ ਵੱਖਰਾ ਹੀ ਨੂਰ ਉਸ ਦੇ ਚਿਹਰੇ 'ਤੇ ਝਲਕਣ ਲੱਗ ਪੈਂਦਾ ਹੈ। ਇਸ ਦੇ ਉਲਟ ਜੇ ਮਨੁੱਖੀ ਦਿਮਾਗ਼ ਦੂਜਿਆਂ ਪ੍ਰਤੀ ਈਰਖਾ ਭਰੇ ਵਿਚਾਰ ਰੱਖਦਾ ਹੈ ਤਾਂ ਈਰਖਾ ਦੇ ਭਾਵ ਆਪ ਮੁਹਾਰੇ ਉਸ ਦੇ ਚਿਹਰੇ ਤੋਂ ਝਲਕਣ ਲੱਗ ਪੈਂਦੇ ਹਨ।



• ਨੂਰਦੀਪ ਕੋਮਲ
9814634446

---

ਪਰਮਜੀਤ ਭੁੱਲਰ

**ਲੋਕ ਸੱਥਾਂ ਵਿਚ ਇਕੱਠੇ ਹੋ ਸਾਰਾ ਦਿਨ ਜਿੱਥੇ ਕਿਸੇ ਨਾ ਕਿਸੇ ਵਿਸ਼ੇ 'ਤੇ ਵਿਚਾਰ ਚਰਚਾ ਕਰਦੇ ਸਨ ਉੱਥੇ ਇਹ ਉਨ੍ਹਾਂ ਲਈ ਮਨੋਰਜਨ ਦਾ ਸਾਧਨ ਸਨ। ਇਹ ਸੱਭਿਆਚਾਰ ਨੂੰ ਬਰਕਰਾਰ ਰੱਖਣ 'ਚ ਵੀ ਸਹਾਈ ਹੁੰਦੀਆਂ ਸਨ...**



# ਗਿਆਨ ਦਾ ਸਰੋਤ ਹੁੰਦੀਆਂ ਸਨ ਕਦੇ ਸੱਥਾਂ

ਨਵੇਂ ਜ਼ਮਾਨੇ ਦੇ ਦੌਰ ਦੇ ਯੁੱਗ ਵਿਚ ਲੋਪ ਹੋ ਗਈਆਂ ਸੱਥਾਂ ਦੀ ਥਾਂ ਕਲੱਬਾਂ ਨੇ ਲੈ ਲਈ ਹੈ। ਕਦੇ ਲੋਪ ਹੋ ਗਈਆਂ ਸੱਥਾਂ ਦੇ ਬਜ਼ੁਰਗ ਰੌਣਕ ਹੋਇਆ ਕਰਦੇ ਸਨ ਜਿੰਨਾਂ ਤੋਂ ਸਾਨੂੰ ਸਿਆਣਪ ਦੀਆਂ ਗੱਲ ਸਿੱਖਣ ਨੂੰ ਮਿਲਦੀਆਂ, ਹੁਣ ਉਹ ਵੀ ਜ਼ਮਾਨੇ ਨਾਲ ਬਦਲਣ ਲਈ ਮਜ਼ਬੂਰ ਹੋ ਗਏ ਹਨ ਤੇ ਇਨ੍ਹਾਂ ਬਜ਼ੁਰਗਾਂ ਨੂੰ ਵੀ ਘਰਾਂ ਦੀਆਂ ਕੰਧਾਂ ਨੇ ਕੈਦ ਕਰ ਲਿਆ ਹੈ। ਬਸ ਹੁਣ ਤਾਂ ਬਜ਼ੁਰਗ ਘਰਾਂ ਤੇ ਬੱਚਿਆ ਦੇ ਪਹਿਰੇਦਾਰ ਬਣ ਕੇ ਰਹਿ ਗਏ ਹਨ।

ਪਿੰਡਾਂ ਦੀਆਂ ਸੱਥਾਂ ਵਿਚ ਜਿੱਥੇ ਲੋਕ ਇਕੱਠੇ ਹੋ ਕੇ ਮਹਿਫ਼ਲਾਂ ਲਾ ਸਾਰਾ ਦਿਨ ਕਿਸੇ ਨਾ ਕਿਸੇ ਵਿਸ਼ੇ 'ਤੇ ਵਿਚਾਰ ਚਰਚਾ ਕਰਦੇ ਸਨ ਉਥੇ ਹੀ ਉਨ੍ਹਾਂ ਲਈ ਮਨੋਰਜਨ ਦਾ ਸਾਧਨ ਹੋਇਆ ਕਰਦੀਆਂ ਸਨ। ਸੱਥਾਂ ਪੁਰਾਣੇ ਸੱਭਿਆਚਾਰ ਤੇ ਭਾਈਚਾਰਕ ਸਾਂਝ ਨੂੰ ਬਰਕਰਾਰ ਰੱਖਣ ਵਿਚ ਸਹਾਈ ਹੁੰਦੀਆਂ ਸਨ ਅਤੇ ਨਵੀਂ ਪੀੜ੍ਹੀ ਨੂੰ ਇੱਕੋ ਥਾਂ 'ਤੇ ਇਕੱਠੇ ਰੱਖਣ ਦਾ ਜ਼ਰੀਆ ਵੀ ਬਣਦੀਆਂ ਸਨ। ਉਨ੍ਹਾਂ ਸਮਿਆਂ ਵਿਚ ਜ਼ਿਆਦਾ ਤਰ੍ਹਾਂ ਸੱਥਾਂ ਛੱਪੜ ਕਿਨਾਰੇ ਲੱਗੇ ਪਿੱਪਲ, ਬੋਹੜ ਥੱਲੇ ਹੋਇਆ ਕਰਦੀਆਂ ਜਾਂ ਪਿੰਡਾਂ ਦੇ ਵਿਚਕਾਰ ਹੁੰਦੀਆਂ ਸਨ ਜਿੱਥੇ ਲੋਕਾਂ ਨੂੰ ਆਪਣੀ ਸਾਂਝ ਵਧਾਉਣ ਦੇ ਮੌਕੇ ਮਿਲਦੇ ਸਨ। ਪਿੰਡਾਂ ਦੇ ਸਰਬ ਸਾਂਝੇ ਫ਼ੈਸਲੇ ਵੀ ਇਨ੍ਹਾਂ ਸੱਥਾਂ ਵਿਚ ਹੋਇਆ ਕਰਦੇ ਸਨ। ਬਜ਼ੁਰਗ ਇਕੱਠੇ ਹੋ ਕੇ ਤਾਸ਼ ਖੇਡ ਕੇ ਆਪਣਾ ਮੰਨੋਰੰਜਨ ਕਰਦੇ ਸਨ।

ਉਸ ਸਮੇਂ ਇਲਾਕੇ ਵਿਚ ਵਾਪਰੀ ਹਰ ਘਟਨਾ ਜਾਂ ਹੋਰ ਕਿਸੇ ਕਿਸਮ ਦੀ ਹਰ ਇਕ ਜਾਣਕਾਰੀ ਦਾ ਸਰੋਤ ਸਨ ਤੇ ਦੁਨੀਆ ਭਰ ਦੀਆਂ ਗੱਲਾਂ ਚਲਦੀਆਂ ਇਨ੍ਹਾਂ ਸੱਥਾਂ 'ਤੇ। ਉਨ੍ਹਾਂ ਸਮਿਆਂ ਵਿਚ ਟੈਲੀਵਿਜ਼ਨ ਜਾਂ ਟੈਲੀਫੋਨ ਨਾ ਹੋਣ ਕਾਰਨ ਜ਼ਿਆਦਾ ਜਾਣਕਾਰੀ ਸੱਥ ਵਿੱਚੋਂ ਹੀ ਉਪਲਬਧ ਹੁੰਦੀ। ਇਹ ਅਜਿਹੀ ਥਾਂ ਹੁੰਦੀ ਸੀ ਜਿੱਥੇ ਹਰ ਕੋਈ ਆਪਣੇ ਮਨ ਦੀਆਂ ਖੁੱਲ੍ਹ ਕੇ ਗੱਲ ਕਰਦਾ ਤੇ ਖੁੱਲ੍ਹ ਕੇ ਹਾਸਾ ਠੱਠਾ। ਉਸ ਵੇਲੇ ਸੱਥਾਂ ਵਿਚ ਬੈਠੇ ਬਜ਼ੁਰਗ ਸੀਸੀਟੀਵੀ ਕੈਮਰੇ ਦਾ ਕੰਮ ਕਰਦੇ ਸਨ ਤੇ ਹਰ ਆਉਣ ਜਾਣ ਵਾਲੇ 'ਤੇ ਨਜ਼ਰ ਰੱਖਦੇ ਸਨ ।

ਬਜ਼ੁਰਗਾਂ ਵੱਲੋਂ ਨੌਜਵਾਨਾਂ ਨੂੰ ਆਪਣੀ ਹੰਢਾਈ ਹੋਈ ਉਮਰ ਦੇ ਤਜਰਬੇ ਸਾਂਝੇ ਕਰਨ ਕਰਕੇ ਸੱਥਾਂ ਗਿਆਨ ਦਾ ਸਰੋਤ ਵੀ ਬਣਦੀਆਂ। ਪਿੰਡਾਂ ਦੀਆ ਪੰਚਾਇਤਾਂ ਵੱਲੋਂ ਝਗੜਿਆ ਦੇ ਕੀਤੇ ਜਾਂਦੇ ਫ਼ੈਸਲੇ ਸੱਥਾਂ ਵਿਚ ਹੀ ਨਿਬੇੜੇ ਜਾਂਦੇ ਸਨ। ਇਸ ਕਰਕੇ ਕਈ ਪਿੰਡਾਂ ਦੀਆਂ ਸੱਥਾਂ ਨੂੰ ਅਦਾਲਤ ਜਾਂ ਸਪਰੀਮ ਕੋਰਟ ਕਿਹਾ ਜਾਂਦਾ ਸੀ। ਬਠਿੰਡੇ ਜ਼ਿਲ੍ਹੇ ਦੇ ਇਕ ਪਿੰਡ ਦੀ ਸੱਥ ਤੇ ਅੱਜ ਵੀ ਹਾਈ ਕੋਰਟ ਵਾਲਾ ਨਾਂ ਉੱਕਰਿਆ ਹੋਇਆ ਹੈ। ਇਹ ਅਮੀਰੀ ਗ਼ਰੀਬੀ ਤੇ ਜਾਤ-ਪਾਤ ਤੋਂ ਉੱਪਰ ਉਠ ਕੇ ਸਾਂਝੀਵਾਲਤਾ ਤੇ ਭਾਈਚਾਰਕ ਸਾਂਝ ਦਾ ਸਨੇਹਾ ਦਿੰਦੀਆਂ ਸਨ । ਸੱਥਾਂ ਕੋਲ ਬੋਹੜ, ਪਿੱਪਲ ਆਦਿ ਹੋਰ ਦਰਖ਼ਤ ਹੋਣ ਕਾਰਨ ਵਾਤਾਵਰਣ ਵੀ ਸ਼ੁੱਧ ਰਹਿੰਦਾ ਸੀ ਪਰ ਹੁਣ ਨਾ ਹੀ ਉਹ ਸੱਥਾਂ ਹਨ ਤੇ ਨਾ ਹੀ ਉਹ ਪਿੱਪਲ, ਬੋਹੜ ਤੇ ਨਾ ਹੀ ਉਹ ਬਜ਼ੁਰਗ। ਸ਼ਹਿਰੀ ਜੀਵਨ ਦੇ ਮੁਕਾਬਲੇ ਪਿੰਡਾ ਵਿਚ ਬਣੀਆਂ ਸੱਥਾਂ ਅਹਿਮ ਰੋਲ ਅਦਾ ਕਰਦੀਆਂ ਸਨ ।

ਬਦਲੇ ਸਮੇਂ 'ਚ ਮਾਪਿਆ ਨੂੰ ਵੀ ਆਪਣੇ ਬੱਚਿਆਂ ਨੂੰ ਬਾਹਰ ਜਾਣ ਤੋਂ ਰੋਕਣਾ ਪੈ ਰਿਹਾ ਹੈ ਤੇ ਬਜ਼ੁਰਗ ਵੀ ਆਪਣੇ ਪੁੱਤ, ਪੋਤਿਆਂ ਨਾਲ ਗੱਲਾਂ ਕਰਨ ਨੂੰ ਤਰਸਦੇ ਹਨ। ਪੋਤਿਆਂ ਕੋਲ ਬਜ਼ੁਰਗਾਂ ਨਾਲ ਬੈਠਣ ਦਾ ਸਮਾਂ ਨਹੀਂ ਕਿਉਂਕਿ ਉਨ੍ਹਾਂ ਨੂੰ ਤਾਂ ਫੇਸਬੁੱਕ ਤੇ ਵੱਟਸਐਪ ਨੇ ਘੇਰ ਰੱਖਿਆ ਹੈ । ਜੋ ਮਨੋਰੰਜਨ ਸੱਥਾਂ ਵਿਚ ਹੁੰਦਾ ਸੀ ਉਸ ਦੀ ਥਾਂ ਕਲੱਬਾਂ ਨੇ ਲੈ ਲਈ। ਮੇਰੇ ਰੰਗਲੇ ਪੰਜਾਬ ਨੂੰ ਅਜਿਹੀ ਨਜ਼ਰ ਲੱਗੀ ਕਿ ਪਿੰਡ ਸਿਆਸਤਾਂ ਦੀ ਭੇਂਟ ਚੜ੍ਹ ਕੇ ਧੜੇਬੰਦੀਆਂ ਦੇ ਸ਼ਿਕਾਰ ਹੋਣ ਕਰਕੇ ਚਾਰ ਬੰਦੇ ਵੀ ਜੁੜ ਕੇ ਨ੍ਹੀਂ ਬੈਠ ਸਕਦੇ। ਪੰਜਾਬ ਦੇ ਕੁਝ ਉੱਦਮੀ ਲੋਕਾਂ ਨੇ ਪਿੰਡਾਂ ਦੀਆਂ ਵਿਰਾਸਤਾਂ ਨੂੰ ਸੰਭਾਲਣ ਦੇ ਉਪਰਾਲੇ ਕੀਤੇ ਹਨ ਤਾਂ ਕਿ ਨਵੀਂ ਪੀੜ੍ਹੀ ਨੂੰ ਪੁਰਾਤਨ ਸੱਭਿਆਚਾਰ ਤੋਂ ਜਾਣੂ ਕਰਵਾਇਆ ਜਾ ਸਕੇ। ਇਨ੍ਹਾਂ ਨੌਜਵਾਨਾਂ ਨੇ ਪਿੰਡਾਂ ਵਿਚ ਜਿੱਥੇ ਕਿਤੇ ਥੋੜ੍ਹੀ ਬਹੁਤੀ ਸਾਂਝੀ ਜਗ੍ਹਾ ਬਚੀ ਹੈ ਉੱਥੇ ਪਿੰਡਾ ਦੇ ਲੋਕਾਂ ਦੇ ਸਹਿਯੋਗ ਨਾਲ ਆਪਣੇ ਪੱਧਰ 'ਤੇ ਅਤੇ ਕੁਝ ਥਾਵਾਂ 'ਤੇ ਸਰਕਾਰੀ ਪੱਧਰ ਤੇ ਆਧੁਨਿਕ ਕਿਸਮ ਦੀਆਂ ਸੱਥਾਂ ਬਣਾ ਲਾਈਆਂ ਹਨ ਤਾਂ ਕਿ ਪਹਿਲਾਂ ਵਾਲੀ ਭਾਈਚਾਰਕ ਸਾਂਝ ਨੂੰ ਸੁਰਜੀਤ ਕੀਤਾ ਜਾ ਸਕੇ ਅਤੇ ਲੋਪ ਹੋ ਰਹੀਆਂ ਸੱਥਾਂ ਨਵੀਂ ਪੀੜ੍ਹੀ ਲਈ ਪ੍ਰੇਰਨਾ ਸਰੋਤ ਬਣ ਸਕਣ।

94174-73260



# ਡਰੋਨ ਟੈਕਨਾਲੋਜੀ ਤੋਂ ਲੈ ਕੇ ਰੌਕਟ ਵਿਗਿਆਨ ਤੱਕ ਮਿਲੇਗੀ ਸਿਖਲਾਈ

**ਚੰਡੀਗੜ੍ਹ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਸੂਬੇ ਦੇ ਨੌਜਵਾਨਾਂ ਨੂੰ ਸਪੇਸ ਵਿਗਿਆਨ, ਉਭਰ ਰਹੀਆਂ ਤਕਨੀਕਾਂ ਅਤੇ ਨਵੀਨਤਾ (ਇਨੋਵੇਸ਼ਨ) ਅਧਾਰਿਤ ਸਿੱਖਿਆ ਨਾਲ ਜੋੜਨ ਦੀ ਦਿਸ਼ਾ ਵਿੱਚ ਇੱਕ ਮਹੱਤਵਪੂਰਨ ਪਹਿਲ ਕੀਤੀ ਹੈ। ਸਰਕਾਰ ਨੇ ਯੂਨੀਵਰਸਿਟੀਆਂ, ਕਾਲਜਾਂ ਅਤੇ ਹੋਰ ਸਿੱਖਿਅਕ ਸੰਸਥਾਵਾਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਰਜਿਸਟ੍ਰੇਸ਼ਨ ਇੰਡੀਆ ਸਪੇਸ ਲੈਬ-ਸਮਰ ਇੰਟਰਨਸ਼ਿਪ ਅਤੇ ਟੈਕਨੀਕਲ ਟ੍ਰੇਨਿੰਗ ਪ੍ਰੋਗਰਾਮ-2026 ਵਿੱਚ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ।

ਮੁੱਖ ਸਕੱਤਰ ਸ਼੍ਰੀ ਅਨੁਰਾਗ ਰਸਤੋਗੀ ਵੱਲੋਂ ਰਾਜ ਦੇ ਸਾਰੇ ਪ੍ਰਸ਼ਾਸਨਿਕ ਸਕੱਤਰਾਂ ਨੂੰ ਜਾਰੀ ਪੱਤਰ ਵਿੱਚ ਕਿਹਾ ਗਿਆ ਹੈ ਕਿ ਨਵੀਂ ਦਿੱਲੀ ਸਥਿਤ 'ਇੰਡੀਆ ਸਪੇਸ ਲੈਬ' ਵੱਲੋਂ ਆਯੋਜਿਤ ਇਹ ਪ੍ਰੋਗਰਾਮ ਵਿਦਿਆਰਥੀਆਂ, ਖੋਜਕਰਤਾਵਾਂ ਅਤੇ ਅਧਿਆਪਕਾਂ ਨੂੰ ਪੁਲਾੜ ਵਿਗਿਆਨ ਅਤੇ ਅਤਿ-ਆਧੁਨਿਕ ਤਕਨੀਕੀ ਖੇਤਰਾਂ ਵਿੱਚ ਵਿਵਹਾਰਕ ਅਤੇ ਤਕਨੀਕੀ ਸਿਖਲਾਈ ਪ੍ਰਦਾਨ ਕਰਨ ਦੇ ਉਦੇਸ਼ ਨਾਲ ਸ਼ੁਰੂ ਕੀਤਾ ਗਿਆ ਹੈ। ਰਾਜ ਸਰਕਾਰ ਨੇ ਸਬੰਧਤ ਵਿਭਾਗਾਂ ਨੂੰ ਨਿਰਦੇਸ਼ ਦਿੱਤੇ ਹਨ ਕਿ ਇਸ ਪ੍ਰੋਗਰਾਮ ਦਾ ਵੱਡੇ ਪੱਧਰ 'ਤੇ ਪ੍ਰਚਾਰ ਕੀਤਾ ਜਾਵੇ ਅਤੇ ਇਸ ਦੀ ਜਾਣਕਾਰੀ ਵਿਭਾਗੀ ਵੈੱਬਸਾਈਟਾਂ, ਸੋਸ਼ਲ ਮੀਡੀਆ ਪਲੇਟਫਾਰਮਾਂ ਅਤੇ ਹੋਰ ਸਰਕਾਰੀ ਮਾਧਿਅਮਾਂ 'ਤੇ ਵੀ ਉਪਲਬਧ ਕਰਵਾਈ ਜਾਵੇ, ਤਾਂ ਜੋ ਵੱਧ ਤੋਂ ਵੱਧ ਨੌਜਵਾਨ ਇਸ ਦਾ ਲਾਭ ਚੁੱਕ ਸਕਣ।

ਇੰਡੀਆ ਸਪੇਸ ਲੈਬ ਵੱਲੋਂ ਜਾਰੀ ਪ੍ਰੋਗਰਾਮ ਦੇ ਵੇਰਵਿਆਂ ਅਨੁਸਾਰ, ਇਸ ਸਮਰ ਇੰਟਰਨਸ਼ਿਪ ਅਤੇ ਤਕਨੀਕੀ ਸਿਖਲਾਈ ਪ੍ਰੋਗਰਾਮ ਤਹਿਤ ਭਾਗੀਦਾਰਾਂ ਨੂੰ ਐਡਵਾਂਸ ਡਰੋਨ ਟੈਕਨਾਲੋਜੀ, ਕੈਨਸੈਟ ਅਤੇ ਕਿਊਬਸੈਟ (ਸਟੂਡੈਂਟ ਸੈਟੇਲਾਈਟ), ਰੌਕਟਰੀ ਟ੍ਰੇਨਿੰਗ, ਰਿਮੋਟ ਸੈਂਸਿੰਗ ਅਤੇ ਜੀ.ਆਈ.ਐੱਸ. (GIS), ਡਿਜ਼ਾਸਟਰ ਮੈਨੇਜਮੈਂਟ ਅਤੇ ਪੁਲਾੜ ਵਿਗਿਆਨ ਨਾਲ ਸਬੰਧਤ ਹੋਰ ਆਧੁਨਿਕ ਵਿਸ਼ਿਆਂ 'ਤੇ ਸਿਖਲਾਈ ਦਿੱਤੀ ਜਾਵੇਗੀ।

ਇਹ ਸਿਖਲਾਈ ਪੂਰੀ ਤਰ੍ਹਾਂ ਆਨਲਾਈਨ ਮਾਧਿਅਮ ਰਾਹੀਂ ਕਰਵਾਈ ਜਾਵੇਗੀ, ਜਿਸ ਵਿੱਚ ਮਾਹਿਰਾਂ ਵੱਲੋਂ ਲਾਈਵ ਸੈਸ਼ਨ ਲਏ ਜਾਣਗੇ। ਭਾਗੀਦਾਰਾਂ ਨੂੰ ਵੱਖ-ਵੱਖ ਪੁਲਾੜ ਪ੍ਰੋਜੈਕਟਾਂ, ਤਕਨੀਕੀ ਪ੍ਰਯੋਗਾਂ, ਸੈਟੇਲਾਈਟ ਪ੍ਰਣਾਲੀਆਂ ਅਤੇ ਆਧੁਨਿਕ ਵਿਗਿਆਨਕ ਉਪਕਰਨਾਂ ਦੇ ਵਿਵਹਾਰਕ ਉਪਯੋਗ ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਪ੍ਰੋਗਰਾਮ ਦੇ ਸਫਲਤਾਪੂਰਵਕ ਮੁਕੰਮਲ ਹੋਣ 'ਤੇ ਭਾਗੀਦਾਰਾਂ ਨੂੰ ਸਰਟੀਫਿਕੇਟ ਦਿੱਤੇ ਜਾਣਗੇ।

ਇਸ ਪ੍ਰੋਗਰਾਮ ਵਿੱਚ ਗ੍ਰੈਜੂਏਟ, ਪੋਸਟ-ਗ੍ਰੈਜੂਏਟ ਵਿਦਿਆਰਥੀ ਅਤੇ ਖੋਜਕਰਤਾ ਭਾਗ ਲੈ ਸਕਣਗੇ। ਇਸ ਤਰ੍ਹਾਂ ਦੇ ਪ੍ਰੋਗਰਾਮ ਨੌਜਵਾਨਾਂ ਨੂੰ ਸਿਰਫ਼ ਸਿਧਾਂਤਕ ਸਿੱਖਿਆ ਤੱਕ ਸੀਮਤ ਨਹੀਂ ਰੱਖਣਗੇ, ਸਗੋਂ ਉਨ੍ਹਾਂ ਨੂੰ ਭਵਿੱਖ ਦੀਆਂ ਤਕਨੀਕਾਂ ਅਤੇ ਵਿਸ਼ਵ ਪੱਧਰ ਦੇ ਵਿਗਿਆਨਕ ਨਵੀਨਤਾਵਾਂ ਨਾਲ ਸਿੱਧਾ ਜੋੜਨਗੇ।ਸਮਰ ਇੰਟਰਨਸ਼ਿਪ ਪ੍ਰੋਗਰਾਮ ਦੋ ਪੜਾਵਾਂ ਵਿੱਚ ਕਰਵਾਇਆ ਜਾਵੇਗਾ। ਪ੍ਰੋਗਰਾਮ ਦੇ ਦੂਜੇ ਬੈਚ ਲਈ 10 ਜੂਨ ਤੱਕ ਅਪਲਾਈ ਕੀਤਾ ਜਾ ਸਕੇਗਾ, ਜਦਕਿ ਕਲਾਸਾਂ 17 ਜੂਨ ਤੋਂ 4 ਜੁਲਾਈ ਤੱਕ ਚੱਲਣਗੀਆਂ। ਪ੍ਰੋਗਰਾਮ ਵਿੱਚ ਕੁੱਲ 2315 ਸੀਟਾਂ ਉਪਲਬਧ ਹਨ, ਜਿਨ੍ਹਾਂ ਵਿੱਚੋਂ ਪਹਿਲੇ ਬੈਚ ਲਈ 1270 ਸਨ, ਜਦੋਂ ਕਿ ਦੂਜੇ ਬੈਚ ਲਈ 1045 ਸੀਟਾਂ ਨਿਰਧਾਰਤ ਕੀਤੀਆਂ ਗਈਆਂ ਹਨ। ਭਾਗੀਦਾਰਾਂ ਲਈ 950 ਰੁਪਏ ਰਜਿਸਟ੍ਰੇਸ਼ਨ ਫੀਸ ਰੱਖੀ ਗਈ ਹੈ। ਸਿਖਲਾਈ ਅਤੇ ਇੰਟਰਨਸ਼ਿਪ ਲਈ ਵੱਖਰੀ ਕੋਈ ਫੀਸ ਨਹੀਂ ਲਈ ਜਾਵੇਗੀ। ਹਾਲਾਂਕਿ, ਪ੍ਰੋਗਰਾਮ ਦੌਰਾਨ ਕਿਸੇ ਵੀ ਤਰ੍ਹਾਂ ਦਾ ਸਟਾਈਪੈਂਡ (ਭੱਤਾ) ਨਹੀਂ ਦਿੱਤਾ ਜਾਵੇਗਾ।

ਇੰਡੀਆ ਸਪੇਸ ਲੈਬ ਨੇ ਆਪਣੇ ਪੱਤਰ ਵਿੱਚ ਜ਼ਿਕਰ ਕੀਤਾ ਹੈ ਕਿ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਦੀ ਅਗਵਾਈ ਵਿੱਚ ਪੁਲਾੜ ਖੇਤਰ ਵਿੱਚ ਕੀਤੇ ਗਏ ਵਿਆਪਕ ਸੁਧਾਰਾਂ ਅਤੇ ਵਿਕਸਿਤ ਭਾਰਤ 2047 ਮੁਹਿੰਮ ਦੇ ਅੰਤਰਗਤ ਨੌਜਵਾਨਾਂ ਨੂੰ ਸਪੇਸ ਟੈਕਨਾਲੋਜੀ, ਖੋਜ ਅਤੇ ਨਵੀਨਤਾ ਨਾਲ ਜੋੜਨ 'ਤੇ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਇਸੇ ਉਦੇਸ਼ ਨੂੰ ਧਿਆਨ ਵਿੱਚ ਰੱਖਦਿਆਂ ਇਹ ਸਮਰ ਇੰਟਰਨਸ਼ਿਪ ਪ੍ਰੋਗਰਾਮ ਸ਼ੁਰੂ ਕੀਤਾ ਗਿਆ ਹੈ, ਤਾਂ ਜੋ ਦੇਸ਼ ਦੇ ਵਿਦਿਆਰਥੀ ਵਿਸ਼ਵ ਪੱਧਰੀ ਤਕਨੀਕੀ ਸਮਝ ਅਤੇ ਹੁਨਰ ਵਿਕਸਿਤ ਕਰ ਸਕਣ।

ਪੱਤਰ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਇੰਡੀਆ ਸਪੇਸ ਵੀਕ ਅਤੇ ਨੈਸ਼ਨਲ ਸਪੇਸ ਡੇ ਵਰਗੇ ਪ੍ਰੋਗਰਾਮਾਂ ਤੋਂ ਬਾਅਦ ਨੌਜਵਾਨਾਂ ਵਿੱਚ ਪੁਲਾੜ ਵਿਗਿਆਨ ਪ੍ਰਤੀ ਤੇਜ਼ੀ ਨਾਲ ਵਧ ਰਹੀ ਦਿਲਚਸਪੀ ਨੂੰ ਦੇਖਦੇ ਹੋਏ ਇਸ ਤਰ੍ਹਾਂ ਦੀਆਂ ਪਹਿਲਕਦਮੀਆਂ ਨੂੰ ਹੋਰ ਵਧਾਇਆ ਜਾ ਰਿਹਾ ਹੈ।

ਡਰੋਨ ਟੈਕਨਾਲੋਜੀ, ਜੀ.ਆਈ.ਐੱਸ., ਸੈਟੇਲਾਈਟ ਸਿਸਟਮ, ਰਿਮੋਟ ਸੈਂਸਿੰਗ ਅਤੇ ਡਿਜ਼ਾਸਟਰ ਮੈਨੇਜਮੈਂਟ ਵਰਗੇ ਖੇਤਰਾਂ ਵਿੱਚ ਸਿਖਲਾਈ ਪ੍ਰਾਪਤ ਨੌਜਵਾਨਾਂ ਲਈ ਭਵਿੱਖ ਵਿੱਚ ਰੁਜ਼ਗਾਰ, ਖੋਜ ਅਤੇ ਸਟਾਰਟਅੱਪ ਦੇ ਵਿਆਪਕ ਮੌਕੇ ਉਪਲਬਧ ਹੋਣਗੇ। ਰਾਜ ਸਰਕਾਰ ਦੀ ਇਹ ਪਹਿਲ ਸੂਬੇ ਦੇ ਨੌਜਵਾਨਾਂ ਨੂੰ ਆਧੁਨਿਕ ਤਕਨੀਕੀ ਮੁਹਾਰਤ ਨਾਲ ਲੈਸ ਕਰਨ ਦੇ ਨਾਲ-ਨਾਲ ਉਨ੍ਹਾਂ ਨੂੰ ਰਾਸ਼ਟਰੀ ਅਤੇ ਵਿਸ਼ਵ ਪੱਧਰ 'ਤੇ ਮੁਕਾਬਲੇਬਾਜ਼ ਬਣਾਉਣ ਦੀ ਦਿਸ਼ਾ ਵਿੱਚ ਵੀ ਮਹੱਤਵਪੂਰਨ ਸਾਬਤ ਹੋਵੇਗੀ।

# ਹਰਿਆਣਾ ਨੇ ਰਾਜ-ਵਿਆਪੀ ਐਮਰਜੈਂਸੀ ਰਿਸਪਾਂਸ ਫਰੇਮਵਰਕ ਨਾਲ ਆਪਦਾ ਤਿਆਰੀ ਨੂੰ ਕੀਤਾ ਮਜ਼ਬੂਤ

**ਚੰਡੀਗੜ੍ਹ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਸਰਕਾਰ ਨੇ ਸਾਰੇ ਵਿਭਾਗਾਂ ਅਤੇ ਜ਼ਿਲ੍ਹਿਆਂ ਵਿੱਚ ਐਮਰਜੈਂਸੀ ਰਿਸਪਾਂਸ ਪ੍ਰਣਾਲੀ ਨੂੰ ਮਜ਼ਬੂਤ ਕਰਨ ਦੇ ਉਦੇਸ਼ ਨਾਲ ਇੱਕ ਵਿਆਪਕ ਰਾਜ-ਵਿਆਪੀ ਤਿਆਰੀ ਅਭਿਆਸ ਸ਼ੁਰੂ ਕੀਤਾ ਹੈ।

ਮਾਲ ਅਤੇ ਆਪਦਾ ਪ੍ਰਬੰਧਨ ਵਿਭਾਗ ਦੀ ਵਧੀਕ ਮੁੱਖ ਸਕੱਤਰ ਅਤੇ ਵਿੱਤ ਕਮਿਸ਼ਨਰ ਡਾ. ਸੁਮਿਤਾ ਮਿਸ਼ਰਾ ਨੇ 'ਇੰਸੀਡੈਂਟ ਰਿਸਪਾਂਸ ਸਿਸਟਮ' ਦੇ ਤਹਿਤ ਹਰਿਆਣਾ ਰਾਜ ਆਪਦਾ ਪ੍ਰਤੀਕਿਰਿਆ ਮੈਨੂਅਲ ਦੇ ਪ੍ਰਭਾਵੀ ਲਾਗੂਕਰਨ ਲਈ ਹਰਿਆਣਾ ਦੇ ਸੀਨੀਅਰ ਅਧਿਕਾਰੀਆਂ ਨੂੰ ਵਿਸਤ੍ਰਿਤ ਨਿਰਦੇਸ਼ ਜਾਰੀ ਕੀਤੇ ਹਨ।

ਡਾ. ਮਿਸ਼ਰਾ ਦੀ ਇਸ ਪਹਿਲ ਨੂੰ ਇੱਕ ਮਹੱਤਵਪੂਰਨ ਪ੍ਰਸ਼ਾਸਨਿਕ ਸੁਧਾਰ ਵਜੋਂ ਦੇਖਿਆ ਜਾ ਰਿਹਾ ਹੈ, ਜਿਸ ਨੂੰ ਆਪਦਾਵਾਂ ਅਤੇ ਐਮਰਜੈਂਸੀ ਸਥਿਤੀਆਂ ਦੌਰਾਨ ਤੁਰੰਤ, ਵਧੇਰੇ ਤਾਲਮੇਲ ਵਾਲੀ ਅਤੇ ਕੁਸ਼ਲ ਪ੍ਰਤੀਕਿਰਿਆ ਯਕੀਨੀ ਬਣਾਉਣ ਲਈ ਤਿਆਰ ਕੀਤਾ ਗਿਆ ਹੈ।

ਉਨ੍ਹਾਂ ਦੱਸਿਆ ਕਿ ਆਪਦਾ ਪ੍ਰਬੰਧਨ ਐਕਟ, 2005 ਦੇ ਤਹਿਤ ਗਠਿਤ 'ਇੰਸੀਡੈਂਟ ਰਿਸਪਾਂਸ ਸਿਸਟਮ' ਨੂੰ ਹਰਿਆਣਾ ਵਿੱਚ ਰਾਜ ਅਤੇ ਜ਼ਿਲ੍ਹਾ ਦੋਵਾਂ ਪੱਧਰਾਂ 'ਤੇ ਪਹਿਲਾਂ ਹੀ ਨੋਟੀਫਾਈ ਕੀਤਾ ਜਾ ਚੁੱਕਾ ਹੈ। ਇਹ ਢਾਂਚਾ ਐਮਰਜੈਂਸੀ ਦੌਰਾਨ ਕਮਾਂਡ, ਤਾਲਮੇਲ ਅਤੇ ਸਰੋਤ ਪ੍ਰਬੰਧਨ ਲਈ ਇੱਕ ਸੰਗਠਿਤ ਪ੍ਰਣਾਲੀ ਪ੍ਰਦਾਨ ਕਰਦਾ ਹੈ।ਡਾ. ਮਿਸ਼ਰਾ ਨੇ ਜਾਣਕਾਰੀ ਦਿੱਤੀ ਕਿ ਆਈਆਰਐਸ ਢਾਂਚਾ ਹਰੇਕ ਹਿੱਸੇਦਾਰ ਦੀਆਂ ਭੂਮਿਕਾਵਾਂ ਅਤੇ ਜ਼ਿੰਮੇਵਾਰੀਆਂ ਨੂੰ ਸਪਸ਼ਟ ਰੂਪ ਵਿੱਚ ਪਰਿਭਾਸ਼ਿਤ ਕਰਦਾ ਹੈ, ਜਿਸ ਨਾਲ ਵਿਭਾਗ ਹੜ੍ਹ, ਹੀਟਵੇਵਸ, ਉਦਯੋਗਿਕ ਹਾਦਸਿਆਂ ਅਤੇ ਹੋਰ ਐਮਰਜੈਂਸੀ ਸਥਿਤੀਆਂ ਦੌਰਾਨ ਆਪਸੀ ਤਾਲਮੇਲ ਨਾਲ ਕੰਮ ਕਰ ਸਕਣ।

ਉਨ੍ਹਾਂ ਦੱਸਿਆ ਕਿ ਹਰਿਆਣਾ ਰਾਜ ਆਫ਼ਤ ਪ੍ਰਤੀਕਿਰਿਆ ਮੈਨੂਅਲ ਭਾਰਤ ਸਰਕਾਰ ਦੇ ਰਾਸ਼ਟਰੀ ਆਫ਼ਤ ਪ੍ਰਬੰਧਨ ਅਥਾਰਟੀ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਤਿਆਰ ਕੀਤਾ ਗਿਆ ਹੈ।

ਡਾ. ਸੁਮਿਤਾ ਮਿਸ਼ਰਾ ਨੇ ਰਾਜ ਪੱਧਰ 'ਤੇ 'ਇੰਸੀਡੈਂਟ ਕਮਾਂਡਰ' ਵਜੋਂ 24 ਪ੍ਰਮੁੱਖ ਹਿੱਸੇਦਾਰ ਵਿਭਾਗਾਂ ਦੇ ਪ੍ਰਸ਼ਾਸਨਿਕ ਸਕੱਤਰਾਂ ਨੂੰ ਪੱਤਰ ਲਿਖ ਕੇ ਇਹ ਯਕੀਨੀ ਬਣਾਉਣ ਦੇ ਨਿਰਦੇਸ਼ ਦਿੱਤੇ ਹਨ ਕਿ ਨਾਮਜ਼ਦ ਅਧਿਕਾਰੀ ਆਪਣੀਆਂ ਜ਼ਿੰਮੇਵਾਰੀਆਂ ਤੋਂ ਪੂਰੀ ਤਰ੍ਹਾਂ ਜਾਣੂ ਹੋਣ। ਇਨ੍ਹਾਂ ਵਿਭਾਗਾਂ ਵਿੱਚ ਗ੍ਰਹਿ, ਵਾਤਾਵਰਣ ਅਤੇ ਜੰਗਲਾਤ, ਟ੍ਰਾਂਸਪੋਰਟ, ਸਿਵਲ ਐਵੀਏਸ਼ਨ, ਵਿੱਤ, ਪੁਲਿਸ, ਸਿੰਚਾਈ, ਖੇਤੀਬਾੜੀ, ਸਿੱਖਿਆ, ਸਿਹਤ, ਊਰਜਾ ਅਤੇ ਫਾਇਰ ਸਰਵਿਸ ਆਦਿ ਸ਼ਾਮਲ ਹਨ।

ਇਸ ਤੋਂ ਇਲਾਵਾ, ਉਨ੍ਹਾਂ ਨੇ ਹਰਿਆਣਾ ਦੇ ਸਾਰੇ 23 ਡਿਪਟੀ ਕਮਿਸ਼ਨਰਾਂ ਨੂੰ ਵੀ ਪੱਤਰ ਲਿਖਿਆ ਹੈ, ਜੋ ਜ਼ਿਲ੍ਹਾ ਪੱਧਰ 'ਤੇ 'ਜ਼ਿੰਮੇਵਾਰ ਅਧਿਕਾਰੀ' ਵਜੋਂ ਕੰਮ ਕਰਦੇ ਹਨ। ਡਿਪਟੀ ਕਮਿਸ਼ਨਰਾਂ ਨੂੰ ਇਹ ਯਕੀਨੀ ਬਣਾਉਣ ਲਈ ਕਿਹਾ ਗਿਆ ਹੈ ਕਿ ਨਿਯਮਤ ਸਿਖਲਾਈ ਪ੍ਰੋਗਰਾਮ ਅਤੇ ਮੌਕ ਡਰਿੱਲ ਆਯੋਜਿਤ ਕੀਤੀਆਂ ਜਾਣ।

ਡਾ. ਮਿਸ਼ਰਾ ਨੇ ਦੱਸਿਆ ਕਿ ਰਾਜ ਸਰਕਾਰ 14 ਮਈ, 2026 ਨੂੰ ਹਰਿਆਣਾ ਦੇ 13 ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ (ਗੁਰੂਗ੍ਰਾਮ, ਅੰਬਾਲਾ, ਫਰੀਦਾਬਾਦ, ਫਤਿਹਾਬਾਦ, ਕੈਥਲ, ਕਰਨਾਲ, ਕੁਰੂਕਸ਼ੇਤਰ, ਪੰਚਕੂਲਾ, ਪਾਣੀਪਤ, ਪਲਵਲ, ਸਿਰਸਾ, ਸੋਨੀਪਤ ਅਤੇ ਯਮੁਨਾਨਗਰ) ਵਿੱਚ ਹੜ੍ਹ ਆਫ਼ਤ ਦੇ ਦ੍ਰਿਸ਼ 'ਤੇ ਇੱਕ ਰਾਜ-ਪੱਧਰੀ ਮੌਕ ਅਭਿਆਸ ਆਯੋਜਿਤ ਕਰ ਰਹੀ ਹੈ।

ਉਨ੍ਹਾਂ ਦੱਸਿਆ ਕਿ 6 ਮਈ ਨੂੰ ਓਰੀਐਂਟੇਸ਼ਨ ਅਤੇ ਤਾਲਮੇਲ ਕਾਨਫਰੰਸ ਸਫਲਤਾਪੂਰਵਕ ਸੰਪੰਨ ਹੋਈ ਸੀ, ਹੁਣ ਕੱਲ੍ਹ 13 ਮਈ ਨੂੰ ਇੱਕ 'ਟੇਬਲ ਟਾਪ ਐਕਸਰਸਾਈਜ਼' ਰਾਹੀਂ ਵੱਖ-ਵੱਖ ਪ੍ਰਤੀਕਿਰਿਆ ਦੇ ਦ੍ਰਿਸ਼ਾਂ ਅਤੇ ਰਣਨੀਤੀਆਂ 'ਤੇ ਵਿਸਤਾਰ ਨਾਲ ਚਰਚਾ ਕੀਤੀ ਜਾਵੇਗੀ।

ਡਾ. ਮਿਸ਼ਰਾ ਅਨੁਸਾਰ ਸਾਰੇ ਪ੍ਰਮੁੱਖ ਵਿਭਾਗਾਂ ਅਤੇ ਜ਼ਿਲ੍ਹਿਆਂ ਨੂੰ ਇੱਕ ਏਕੀਕ੍ਰਿਤ ਆਪਦਾ ਪ੍ਰਤੀਕਿਰਿਆ ਢਾਂਚੇ ਦੇ ਹੇਠਾਂ ਲਿਆਉਣ ਦੇ ਨਾਲ, ਹਰਿਆਣਾ ਖੁਦ ਨੂੰ ਸੰਸਥਾਗਤ ਆਫ਼ਤ ਤਿਆਰੀਆਂ ਅਤੇ ਤਾਲਮੇਲ ਵਾਲੇ ਐਮਰਜੈਂਸੀ ਪ੍ਰਬੰਧਨ ਵਿੱਚ ਮੋਹਰੀ ਰਾਜਾਂ ਵਿੱਚੋਂ ਇੱਕ ਵਜੋਂ ਸਥਾਪਿਤ ਕਰ ਰਿਹਾ ਹੈ।

# ਸੋਮਨਾਥ ਮੰਦਰ ਭਾਰਤ ਦੀ ਸਨਾਤਨ ਚੇਤਨਾ, ਸੱਭਿਆਚਾਰਕ ਮਾਣ ਅਤੇ ਰਾਸ਼ਟਰੀ ਸਵਾਭਿਮਾਨ ਦਾ ਅਮਰ ਪ੍ਰਤੀਕ : ਮੁੱਖ ਮੰਤਰੀ

**ਚੰਡੀਗੜ੍ਹ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੋਮਨਾਥ ਮੰਦਰ ਕੇਵਲ ਇੱਕ ਧਾਰਮਿਕ ਸਥਾਨ ਨਹੀਂ, ਸਗੋਂ ਭਾਰਤ ਦੀ ਸਨਾਤਨ ਚੇਤਨਾ, ਅਟੁੱਟ ਆਸਥਾ ਅਤੇ ਰਾਸ਼ਟਰੀ ਸਵੈ-ਮਾਣ ਦਾ ਅਮਰ ਪ੍ਰਤੀਕ ਹੈ, ਜਿਸ ਨੇ ਹਰ ਹਮਲੇ, ਹਰ ਸੰਘਰਸ਼ ਅਤੇ ਹਰ ਮੁਸੀਬਤ ਤੋਂ ਬਾਅਦ ਰਾਸ਼ਟਰ ਨੂੰ ਮੁੜ ਖੜ੍ਹੇ ਹੋਣ ਦੀ ਸ਼ਕਤੀ ਦਿੱਤੀ ਹੈ।

ਮੁੱਖ ਮੰਤਰੀ ਸੋਮਵਾਰ ਨੂੰ ਕੁਰੂਕਸ਼ੇਤਰ ਦੇ ਪਿਹੋਵਾ ਸਥਿਤ ਸ਼੍ਰੀ ਸੰਗਮੇਸ਼ਵਰ ਮਹਾਦੇਵ ਮੰਦਰ ਅਰੁਣਾਏ ਵਿਖੇ ਆਯੋਜਿਤ 'ਸੋਮਨਾਥ ਸਵਾਭਿਮਾਨ ਪਰਵ' ਦੇ ਰਾਜ ਪੱਧਰੀ ਪ੍ਰੋਗਰਾਮ ਵਿੱਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰ ਰਹੇ ਸਨ। ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੂੰ ਮੰਦਰ ਕਮੇਟੀ ਦੇ ਅਹੁਦੇਦਾਰਾਂ ਅਤੇ ਸੰਤ ਸਮਾਜ ਵੱਲੋਂ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਦੌਰਾਨ ਮੁੱਖ ਮੰਤਰੀ ਅਤੇ ਹਾਜ਼ਰ ਸ਼ਰਧਾਲੂਆਂ ਨੇ ਸੋਮਨਾਥ ਮੰਦਰ ਵਿੱਚ ਆਯੋਜਿਤ ਵਿਸ਼ੇਸ਼ ਪ੍ਰੋਗਰਾਮ ਦਾ ਸਿੱਧਾ ਪ੍ਰਸਾਰਣ ਵੀ ਦੇਖਿਆ, ਜਿਸ ਵਿੱਚ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਵਿਸ਼ੇਸ਼ ਪੂਜਾ ਕਰਦੇ ਹੋਏ ਆਪਣਾ ਸੰਬੋਧਨ ਦਿੱਤਾ। ਸ੍ਰੀ ਸੰਗਮੇਸ਼ਵਰ ਮਹਾਦੇਵ ਮੰਦਰ ਅਰੁਣਾਏ ਵਿੱਚ ਆਯੋਜਿਤ ਪ੍ਰੋਗਰਾਮ ਵਿੱਚ ਪਹੁੰਚੇ ਸਾਧੂ ਸੰਤਾਂ ਦਾ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਸ਼ਾਲ ਭੇਟ ਕਰਕੇ ਸਨਮਾਨ ਵੀ ਕੀਤਾ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਹਰ-ਹਰ ਮਹਾਦੇਵ ਦੇ ਜੈਕਾਰਿਆਂ ਨਾਲ ਮੌਜੂਦ ਸ਼ਰਧਾਲੂਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸੋਮਨਾਥ ਮੰਦਰ ਦੇ ਪੁਨਰ ਨਿਰਮਾਣ ਦੇ 75 ਸਾਲ ਪੂਰੇ ਹੋਣ ਦੀ ਯਾਦ ਵਿੱਚ ਮਨਾਇਆ ਜਾ ਰਿਹਾ ਇਹ ਸਾਲ ਭਰ ਦਾ ਰਾਸ਼ਟਰੀ ਉਤਸਵ ਭਾਰਤ ਦੀ ਸੱਭਿਆਚਾਰਕ ਚੇਤਨਾ, ਅਧਿਆਤਮਿਕ ਜਾਗ੍ਰਿਤੀ ਅਤੇ ਸਭਿਅਤਾ ਦੀ ਨਿਰੰਤਰਤਾ ਦਾ ਪ੍ਰਤੀਕ ਹੈ। ਵੈਦਿਕ ਨਦੀਆਂ ਅਰੁਣਾਏ ਅਤੇ ਸਰਸਵਤੀ ਦੇ ਪਵਿੱਤਰ ਸੰਗਮ ਸਥਾਨ 'ਤੇ ਇਸ ਉਤਸਵ ਦਾ ਆਯੋਜਨ ਇਸ ਦੀ ਅਧਿਆਤਮਿਕ ਮਹੱਤਤਾ ਨੂੰ ਹੋਰ ਵੀ ਦਿਵਯ ਬਣਾ ਰਿਹਾ ਹੈ। ਉਨ੍ਹਾਂ ਨੇ ਕਿਹਾ ਕਿ ਇੱਥੇ ਸਥਿਤ ਪ੍ਰਾਚੀਨ ਸੰਗਮੇਸ਼ਵਰ ਮੰਦਰ ਸਦੀਆਂ ਤੋਂ ਇਸ ਪਵਿੱਤਰ ਸੰਗਮ ਅਤੇ ਭਾਰਤ ਦੀ ਅਮੀਰ ਅਧਿਆਤਮਿਕ ਪਰੰਪਰਾ ਦਾ ਗਵਾਹ ਰਿਹਾ ਹੈ।

ਮੁੱਖ ਮੰਤਰੀ ਨੇ 'ਸੋਮਨਾਥ ਸਵਾਭਿਮਾਨ ਪਰਵ' ਦੀ ਵਧਾਈ ਦਿੰਦਿਆਂ ਕਿਹਾ ਕਿ ਇਹ ਉਤਸਵ 11 ਜਨਵਰੀ ਤੋਂ ਸ਼ੁਰੂ ਹੋ ਕੇ 11 ਜਨਵਰੀ 2027 ਤੱਕ ਚੱਲੇਗਾ। ਉਨ੍ਹਾਂ ਦੱਸਿਆ ਕਿ ਦੇਸ਼ ਭਰ ਤੋਂ ਸ਼ਰਧਾਲੂ ਸੋਮਨਾਥ ਮੰਦਰ ਪਹੁੰਚ ਰਹੇ ਹਨ ਅਤੇ ਹਰਿਆਣਾ ਤੋਂ ਵੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਬਜ਼ੁਰਗ ਨਾਗਰਿਕਾਂ ਲਈ 8 ਜੂਨ ਨੂੰ ਵਿਸ਼ੇਸ਼ ਰੇਲਗੱਡੀ ਰਵਾਨਾ ਕੀਤੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੀ ਦੂਰਅੰਦੇਸ਼ੀ ਅਗਵਾਈ ਹੇਠ ਭਾਰਤ ਦੀ ਅਧਿਆਤਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਨਵੀਂ ਵਿਸ਼ਵ ਪੱਧਰੀ ਪਛਾਣ ਅਤੇ ਸਨਮਾਨ ਮਿਲਿਆ ਹੈ। ਉਨ੍ਹਾਂ ਨੇ ਕਿਹਾ ਕਿ ਸਦੀਆਂ ਦੀ ਉਡੀਕ ਤੋਂ ਬਾਅਦ ਅਯੁੱਧਿਆ ਵਿੱਚ ਸ਼੍ਰੀ ਰਾਮ ਜਨਮ ਭੂਮੀ ਮੰਦਰ ਦਾ ਸ਼ਾਨਦਾਰ ਨਿਰਮਾਣ ਅਤੇ ਰਾਮਲਲਾ ਦੀ ਪ੍ਰਾਣ ਪ੍ਰਤਿਸ਼ਠਾ ਭਾਰਤੀ ਸੰਸਕ੍ਰਿਤੀ ਦੇ ਪੁਨਰਜਾਗਰਣ ਦਾ ਸਭ ਤੋਂ ਵੱਡਾ ਪ੍ਰਤੀਕ ਬਣੀ। ਉਨ੍ਹਾਂ ਕਿਹਾ ਕਿ ਉਸ ਸਮੇਂ ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ ਪੂਰਾ ਦੇਸ਼ ਰਾਮ-ਮਈ ਹੋ ਗਿਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਕਾਸ਼ੀ ਵਿਸ਼ਵਨਾਥ ਧਾਮ, ਮਹਾਕਾਲ ਲੋਕ ਅਤੇ ਕੇਦਾਰਨਾਥ ਧਾਮ ਦੇ ਪੁਨਰ ਵਿਕਾਸ ਨੇ ਭਾਰਤ ਦੇ ਪ੍ਰਾਚੀਨ ਤੀਰਥ ਸਥਾਨਾਂ ਦੀ ਮਰਿਆਦਾ ਨੂੰ ਬਹਾਲ ਕੀਤਾ ਹੈ ਅਤੇ ਆਧੁਨਿਕ ਭਾਰਤ ਨੂੰ ਆਪਣੀਆਂ ਸੱਭਿਆਚਾਰਕ ਜੜ੍ਹਾਂ ਨਾਲ ਜੋੜਨ ਦਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਚਾਰਧਾਮ ਪ੍ਰੋਜੈਕਟ, ਪ੍ਰਸਾਦ ਯੋਜਨਾ ਅਤੇ ਸੱਭਿਆਚਾਰਕ ਵਿਰਾਸਤ ਦੀ ਸੰਭਾਲ ਵਰਗੇ ਯਤਨਾਂ ਰਾਹੀਂ ਭਾਰਤ ਆਪਣੀਆਂ ਅਧਿਆਤਮਿਕ ਜੜ੍ਹਾਂ ਨਾਲ ਮੁੜ ਜੁੜ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਨਵੇਂ ਭਾਰਤ ਦਾ ਉਹ ਦੌਰ ਹੈ ਜਿੱਥੇ ਵਿਕਾਸ ਅਤੇ ਵਿਰਾਸਤ ਨਾਲ-ਨਾਲ ਚੱਲ ਰਹੇ ਹਨ।

ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਯੋਗਾ, ਆਯੁਰਵੇਦ ਅਤੇ 'ਵਸੂਧੈਵ ਕੁਟੁੰਬਕਮ' ਦਾ ਸੰਦੇਸ਼ ਦੇ ਕੇ ਭਾਰਤੀ ਸੰਸਕ੍ਰਿਤੀ ਦੀ ਵਿਸ਼ਵ ਪੱਧਰੀ ਪ੍ਰਤਿਸ਼ਠਾ ਨੂੰ ਨਵੀਆਂ ਉਚਾਈਆਂ 'ਤੇ ਪਹੁੰਚਾਇਆ ਹੈ। ਉਨ੍ਹਾਂ ਨੇ ਇਸ ਦੌਰਾਨ ਸ੍ਰੀ ਕਰਤਾਰਪੁਰ ਸਾਹਿਬ ਕਾਰੀਡੋਰ ਅਤੇ ਕੁਰੂਕਸ਼ੇਤਰ ਦੇ ਅਨੁਭਵ ਕੇਂਦਰ ਦਾ ਵੀ ਜ਼ਿਕਰ ਕੀਤਾ। ਮੁੱਖ ਮੰਤਰੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਨੇ ਅਲੋਪ ਹੋ ਰਹੀ ਸੰਸਕ੍ਰਿਤੀ ਨੂੰ ਪਛਾਣ ਦਿਵਾਉਣ ਦਾ ਕੰਮ ਕੀਤਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਸਨਾਤਨ ਪਰੰਪਰਾ ਵਿੱਚ ਸੋਮਨਾਥ ਨੂੰ ਬਾਰਾਂ ਜਯੋਤਿਰਲਿੰਗਾਂ ਵਿੱਚੋਂ ਪਹਿਲੇ ਜਯੋਤਿਰਲਿੰਗ ਦਾ ਮਾਣ ਹਾਸਲ ਹੈ। ਪੁਰਾਣਾਂ ਅਨੁਸਾਰ ਚੰਦਰਦੇਵ ਨੇ ਆਪਣੇ ਦੁੱਖਾਂ ਤੋਂ ਮੁਕਤੀ ਪਾਉਣ ਲਈ ਇੱਥੇ ਭਗਵਾਨ ਸ਼ਿਵ ਦੀ ਘੋਰ ਤਪੱਸਿਆ ਕੀਤੀ ਸੀ, ਜਿਸ ਤੋਂ ਬਾਅਦ ਭਗਵਾਨ ਸ਼ਿਵ ਇੱਥੇ ਜਯੋਤਿਰਲਿੰਗ ਦੇ ਰੂਪ ਵਿੱਚ ਪ੍ਰਗਟ ਹੋਏ ਅਤੇ ਉਦੋਂ ਤੋਂ ਇਹ ਸਥਾਨ 'ਸੋਮਨਾਥ' ਅਖਵਾਇਆ। ਮੁੱਖ ਮੰਤਰੀ ਨੇ ਕਿਹਾ ਕਿ ਸੋਮਨਾਥ ਮੰਦਰ ਦਾ ਇਤਿਹਾਸ ਭਾਰਤ ਦੀ ਧੀਰਜ ਦੀ ਗਾਥਾ ਅਤੇ ਅਧਿਆਤਮਿਕ ਸ਼ਕਤੀ ਦਾ ਇਤਿਹਾਸ ਹੈ।

ਵਿਦੇਸ਼ੀ ਹਮਲਾਵਰਾਂ ਨੇ ਇਸ ਮੰਦਰ ਨੂੰ ਕਈ ਵਾਰ ਤੋੜਿਆ ਅਤੇ ਲੁੱਟਿਆ, ਪਰ ਹਰ ਵਾਰ ਇਹ ਮੰਦਰ ਹੋਰ ਵੀ ਹਿੰਮਤ ਅਤੇ ਆਸਥਾ ਨਾਲ ਮੁੜ ਖੜ੍ਹਾ ਹੋਇਆ। ਉਨ੍ਹਾਂ ਕਿਹਾ ਕਿ ਵਿਦੇਸ਼ੀ ਹਮਲਾਵਰਾਂ ਨੇ ਸਿਰਫ਼ ਮੰਦਰ ਨੂੰ ਨਹੀਂ, ਸਗੋਂ ਭਾਰਤ ਦੀ ਸੰਸਕ੍ਰਿਤੀ, ਆਸਥਾ ਅਤੇ ਪਛਾਣ ਨੂੰ ਮਿਟਾਉਣ ਦੀ ਕੋਸ਼ਿਸ਼ ਕੀਤੀ, ਪਰ ਉਹ ਇਹ ਸਮਝ ਨਹੀਂ ਸਕੇ ਕਿ ਸਨਾਤਨ ਕੇਵਲ ਮੰਦਰਾਂ ਵਿੱਚ ਨਹੀਂ, ਸਗੋਂ ਭਾਰਤ ਦੇ ਹਰ ਵਿਅਕਤੀ ਦੇ ਦਿਲ ਵਿੱਚ ਵਸਦਾ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਆਜ਼ਾਦੀ ਤੋਂ ਬਾਅਦ ਲੋਹ ਪੁਰਸ਼ ਸਰਦਾਰ ਵੱਲਭਭਾਈ ਪਟੇਲ ਨੇ ਸੋਮਨਾਥ ਮੰਦਰ ਦੇ ਪੁਨਰ ਨਿਰਮਾਣ ਦਾ ਸੰਕਲਪ ਲਿਆ ਸੀ ਅਤੇ ਇਸ ਨੂੰ ਰਾਸ਼ਟਰੀ ਸਨਮਾਨ ਦੀ ਬਹਾਲੀ ਦੱਸਿਆ ਸੀ। ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਦੇ ਪਹਿਲੇ ਰਾਸ਼ਟਰਪਤੀ ਡਾ: ਰਾਜੇਂਦਰ ਪ੍ਰਸਾਦ ਨੇ ਮਈ 1951 ਵਿੱਚ ਪੁਨਰ-ਨਿਰਮਿਤ ਸੋਮਨਾਥ ਮੰਦਰ ਦਾ ਉਦਘਾਟਨ ਕੀਤਾ ਸੀ ਅਤੇ ਅੱਜ ਉਸ ਦੇ 75 ਸਾਲ ਪੂਰੇ ਹੋਣਾ ਹਰ ਭਾਰਤੀ ਲਈ ਮਾਣ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਇਸ ਸਾਲ ਸੋਮਨਾਥ 'ਤੇ ਹੋਏ ਪਹਿਲੇ ਹਮਲੇ ਦੇ ਵੀ 1000 ਸਾਲ ਪੂਰੇ ਹੋ ਰਹੇ ਹਨ। ਸਾਲ 1026 ਵਿੱਚ ਹੋਏ ਇਸ ਹਮਲੇ ਦਾ ਜ਼ਿਕਰ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ 'ਸੋਮਨਾਥ ਸਵੈ-ਮਾਣ ਪਰਵ' ਹਜ਼ਾਰ ਸਾਲਾਂ ਦੀ ਧੀਰਜ ਦੀ ਗਾਥਾ ਅਤੇ ਅਟੁੱਟ ਆਸਥਾ ਦਾ ਪ੍ਰਤੀਕ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਨੌਜਵਾਨਾਂ ਨੂੰ ਭਾਰਤ ਦੀ ਸੱਭਿਆਚਾਰਕ, ਅਧਿਆਤਮਿਕ ਅਤੇ ਇਤਿਹਾਸਕ ਵਿਰਾਸਤ ਨਾਲ ਜੋੜਨਾ ਸਮੇਂ ਦੀ ਲੋੜ ਹੈ। ਉਨ੍ਹਾਂ ਕਿਹਾ, ਭਾਰਤ ਕੇਵਲ ਇੱਕ ਭੂਗੋਲਿਕ ਸੀਮਾ ਨਹੀਂ ਹੈ, ਭਾਰਤ ਇੱਕ ਸੱਭਿਅਤਾ, ਇੱਕ ਸੰਸਕ੍ਰਿਤੀ ਅਤੇ ਇੱਕ ਅਧਿਆਤਮਿਕ ਚੇਤਨਾ ਹੈ। ਮੁੱਖ ਮੰਤਰੀ ਨੇ ਕਿਹਾ ਕਿ 'ਸੋਮਨਾਥ ਸਵਾਭਿਮਾਨ ਪਰਵ' ਕੇਵਲ ਅਤੀਤ ਦੀ ਯਾਦ ਨਹੀਂ, ਸਗੋਂ ਸੱਭਿਆਚਾਰਕ ਜਾਗ੍ਰਿਤੀ ਅਤੇ ਸਭਿਅਤਾ ਦੀ ਚੇਤਨਾ ਦੀ ਇੱਕ ਰਾਸ਼ਟਰੀ ਮੁਹਿੰਮ ਹੈ। ਉਨ੍ਹਾਂ ਸਮਾਜ ਅਤੇ ਮਾਪਿਆਂ ਨੂੰ ਅਪੀਲ ਕੀਤੀ ਕਿ ਉਹ ਨਵੀਂ ਪੀੜ੍ਹੀ ਨੂੰ ਭਾਰਤ ਦੇ ਸ਼ਾਨਦਾਰ ਇਤਿਹਾਸ, ਪਰੰਪਰਾਵਾਂ ਅਤੇ ਸੱਭਿਆਚਾਰਕ ਕਦਰਾਂ-ਕੀਮਤਾਂ ਤੋਂ ਜਾਣੂ ਕਰਵਾਉਣ।

ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਸਰਕਾਰ ਰਾਜ ਦੀ ਸੱਭਿਆਚਾਰਕ ਅਤੇ ਅਧਿਆਤਮਿਕ ਵਿਰਾਸਤ ਦੀ ਸੰਭਾਲ ਲਈ ਨਿਰੰਤਰ ਕੰਮ ਕਰ ਰਹੀ ਹੈ। ਤੀਰਥ ਸਥਾਨਾਂ ਦੇ ਵਿਕਾਸ, ਮੰਦਰਾਂ ਅਤੇ ਸਰੋਵਰਾਂ ਦੀ ਸੰਭਾਲ ਅਤੇ ਧਾਰਮਿਕ ਸੈਰ-ਸਪਾਟੇ ਨੂੰ ਉਤਸ਼ਾਹਿਤ ਕਰਨ ਲਈ ਕਈ ਸਕੀਮਾਂ ਚਲਾਈਆਂ ਜਾ ਰਹੀਆਂ ਹਨ। ਉਨ੍ਹਾਂ ਕਿਹਾ ਕਿ ਪਵਿੱਤਰ ਸਰਸਵਤੀ ਅਤੇ ਦ੍ਰਿਸ਼ਦਵਤੀ ਨਦੀਆਂ ਦੇ ਵਿਚਕਾਰ ਸਥਿਤ 48 ਕੋਸ ਕੁਰੂਕਸ਼ੇਤਰ ਦੀ ਧਰਤੀ ਵਿੱਚ 367 ਤੀਰਥ ਸਥਾਨ ਹਨ, ਜਿਨ੍ਹਾਂ ਵਿੱਚੋਂ ਕਈ ਸਮੇਂ ਦੇ ਨਾਲ ਅਲੋਪ ਹੋਣ ਦੇ ਕੰਢੇ ਸਨ। ਰਾਜ ਸਰਕਾਰ ਇਨ੍ਹਾਂ ਤੀਰਥ ਸਥਾਨਾਂ ਦੇ ਪੁਨਰ-ਉਧਾਰ ਅਤੇ ਸੰਭਾਲ ਲਈ ਵਚਨਬੱਧ ਹੈ। ਮੁੱਖ ਮੰਤਰੀ ਨੇ ਦੱਸਿਆ ਕਿ ਸਾਲ 2023 ਵਿੱਚ ਸਰਵੇਖਣ ਅਤੇ ਦਸਤਾਵੇਜ਼ੀਕਰਨ ਤੋਂ ਬਾਅਦ 18 ਨਵੇਂ ਤੀਰਥ ਸਥਾਨਾਂ ਨੂੰ ਸੂਚੀ ਵਿੱਚ ਸ਼ਾਮਲ ਕੀਤਾ ਗਿਆ ਸੀ, ਜਿਸ ਤੋਂ ਬਾਅਦ ਹੁਣ ਤੱਕ ਕੁੱਲ 182 ਤੀਰਥ ਸਥਾਨਾਂ ਦਾ ਦਸਤਾਵੇਜ਼ੀਕਰਨ ਕੀਤਾ ਜਾ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸਵਦੇਸ਼ ਦਰਸ਼ਨ ਯੋਜਨਾ ਤਹਿਤ ਸਾਲ 2015 ਵਿੱਚ ਕੁਰੂਕਸ਼ੇਤਰ ਨੂੰ ਸ੍ਰੀ ਕ੍ਰਿਸ਼ਨ ਸਰਕਟ ਵਿੱਚ ਸ਼ਾਮਲ ਕੀਤਾ ਗਿਆ ਸੀ ਅਤੇ ਇਸ ਦੇ ਤਹਿਤ ਵੱਖ-ਵੱਖ ਤੀਰਥ ਸਥਾਨਾਂ ਦਾ ਵਿਕਾਸ ਕੀਤਾ ਜਾ ਰਿਹਾ ਹੈ। 48 ਕੋਸ ਖੇਤਰ ਦੇ 134 ਸਥਾਨਾਂ ਨੂੰ ਸੈਰ-ਸਪਾਟਾ ਅਤੇ ਅਧਿਆਤਮਿਕ ਸਥਾਨਾਂ ਵਜੋਂ ਵਿਕਸਤ ਕੀਤਾ ਜਾਵੇਗਾ।

ਮੁੱਖ ਮੰਤਰੀ ਨੇ ਕਿਹਾ ਕਿ ਹਾਲ ਹੀ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੁਆਰਾ ਲੋਕ ਅਰਪਿਤ ਕੀਤਾ ਗਿਆ ਜਯੋਤੀਸਰ ਅਨੁਭਵ ਕੇਂਦਰ ਆਧੁਨਿਕ ਤਕਨੀਕ ਰਾਹੀਂ ਮਹਾਭਾਰਤ ਦੇ ਦਰਸ਼ਨ, ਇਤਿਹਾਸ ਅਤੇ ਸੰਦੇਸ਼ ਨੂੰ ਜੀਵਤ ਰੂਪ ਵਿੱਚ ਪੇਸ਼ ਕਰ ਰਿਹਾ ਹੈ।

ਮੁੱਖ ਮੰਤਰੀ ਨੇ ਸੰਤਾਂ-ਮਹਾਤਮਾ, ਧਾਰਮਿਕ ਜਥੇਬੰਦੀਆਂ, ਸਮਾਜਿਕ ਸੰਸਥਾਵਾਂ ਅਤੇ ਨੌਜਵਾਨਾਂ ਨੂੰ 'ਸੋਮਨਾਥ ਸਵਾਭਿਮਾਨ ਪਰਵ' ਦਾ ਸੰਦੇਸ਼ ਘਰ-ਘਰ ਪਹੁੰਚਾਉਣ ਦਾ ਸੱਦਾ ਦਿੱਤਾ। ਮੁੱਖ ਮੰਤਰੀ ਨੇ ਕਿਹਾ ਕਿ ਭਾਰਤ ਨੂੰ ਆਧੁਨਿਕਤਾ, ਵਿਗਿਆਨ ਅਤੇ ਵਿਕਾਸ ਦੇ ਰਾਹ 'ਤੇ ਅੱਗੇ ਵਧਦੇ ਹੋਏ ਆਪਣੀਆਂ ਅਧਿਆਤਮਿਕ ਅਤੇ ਸੱਭਿਆਚਾਰਕ ਜੜ੍ਹਾਂ ਨਾਲ ਵੀ ਜੁੜੇ ਰਹਿਣਾ ਹੋਵੇਗਾ।

**ਸੋਮਨਾਥ ਸਵਾਭਿਮਾਨ ਪਰਵ ਸਾਡੀ ਸਨਾਤਨ ਸੰਸਕ੍ਰਿਤੀ ਅਤੇ ਰਾਸ਼ਟਰੀ ਸਵਾਭਿਮਾਨ ਦਾ ਪ੍ਰਤੀਕ - ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ**

ਇਸ ਮੌਕੇ ਬੋਲਦਿਆਂ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ ਨੇ ਕਿਹਾ ਕਿ ਸੋਮਨਾਥ ਸਵੈ-ਮਾਣ ਪਰਵ ਸਾਡੀ ਸਨਾਤਨ ਸੰਸਕ੍ਰਿਤੀ ਅਤੇ ਰਾਸ਼ਟਰੀ ਸਵੈ-ਮਾਣ ਦਾ ਪ੍ਰਤੀਕ ਹੈ। ਸੋਮਨਾਥ ਨੂੰ ਤੋੜਨ ਵਾਲੇ ਅੱਜ ਇਤਿਹਾਸ ਵਿੱਚ ਸਿਮਟ ਗਏ ਹਨ, ਪਰ ਸੋਮਨਾਥ ਦੀ ਧਵਜਾ (ਝੰਡਾ) ਅੱਜ ਵੀ ਭਾਰਤ ਦੀ ਸ਼ਕਤੀ ਦਾ ਸੰਦੇਸ਼ ਦੇ ਰਹੀ ਹੈ। ਸੋਮਨਾਥ ਮੰਦਰ ਭਾਰਤ ਦੀ ਸੱਭਿਆਚਾਰਕ ਪਛਾਣ ਅਤੇ ਸਵੈ-ਮਾਣ ਦਾ ਪ੍ਰਤੀਕ ਹੈ ਅਤੇ ਇਸ ਨੂੰ ਵਾਰ-ਵਾਰ ਤੋੜੇ ਜਾਣ ਦੇ ਬਾਵਜੂਦ ਸ਼ਰਧਾ ਨਾਲ ਮੁੜ ਖੜ੍ਹਾ ਕੀਤਾ ਗਿਆ।

ਉਨ੍ਹਾਂ ਕਿਹਾ ਕਿ ਸੋਮਨਾਥ ਮੰਦਰ 1029 ਸਾਲ ਪਹਿਲਾਂ ਮੁਹੰਮਦ ਗਜ਼ਨਵੀ ਦੇ ਹਮਲੇ ਤੋਂ ਬਾਅਦ ਵੀ ਕਈ ਵਾਰ ਪੁਨਰ-ਨਿਰਮਿਤ ਹੋਇਆ। ਸਰਦਾਰ ਪਟੇਲ ਦੇ ਯਤਨਾਂ ਸਦਕਾ ਇਸ ਦਾ ਜੀਰਨ-ਉਧਾਰ ਹੋਇਆ। ਹੁਣ ਇਸ ਦੇ 75 ਸਾਲ ਪੂਰੇ ਹੋਣ 'ਤੇ ਇਸ ਨੂੰ ਸਵੈ-ਮਾਣ ਪਰਵ ਵਜੋਂ ਮਨਾਇਆ ਜਾ ਰਿਹਾ ਹੈ। ਦੇਸ਼ ਭਰ ਦੇ ਸੰਤਾਂ ਅਤੇ ਸ਼ਰਧਾਲੂਆਂ ਨੇ ਓਂਕਾਰ ਮੰਤਰ ਦਾ ਜਾਪ ਕੀਤਾ ਹੈ।

ਉਨ੍ਹਾਂ ਕਿਹਾ ਕਿ ਸੋਮਨਾਥ ਦਾ ਇਤਿਹਾਸ ਸਾਨੂੰ ਸਿਰਫ਼ ਸੰਘਰਸ਼ ਹੀ ਨਹੀਂ ਸਿਖਾਉਂਦਾ, ਸਗੋਂ ਧੀਰਜ ਵੀ ਸਿਖਾਉਂਦਾ ਹੈ। ਹਜ਼ਾਰਾਂ ਸਾਲਾਂ ਤੱਕ ਵਾਰ-ਵਾਰ ਟੁੱਟਣ ਤੋਂ ਬਾਅਦ ਵੀ ਮੁੜ ਉੱਠ ਖੜ੍ਹੇ ਹੋਣਾ ਹੀ ਭਾਰਤ ਦੀ ਪਛਾਣ ਹੈ। ਅੱਜ ਲੋੜ ਇਸ ਗੱਲ ਦੀ ਹੈ ਕਿ ਸਾਡੀ ਨੌਜਵਾਨ ਪੀੜ੍ਹੀ ਆਪਣੇ ਇਤਿਹਾਸ ਨੂੰ ਜਾਣੇ, ਆਪਣੀ ਸੰਸਕ੍ਰਿਤੀ ਨੂੰ ਸਮਝੇ ਅਤੇ ਆਪਣੀ ਵਿਰਾਸਤ 'ਤੇ ਮਾਣ ਕਰੇ।

ਇਸ ਮੌਕੇ ਅਖਾੜਾ ਪ੍ਰੀਸ਼ਦ ਦੇ ਰਾਸ਼ਟਰੀ ਪ੍ਰਧਾਨ ਮਹੰਤ ਰਵਿੰਦਰ ਪੁਰੀ ਮਹਾਰਾਜ, ਸੰਤ ਬੰਸੀਪੁਰੀ ਮਹਾਰਾਜ, ਭੱਦਰਕਾਲੀ ਮੰਦਰ ਦੇ ਪੀਠਾਧੀਸ਼ ਪੰਡਿਤ ਸਤਪਾਲ ਮਹਾਰਾਜ, ਸੰਗਮੇਸ਼ਵਰ ਮਹਾਦੇਵ ਮੰਦਰ ਦੇ ਪ੍ਰਧਾਨ ਗੌਤਮ ਭੂਸ਼ਣ, ਸਾਬਕਾ ਰਾਜ ਮੰਤਰੀ ਸੁਭਾਸ਼ ਸੁਧਾ, ਚੇਅਰਮੈਨ ਧਰਮਵੀਰ ਮਿਰਜ਼ਾਪੁਰ, ਵਾਈਸ ਚੇਅਰਮੈਨ ਧੂਮਨ ਸਿੰਘ ਕਿਰਮਚ, ਚੇਅਰਪਰਸਨ ਕੰਵਲਜੀਤ ਕੌਰ, ਸੈਣੀ ਸਭਾ ਪ੍ਰਧਾਨ ਗੁਰਨਾਮ ਸੈਣੀ ਸਮੇਤ ਹੋਰ ਮਾਣਯੋਗ ਵਿਠਕਤੀ ਅਤੇ ਸ਼ਰਧਾਲੂ ਮੌਜੂਦ ਸਨ।

# ਪੈਂਡਿੰਗ ਪਏ ਚਲਾਨ ਨਾ ਭਰਨ 'ਤੇ ਵਾਹਨ ਹੋਣਗੇ ਬਲੈਕ ਲਿਸਟ

**ਜਲੰਧਰ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ ਬਲਜਿੰਦਰ ਸਿੰਘ ਢਿੱਲੋਂ ਵੱਲੋਂ ਸਟੇਟ ਟਰਾਂਸਪੋਰਟ ਕਮਿਸ਼ਨਰ ਦੇ ਹੁਕਮਾਂ ਅਨੁਸਾਰ ਅੱਜ ਦਫ਼ਤਰ ਵਿੱਚ ਹਾਜ਼ਰ ਟਰਾਂਸਪੋਰਟਰਜ਼ ਅਤੇ ਦਫ਼ਤਰੀ ਸਟਾਫ਼ ਨਾਲ ਟ੍ਰੈਫਿਕ ਚਲਾਨਾਂ ਦੇ ਸਬੰਧ ਵਿੱਚ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਵਿਭਾਗ ਵਿੱਚ ਪੈਂਡਿੰਗ ਪਏ ਟ੍ਰੈਫਿਕ ਚਲਾਨਾਂ ਦੇ ਭੁਗਤਾਨ ਸਬੰਧੀ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਇਨ੍ਹਾਂ ਚਲਾਨਾਂ ਦਾ ਭੁਗਤਾਨ ਕਰਨ ਲਈ ਆਮ ਜਨਤਾ ਨੂੰ ਜਾਗਰੂਕ ਕਰਨ ਲਈ ਕਿਹਾ ਗਿਆ।

ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ ਨੇ ਕਿਹਾ ਕਿ ਜੇਕਰ ਟ੍ਰੈਫਿਕ ਚਲਾਨਾਂ ਦਾ ਭੁਗਤਾਨ ਨਹੀਂ ਕੀਤਾ ਜਾਂਦਾ ਤਾਂ ਵਾਹਨਾਂ ਨੂੰ ਵਿਭਾਗੀ ਪੋਰਟਲ 'ਤੇ ਬਲੈਕ ਲਿਸਟ ਕਰ ਦਿੱਤਾ ਜਾਵੇਗਾ ਅਤੇ ਬਲੈਕਲਿਸਟ ਹੋਣ ਤੋਂ ਬਾਅਦ ਵਾਹਨ ਦੇ ਸਬੰਧ ਵਿੱਚ ਟਰਾਂਸਪੋਰਟ ਵਿਭਾਗ ਤੋਂ ਕਿਸੇ ਵੀ ਤਰ੍ਹਾਂ ਦੀ ਕੋਈ ਸਹੂਲਤ ਨਹੀਂ ਲਈ ਜਾ ਸਕੇਗੀ।

ਉਨ੍ਹਾਂ ਆਮ ਲੋਕਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਆਪਣੇ ਚਲਾਨ ਦੀ ਬਣਦੀ ਰਕਮ ਸਮੇਂ-ਸਿਰ ਦਫ਼ਤਰ ਸਕੱਤਰ, ਰਿਜਨਲ ਟਰਾਂਸਪੋਰਟ ਅਥਾਰਟੀ ਜਾਂ ਆਰ.ਟੀ.ਓ ਦਫਤਰ ਜਲੰਧਰ ਵਿਖੇ ਜਮ੍ਹਾ ਕਰਵਾਉਣ। ਉਨ੍ਹਾਂ ਕਿਹਾ ਕਿ ਚਲਾਨ ਦੀ ਬਣਦੀ ਰਕਮ ਜਮ੍ਹਾ ਨਾ ਕਰਵਾਉਣ 'ਤੇ ਸਬੰਧਿਤ ਵਾਹਨਾਂ ਨੂੰ ਬਲੈਕਲਿਸਟ ਕਰ ਦਿੱਤਾ ਜਾਵੇਗਾ।

# ਸ੍ਰੀ ਗੁਰੂ ਰਵਿਦਾਸ ਜੀ ਦੇ 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹੇ ਭਰ 'ਚ ਲਗਾਏ ਜਾਣਗੇ 6.50 ਲੱਖ ਬੂਟੇ

**ਜਲੰਧਰ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਜ਼ਿਲ੍ਹੇ ਵਿੱਚ 6.50 ਲੱਖ ਬੂਟੇ ਲਗਾਏ ਜਾਣਗੇ। ਇਸ ਸਬੰਧੀ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਦਿਵਿਆ ਪੀ. ਵੱਲੋਂ ਅੱਜ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨਾਲ ਮੀਟਿੰਗ ਕੀਤੀ।

ਵਧੀਕ ਡਿਪਟੀ ਕਮਿਸ਼ਨਰ ਨੇ ਮੀਟਿੰਗ ਦੌਰਾਨ ਦੱਸਿਆ ਕਿ ਪ੍ਰਸ਼ਾਸਨ ਵੱਲੋਂ ਸ੍ਰੀ ਗੁਰੂ ਰਵਿਦਾਸ ਜੀ ਦੇ 650 ਸਾਲਾ ਪ੍ਰਕਾਸ਼ ਪੁਰਬ ਨੂੰ ਸਮਰਪਿਤ ਵਿਸ਼ੇਸ਼ ਮੁਹਿੰਮ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ, ਜਿਸ ਤਹਿਤ ਜ਼ਿਲ੍ਹੇ ਭਰ ਵਿੱਚ 6.50 ਲੱਖ ਬੂਟੇ ਲਗਾਏ ਜਾਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਸ਼ਹਿਰੀ ਵਿਕਾਸ) ਤੇਜਦੀਪ ਸਿੰਘ ਸੈਣੀ ਵੀ ਮੌਜੂਦ ਸਨ।

ਉਨ੍ਹਾਂ ਦੱਸਿਆ ਕਿ ਇਸ ਮੁਹਿੰਮ ਤਹਿਤ ਮਿਨੀ ਫਾਰੈਸਟ, ਮੈਡੀਸਨਲ ਪਲਾਂਟੇਸ਼ਨ, ਫਲਦਾਰ ਤੇ ਫੁੱਲਦਾਰ ਬੂਟੇ ਲਗਾਉਣ ਦੇ ਨਾਲ-ਨਾਲ ਟਿੰਬਰ ਕਿਸਮਾਂ ਵੱਖ-ਵੱਖ ਵਿਭਾਗਾਂ ਪਾਸ ਉਪਲਬਧ ਥਾਵਾਂ 'ਤੇ ਲਗਾਈਆਂ ਜਾਣਗੀਆਂ। ਉਨ੍ਹਾਂ ਦੱਸਿਆ ਕਿ ਬੂਟੇ ਵਣ ਵਿਭਾਗ ਵੱਲੋਂ ਸਪਲਾਈ ਕੀਤੇ ਜਾਣਗੇ ਅਤੇ ਬੂਟੇ ਲਗਾਉਣ ਦਾ ਕੰਮ ਕਰਵਾਉਣ ਦਾ ਜ਼ਿੰਮਾ ਅਤੇ ਉਸਦੀ ਦੇਖ-ਰੇਖ ਸਬੰਧਿਤ ਵਿਭਾਗ ਵੱਲੋਂ ਕੀਤੀ ਜਾਵੇਗੀ। ਉਨ੍ਹਾਂ ਇਸ ਮੌਕੇ ਵੱਖ-ਵੱਖ ਵਿਭਾਗਾਂ ਨੂੰ ਬੂਟਿਆਂ ਦੀ ਮੰਗ ਸਮੇਤ ਪੌਦੇ ਲਗਾਉਣ ਵਾਲੀ ਜਗ੍ਹਾ ਦਾ ਵੇਰਵਾ 10 ਦਿਨਾਂ ਦੇ ਅੰਦਰ-ਅੰਦਰ ਭੇਜਣ ਦੇ ਨਿਰਦੇਸ਼ ਵੀ ਦਿੱਤੇ ਤਾਂ ਜੋ ਬੂਟੇ ਸਪਲਾਈ ਕਰਨ ਅਤੇ ਲਗਾਉਣ ਦਾ ਕੰਮ ਸਮੇਂ ਸਿਰ ਨੇਪਰੇ ਚਾੜ੍ਹਿਆ ਜਾ ਸਕੇ।

ਵਧੀਕ ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਚਾਇਤ ਵਿਭਾਗ ਵੱਲੋਂ ਪਿੰਡਾਂ ਵਿੱਚ ਉਪਲਬਧ ਪੰਚਾਇਤੀ ਜ਼ਮੀਨ 'ਤੇ ਜੰਗਲ ਵੀ ਲਗਾਏ ਜਾਣਗੇ, ਜਿਸ ਦੀ ਦੇਖ-ਰੇਖ ਪੰਚਾਇਤ ਵੱਲੋਂ ਕੀਤੀ ਜਾਵੇਗੀ।

ਮੀਟਿੰਗ ਦੌਰਾਨ ਵਣ ਮੰਡਲ ਅਫ਼ਸਰ ਵੱਲੋਂ ਰੁੱਖ ਸੰਭਾਲ ਨੀਤੀ 2024 ਤਹਿਤ ਸਮੂਹ ਵਿਭਾਗਾਂ ਨੂੰ ਸਰਕਾਰੀ ਅਤੇ ਅਰਧ ਸਰਕਾਰੀ ਜ਼ਮੀਨ ਉੱਪਰ ਖੜ੍ਹੇ ਦਰਖਤਾਂ ਦੀ ਸ਼ੁਮਾਰੀ/ਗਿਣਤੀ ਕਰਵਾਉਣ ਲਈ ਵੀ ਕਿਹਾ ਗਿਆ।ਮੀਟਿੰਗ ਵਿੱਚ ਸਮੂਹ ਐਸ.ਡੀ.ਐਮਜ਼, ਵਣ ਮੰਡਲ ਅਫ਼ਸਰ ਜਲੰਧਰ, ਫਿਲੌਰ ਜਰਨੈਲ ਸਿੰਘ, ਵਣ ਰੇਂਜ ਅਫ਼ਸਰ ਜਲੰਧਰ ਹਰਗੁਰਨੇਕ ਸਿੰਘ, ਵਣ ਬਲਾਕ ਅਫ਼ਸਰ ਗੁਰਬਖਸ਼ ਰਾਮ ਅਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

# ਬੇਘਰੇ ਤੇ ਲੋੜਵੰਦਾਂ ਦੀ ਪਛਾਣ ਕਰ ਕੇ ਮਦਦ ਕਰਾਂਗੇ: ਰੇਖਾ ਗੁਪਤਾ

**ਨਵੀਂ ਦਿੱਲੀ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**




ਮੁੱਖ ਮੰਤਰੀ ਰੇਖਾ ਗੁਪਤਾ ਨੇ ਸੋਮਵਾਰ ਨੂੰ ਬੇਘਰੇ ਅਤੇ ਲੋੜਵੰਦ ਲੋਕਾਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ ਆਸਰਾ ਸਥਾਨਾਂ 'ਤੇ ਲਿਜਾਣ ਲਈ ਬਚਾਅ ਵੈਨਾਂ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ। ਮੁੱਖ ਮੰਤਰੀ ਗੁਪਤਾ ਨੇ ਸੋਮਵਾਰ ਨੂੰ 'ਅਪਨਾ ਘਰ ਆਸ਼ਰਮ' ਅਤੇ ਦਿੱਲੀ ਸਰਕਾਰ ਵਿਚਕਾਰ ਸ਼ਹਿਰ ਦੇ ਬੇਘਰ ਅਤੇ ਬਿਮਾਰ ਵਿਅਕਤੀਆਂ ਨੂੰ ਬਚਾਉਣ ਅਤੇ ਉਨ੍ਹਾਂ ਦੀ ਦੇਖਭਾਲ ਲਈ ਸਾਂਝੀ ਪਹਿਲਕਦਮੀ ਦੇ ਹਿੱਸੇ ਵਜੋਂ ਕਈ ਐਂਬੂਲੈਂਸਾਂ ਅਤੇ ਵੈਨਾਂ ਦਾ ਉਦਘਾਟਨ ਕੀਤਾ। ਉਨ੍ਹਾਂ ਕਿਹਾ ਕਿ ਪੰਜ ਰੋਜ਼ਾ ਮੁਹਿੰਮ ਤਹਿਤ, ਬੇਘਰੇ ਲੋਕਾਂ ਨੂੰ ਆਪਣਾ ਘਰ ਆਸ਼ਰਮ ਸੰਗਠਨ ਵੱਲੋਂ ਚਲਾਏ ਜਾ ਰਹੇ ਆਸਰਾ ਸਥਾਨਾਂ 'ਤੇ ਲਿਜਾਇਆ ਜਾਵੇਗਾ। ਇੱਥੇ ਉਨ੍ਹਾਂ ਦੀ ਲੋੜੀਂਦੀ ਦੇਖਭਾਲ ਕੀਤੀ ਜਾਵੇਗੀ। ਇਹ ਮੁਹਿੰਮ ਦਿੱਲੀ ਸਰਕਾਰ ਦੇ ਸਮਾਜ ਭਲਾਈ ਵਿਭਾਗ, ਆਪਣਾ ਘਰ ਆਸ਼ਰਮ ਅਤੇ ਸੇਵਾ ਭਾਰਤੀ ਦਿੱਲੀ ਸੂਬੇ ਵੱਲੋਂ ਸਾਂਝੇ ਤੌਰ 'ਤੇ ਚਲਾਈ ਜਾ ਰਹੀ ਹੈ। ਸਮਾਜ ਭਲਾਈ ਵਿਭਾਗ ਦੇ ਅਧਿਕਾਰੀਆਂ ਨੇ ਦੱਸਿਆ ਕਿ ਲੋੜਵੰਦਾਂ, ਬੇਸਹਾਰਾ ਅਤੇ ਲੋੜਵੰਦਾਂ ਲਈ ਇਹ ਮੁਹਿੰਮ 11 ਤੋਂ 15 ਮਈ ਤੱਕ ਕੌਮੀ ਰਾਜਧਾਨੀ ਦੇ ਸਾਰੇ 13 ਜ਼ਿਲ੍ਹਿਆਂ ਵਿੱਚ ਚਲਾਈ ਜਾਵੇਗੀ। ਮੀਡੀਆ ਨੂੰ ਸੰਬੋਧਨ ਕਰਦੇ ਹੋਏ ਮੁੱਖ ਮੰਤਰੀ ਗੁਪਤਾ ਨੇ ਦੱਸਿਆ ਕਿ ਇਸ ਪ੍ਰਾਜੈਕਟ ਦਾ ਉਦੇਸ਼ ਗਲੀ ਵਿੱਚ ਰਹਿਣ ਵਾਲੇ ਉਨ੍ਹਾਂ ਲੋਕਾਂ ਨੂੰ ਡਾਕਟਰੀ ਇਲਾਜ ਅਤੇ ਆਸਰਾ ਦੇਣਾ ਹੈ ਜੋ ਬਿਮਾਰ ਅਤੇ ਲੋੜਵੰਦ ਹਨ। ਅੱਜ ਅਪਨਾ ਆਸ਼ਰਮ ਤੋਂ ਐਂਬੂਲੈਂਸਾਂ ਅਤੇ ਵੈਨਾਂ ਨੂੰ ਰਵਾਨਾ ਕੀਤਾ ਹੈ। ਇਨ੍ਹਾਂ ਰਾਹੀਂ ਸ਼ਹਿਰ ਦੇ ਬੇਘਰੇ ਅਤੇ ਬਿਮਾਰ ਲੋਕਾਂ ਨੂੰ ਆਸ਼ਰਮ ਵਿੱਚ ਲਿਆਂਦਾ ਜਾਵੇਗਾ, ਉੱਥੇ ਇਲਾਜ ਅਤੇ ਦੇਖਭਾਲ ਕੀਤੀ ਜਾਵੇਗੀ। ਦਿੱਲੀ ਸਰਕਾਰ ਦੇ ਅਧਿਕਾਰੀਆਂ ਨੇ ਦੱਸਿਆ ਕਿ ਇਸ ਮੁਹਿੰਮ ਤਹਿਤ ਦੇਖਭਾਲ ਅਤੇ ਪੁਨਰਵਾਸ ਕੀਤਾ ਜਾਵੇਗਾ। ਇਸ ਮੁਹਿੰਮ ਦਾ ਉਦੇਸ਼ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਤੋਂ ਲੋੜਵੰਦ ਲੋਕਾਂ ਨੂੰ ਬਚਾਉਣਾ ਅਤੇ ਉਨ੍ਹਾਂ ਨੂੰ ਆਸਰਾ ਸਥਾਨਾਂ ਵਿੱਚ ਲਿਆਉਣਾ ਹੈ, ਜਿੱਥੇ ਉਨ੍ਹਾਂ ਦੇ ਇਲਾਜ, ਦੇਖਭਾਲ ਅਤੇ ਪੁਨਰਵਾਸ ਲਈ ਪ੍ਰਬੰਧ ਕੀਤੇ ਜਾਣਗੇ। ਅਧਿਕਾਰੀਆਂ ਅਨੁਸਾਰ ਦਿੱਲੀ ਭਰ ਵਿੱਚ ਬਚਾਅ ਕਾਰਜ ਲਈ 19 ਵਾਹਨ ਤਾਇਨਾਤ ਕੀਤੇ ਗਏ ਹਨ। ਇਸ ਕਾਰਜ ਦੌਰਾਨ ਸੈਂਕੜੇ ਲੋਕਾਂ ਦੀ ਮਦਦ ਕੀਤੇ ਜਾਣ ਦੀ ਉਮੀਦ ਹੈ।

ਮੁੱਖ ਮੰਤਰੀ ਨੇ ਮਾਂ ਦਿਵਸ ਦੇ ਸਬੰਧ ਵਿੱਚ ਨੌਜਵਾਨਾਂ ਲਈ 'ਆਫਟਰਕੇਅਰ ਸਕੀਮ' ਦਾ ਐਲਾਨ ਕੀਤਾ। ਇਸ ਵਿੱਚ ਮੌਜੂਦਾ ਵਿੱਤੀ ਸਾਲ ਲਈ 3.5 ਕਰੋੜ ਰੁਪਏ ਦਾ ਬਜਟ ਰੱਖਿਆ ਗਿਆ ਹੈ।

ਇਹ ਸਕੀਮ ਸਰਕਾਰ ਵੱਲੋਂ ਚਲਾਏ ਜਾ ਰਹੇ 'ਆਫਟਰਕੇਅਰ ਹੋਮ' ਤੋਂ ਬਾਹਰ ਨਿਕਲ ਰਹੇ ਨੌਜਵਾਨਾਂ ਦੀ ਸਹਾਇਤਾ ਕਰਨ ਲਈ ਹੈ। ਮੁੱਖ ਮੰਤਰੀ ਨੇ ਕਿਹਾ ਕਿ ਦਿੱਲੀ ਸਰਕਾਰ ਦਾ ਟੀਚਾ ਨਾ ਸਿਰਫ਼ ਬੱਚਿਆਂ ਦੀ ਰੱਖਿਆ ਕਰਨਾ ਹੈ ਬਲਕਿ ਇਹ ਯਕੀਨੀ ਬਣਾਉਣਾ ਹੈ ਕਿ ਉਨ੍ਹਾਂ ਦਾ ਜੀਵਨ ਸੁਰੱਖਿਅਤ, ਮਾਣਮੱਤਾ ਅਤੇ ਸਵੈ-ਨਿਰਭਰ ਹੋਵੇ। ਕੋਈ ਵੀ ਬੱਚਾ ਜਾਂ ਨੌਜਵਾਨ ਕਦੇ ਵੀ ਇਕੱਲਾ, ਬੇਸਹਾਰਾ ਜਾਂ ਅਣਗੌਲਿਆ ਮਹਿਸੂਸ ਨਹੀਂ ਕਰੇਗਾ। ਇਸੇ ਦੌਰਾਨ ਦਿੱਲੀ ਸਰਕਾਰ ਨੇ ਐਤਵਾਰ ਸ਼ਾਮ ਨੂੰ ਅਪਰੇਸ਼ਨ ਸਿੰਧੂਰ ਦੀ ਪਹਿਲੀ ਵਰ੍ਹੇਗੰਢ ਮਨਾਉਣ ਲਈ ਕਨਾਟ ਪਲੇਸ ਦੇ ਸੈਂਟਰਲ ਪਾਰਕ 'ਤੇ 'ਸ਼ੌਰਿਆ ਦਿਵਸ' ਪ੍ਰੋਗਰਾਮ ਕੀਤਾ।

# ਹੁਣ ਮਹਿੰਗਾ ਹੋਵੇਗਾ ਪੈਟਰੋਲ ਤੇ ਡੀਜ਼ਲ: ਸੰਜੈ ਸਿੰਘ

**ਨਵੀਂ ਦਿੱਲੀ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਜੈ ਸਿੰਘ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਆਲੋਚਨਾ ਕੀਤੀ ਹੈ ਕਿ ਉਹ ਲੋਕਾਂ ਨੂੰ ਦੇਸ਼ ਭਗਤੀ ਦੇ ਨਾਮ 'ਤੇ ਪੈਟਰੋਲ, ਡੀਜ਼ਲ, ਖਾਣਾ ਪਕਾਉਣ ਵਾਲੇ ਤੇਲ ਅਤੇ ਗੈਸ ਦੀ ਵਰਤੋਂ ਘਟਾਉਣ ਦੀ ਸਲਾਹ ਦੇ ਰਹੇ ਹਨ। ਉਨ੍ਹਾਂ ਦੇਸ਼ ਵਾਸੀਆਂ ਨੂੰ ਕਿਹਾ ਕਿ ਚੋਣਾਂ ਤੱਕ ਸ੍ਰੀ ਮੋਦੀ ਲੋਕਾਂ ਦਾ ਬੋਝ ਚੁੱਕਦੇ ਰਹੇ। ਚੋਣਾਂ ਖ਼ਤਮ ਹੋ ਗਈਆਂ ਹਨ ਤੇ ਲੋਕਾਂ ਦਾ ਇਸਤੇਮਾਲ ਖ਼ਤਮ ਹੋ ਗਿਆ ਹੈ। ਹੁਣ, ਦੇਸ਼ ਭਗਤੀ ਦੇ ਨਾਮ 'ਤੇ ਲਾਈਨ ਵਿੱਚ ਖੜ੍ਹੇ ਹੋਣਾ ਪਵੇਗਾ। ਗੈਸ ਮਹਿੰਗੀ ਹੋ ਗਈ ਹੈ ਅਤੇ ਹੁਣ ਪੈਟਰੋਲ ਅਤੇ ਡੀਜ਼ਲ ਵੀ ਮਹਿੰਗਾ ਹੋ ਜਾਵੇਗਾ। ਪ੍ਰਧਾਨ ਮੰਤਰੀ ਨੇ ਦਾਅਵਾ ਕੀਤਾ ਸੀ ਕਿ ਚੋਣਾਂ ਤੱਕ ਕਿਸੇ ਵੀ ਚੀਜ਼ ਦੀ ਕਮੀ ਨਹੀਂ ਰਹੇਗੀ, ਹੁਣ ਦੇਸ਼ ਭਗਤੀ ਦੇ ਨਾਮ 'ਤੇ ਲੋਕਾਂ ਨੂੰ ਪੈਟਰੋਲ, ਡੀਜ਼ਲ, ਖਾਣਾ ਪਕਾਉਣ ਵਾਲੇ ਤੇਲ ਦੀ ਵਰਤੋਂ ਘਟਾਉਣ ਅਤੇ ਸੋਨਾ ਨਾ ਖ਼ਰੀਦਣ ਦੀ ਸਲਾਹ ਦੇ ਰਹੇ ਹਨ। ਪਰ ਸ੍ਰੀ ਮੋਦੀ ਰੈਲੀਆਂ ਕਰਦੇ ਰਹਿਣਗੇ ਅਤੇ ਵਿਦੇਸ਼ ਯਾਤਰਾ ਕਰ ਕੇ ਬਹੁਤ ਸਾਰਾ ਬਾਲਣ ਸਾੜਦੇ ਰਹਿਣਗੇ। ਉਨ੍ਹਾਂ ਦੇ ਲੋਕ ਨਾ ਸਿਰਫ਼ ਸੋਨਾ ਖ਼ਰੀਦਣਗੇ, ਸਗੋਂ ਪੂਰੇ ਦੇਸ਼ ਦੀ ਜਾਇਦਾਦ ਖ਼ਰੀਦਣਗੇ, ਪਰ ਜਨਤਾ ਗ਼ਰੀਬ ਹੀ ਰਹਿਣੀ ਹੈ।

ਸੰਜੇ ਸਿੰਘ ਨੇ ਕਿਹਾ ਕਿ ਐਤਵਾਰ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਭਾਰਤ ਸਰਕਾਰ ਦੋ ਮਹੀਨਿਆਂ ਤੋਂ ਲੋਕਾਂ ਦਾ ਬੋਝ ਚੁੱਕ ਰਹੀ ਸੀ, ਪਰ ਹੁਣ ਜਦੋਂ ਚੋਣਾਂ ਖ਼ਤਮ ਹੋ ਗਈਆਂ ਹਨ ਤਾਂ ਉਹ ਹੁਣ ਬੋਝ ਨਹੀਂ ਚੁੱਕਣਗੇ। ਉਹ ਹੁਣ ਲੋਕਾਂ ਨੂੰ ਪੈਟਰੋਲ, ਡੀਜ਼ਲ ਅਤੇ ਗੈਸ ਦੀ ਵਰਤੋਂ ਘਟਾਉਣ ਦੀ ਅਪੀਲ ਕਰ ਰਹੇ ਹਨ। ਚੋਣਾਂ ਦੌਰਾਨ ਸ੍ਰੀ ਮੋਦੀ ਨੂੰ ਇਹ ਸਿਆਣਪ ਯਾਦ ਨਹੀਂ ਸੀ। ਉਹ ਦਾਅਵਾ ਕਰ ਰਹੇ ਸਨ ਕਿ ਕੋਈ ਕਮੀ ਨਹੀਂ ਭੰਡਾਰ ਭਰੇ ਹੋਏ ਸਨ। ਲੋਕਾਂ ਦਾ ਬੋਝ ਚੁੱਕਣ ਵਾਲੇ ਮੋਢੇ ਹੁਣ ਝੁਕ ਗਏ ਹਨ। ਰਾਜ ਸਭਾ ਮੈਂਬਰ ਨੇ ਕਿਹਾ ਕਿ ਚੋਣਾਂ ਖ਼ਤਮ ਹੋਣ ਤੋਂ ਬਾਅਦ ਸ੍ਰੀ ਮੋਦੀ ਨੇ ਵਪਾਰਕ ਸਿਲੰਡਰਾਂ ਦੀ ਕੀਮਤ 993 ਵਧਾ ਦਿੱਤੀ। ਇਸ ਤੋਂ ਇਲਾਵਾ 5 ਕਿਲੋ ਵਾਲੇ ਸਿਲੰਡਰ ਦੀ ਕੀਮਤ ਵਿੱਚ ਵੀ 261 ਰੁਪਏ ਦਾ ਵਾਧਾ ਕੀਤਾ ਗਿਆ। ਦੇਸ਼ ਨੂੰ ਸਰਕਾਰ ਤੋਂ ਇਸ ਦਾ ਜਵਾਬ ਮੰਗਣਾ ਪਵੇਗਾ।ਸੰਜੇ ਸਿੰਘ ਨੇ ਕਿਹਾ ਕਿ ਚੋਣਾਂ ਦੌਰਾਨ ਜਨਤਾ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਕਈ ਵਾਰ ਉਨ੍ਹਾਂ ਦੇ ਖਾਤਿਆਂ ਵਿੱਚ 10,000 ਰੁਪਏ ਜਮ੍ਹਾਂ ਕਰਵਾਏ ਜਾਂਦੇ ਹਨ ਅਤੇ ਫਿਰ ਨੌਜਵਾਨਾਂ ਨੂੰ ਸੜਕਾਂ 'ਤੇ ਡੰਡਿਆਂ ਨਾਲ ਕੁੱਟਿਆ ਜਾਂਦਾ ਹੈ। ਚੋਣਾਂ ਦੌਰਾਨ ਦੱਸਿਆ ਜਾਂਦਾ ਹੈ ਕਿ ਤੇਲ ਜਾਂ ਗੈਸ ਦੀ ਕੋਈ ਕਮੀ ਨਹੀਂ ਹੈ, ਪਰ ਜਿਵੇਂ ਉਹ ਹੁਣ ਲੋਕਾਂ ਨੂੰ ਪੈਟਰੋਲ, ਡੀਜ਼ਲ ਅਤੇ ਗੈਸ ਦੀ ਵਰਤੋਂ ਘਟਾਉਣ ਦੀ ਅਪੀਲ ਕਰ ਰਹੇ ਹਨ। ਚੋਣਾਂ ਦੌਰਾਨ ਸ੍ਰੀ ਮੋਦੀ ਨੂੰ ਇਹ ਸਿਆਣਪ ਯਾਦ ਨਹੀਂ ਸੀ। ਉਹ ਦਾਅਵਾ ਕਰ ਰਹੇ ਸਨ ਕਿ ਕੋਈ ਕਮੀ ਨਹੀਂ ਭੰਡਾਰ ਭਰੇ ਹੋਏ ਸਨ। ਲੋਕਾਂ ਦਾ ਬੋਝ ਚੁੱਕਣ ਵਾਲੇ ਮੋਢੇ ਹੁਣ ਝੁਕ ਗਏ ਹਨ। ਰਾਜ ਸਭਾ ਮੈਂਬਰ ਨੇ ਕਿਹਾ ਕਿ ਚੋਣਾਂ ਖ਼ਤਮ ਹੋਣ ਤੋਂ ਬਾਅਦ ਸ੍ਰੀ ਮੋਦੀ ਨੇ ਵਪਾਰਕ ਸਿਲੰਡਰਾਂ ਦੀ ਕੀਮਤ 993 ਵਧਾ ਦਿੱਤੀ। ਇਸ ਤੋਂ ਇਲਾਵਾ 5 ਕਿਲੋ ਵਾਲੇ ਸਿਲੰਡਰ ਦੀਹੀ ਚੋਣਾਂ ਖ਼ਤਮ ਹੁੰਦੀਆਂ ਹਨ ਗੈਸ ਦੀਆਂ ਕੀਮਤਾਂ ਵਧਾ ਦਿੱਤੀਆਂ ਜਾਂਦੀਆਂ ਹਨ।

## ਸੰਪਾਦਕੀ

# ਦੇਸ਼ ਵਿਚ ਚੋਣ ਕਮਿਸ਼ਨ ਦੀ ਭੂਮਿਕਾ

ਪੱਛਮੀ ਬੰਗਾਲ ਦੀਆਂ ਹਾਲ ਹੀ ਵਿੱਚ ਹੋਈਆਂ ਵਿਧਾਨ ਸਭਾ ਚੋਣਾਂ ਦੌਰਾਨ ਭਾਰਤੀ ਚੋਣ ਕਮਿਸ਼ਨ ਦੀ ਭੂਮਿਕਾ ਨੂੰ ਲੈ ਕੇ ਚੱਲ ਰਹੀ ਤਿੱਖੀ ਬਹਿਸ ਦਰਮਿਆਨ, ਹੁਣ ਖ਼ੁਦ ਚੋਣ ਕਮਿਸ਼ਨ ਦੇ ਮੈਂਬਰਾਂ ਦੀ ਨਿਯੁਕਤੀ ਪ੍ਰਕਿਰਿਆ ਨੂੰ ਨਿਰਧਾਰਿਤ ਕਰਨ ਵਾਲਾ ਕਾਨੂੰਨ ਅਦਾਲਤੀ ਪੜਚੋਲ ਦੇ ਘੇਰੇ ਵਿੱਚ ਹੈ। ਸੁਪਰੀਮ ਕੋਰਟ ਵੱਲੋਂ 'ਮੁੱਖ ਚੋਣ ਕਮਿਸ਼ਨਰ ਅਤੇ ਹੋਰ ਚੋਣ ਕਮਿਸ਼ਨਰ (ਨਿਯੁਕਤੀ, ਸੇਵਾ ਦੀਆਂ ਸ਼ਰਤਾਂ ਅਤੇ ਅਹੁਦੇ ਦੀ ਮਿਆਦ) ਐਕਟ, 2023' ਦੀ ਸੰਵਿਧਾਨਕ ਵੈਧਤਾ ਨੂੰ ਚੁਣੌਤੀ ਦੇਣ ਵਾਲੀਆਂ ਕਈ ਪਟੀਸ਼ਨਾਂ 'ਤੇ ਸੁਣਵਾਈ ਕੀਤੀ ਜਾ ਰਹੀ ਹੈ।

ਅਦਾਲਤ ਨੇ ਮਾਰਚ 2023 ਦੇ ਆਪਣੇ ਫ਼ੈਸਲੇ ਵਿੱਚ ਹੁਕਮ ਦਿੱਤਾ ਸੀ ਕਿ ਜਦੋਂ ਤੱਕ ਸੰਸਦ ਵੱਲੋਂ ਕੋਈ ਕਾਨੂੰਨ ਨਹੀਂ ਬਣਾਇਆ ਜਾਂਦਾ, ਉਦੋਂ ਤੱਕ ਚੋਣ ਕਮਿਸ਼ਨ ਦੇ ਮੈਂਬਰਾਂ ਦੀ ਨਿਯੁਕਤੀ ਪ੍ਰਧਾਨ ਮੰਤਰੀ, ਭਾਰਤ ਦੇ ਮੁੱਖ ਜੱਜ (ਭਾਰਤ ਦੇ ਚੀਫ਼ ਜਸਟਿਸ) ਅਤੇ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ 'ਤੇ ਆਧਾਰਿਤ ਕਮੇਟੀ ਦੀ ਸਿਫ਼ਾਰਸ਼ 'ਤੇ ਕੀਤੀ ਜਾਵੇਗੀ। ਹਾਲਾਂਕਿ, ਉਸੇ ਸਾਲ ਦਸੰਬਰ ਵਿੱਚ ਸੰਸਦ ਦੁਆਰਾ ਪਾਸ ਕੀਤੇ ਗਏ ਕਾਨੂੰਨ ਨੇ ਮੁੱਖ ਜੱਜ ਨੂੰ ਇਸ ਚੋਣ ਪ੍ਰਕਿਰਿਆ ਤੋਂ ਲਾਂਭੇ ਕਰ ਦਿੱਤਾ; ਇਸ ਦੀ ਬਜਾਏ, ਤਿੰਨ ਮੈਂਬਰੀ ਕਮੇਟੀ ਵਿੱਚ ਪ੍ਰਧਾਨ ਮੰਤਰੀ ਦੁਆਰਾ ਨਾਮਜ਼ਦ ਕੀਤੇ ਜਾਣ ਵਾਲੇ ਇੱਕ ਕੇਂਦਰੀ ਕੈਬਨਿਟ ਮੰਤਰੀ ਨੂੰ ਸ਼ਾਮਲ ਕਰ ਲਿਆ ਗਿਆ।

ਇਹ ਸਪੱਸ਼ਟ ਹੈ ਕਿ ਇਸ ਨਵੀਂ ਵਿਵਸਥਾ ਵਿੱਚ ਪ੍ਰਧਾਨ ਮੰਤਰੀ ਅਤੇ ਕੈਬਨਿਟ ਮੰਤਰੀ ਦੇ ਬਹੁਮਤ ਵਾਲੇ ਫ਼ੈਸਲੇ ਵਿਰੋਧੀ ਧਿਰ ਦੇ ਨੇਤਾ ਦੀ ਅਸਹਿਮਤੀ ਦੇ ਬਾਵਜੂਦ ਵੀ ਲਾਗੂ ਹੋ ਜਾਣਗੇ। ਅਜਿਹੇ ਸਮੇਂ, ਜਦੋਂ ਬੰਗਾਲ ਵਿੱਚ ਵੋਟਰ ਸੂਚੀਆਂ ਦੀ ਵਿਸ਼ੇਸ਼ ਵਿਆਪਕ ਸੋਧ (ਐੱਸ ਆਈ ਆਰ) ਨੂੰ ਲੈ ਕੇ ਚੋਣ ਕਮਿਸ਼ਨ ਪਹਿਲਾਂ ਹੀ ਵਿਰੋਧੀ ਧਿਰ ਦੇ ਨਿਸ਼ਾਨੇ 'ਤੇ ਹੈ, ਇਹ ਬੇਹੱਦ ਜ਼ਰੂਰੀ ਹੋ ਜਾਂਦਾ ਹੈ ਕਿ ਇਨ੍ਹਾਂ ਅਹਿਮ ਸੰਵਿਧਾਨਕ ਨਿਯੁਕਤੀਆਂ ਲਈ ਇੱਕ ਪਾਰਦਰਸ਼ੀ ਅਤੇ ਨਿਰਪੱਖ ਪ੍ਰਣਾਲੀ ਤਿਆਰ ਕੀਤੀ ਜਾਵੇ।

ਚੋਣ ਕਮਿਸ਼ਨ ਦੀ ਸੁਤੰਤਰਤਾ ਇੱਕ ਸੰਵਿਧਾਨਕ ਹੁਕਮ ਹੈ। ਇਹ ਸੰਸਥਾ ਦੇਸ਼ ਭਰ ਵਿੱਚ ਆਜ਼ਾਦ ਅਤੇ ਨਿਰਪੱਖ ਚੋਣਾਂ ਉਦੋਂ ਹੀ ਯਕੀਨੀ ਬਣਾ ਸਕਦੀ ਹੈ ਜੇਕਰ ਇਸ ਨੂੰ ਕਾਰਜਪਾਲਿਕਾ ਦੀ ਦਖ਼ਲਅੰਦਾਜ਼ੀ ਤੋਂ ਪੂਰੀ ਤਰ੍ਹਾਂ ਮੁਕਤ ਰੱਖਿਆ ਜਾਵੇ। ਅਦਾਲਤ ਨੇ ਸਪੱਸ਼ਟ ਕੀਤਾ ਹੈ ਕਿ ਉਸ ਦੇ 2023 ਦੇ ਫ਼ੈਸਲੇ ਵਿੱਚ ਸੰਸਦ ਲਈ ਕਿਸੇ ਖ਼ਾਸ ਤਰੀਕੇ ਨਾਲ ਕਾਨੂੰਨ ਬਣਾਉਣ ਦੇ ਨਿਯਮ ਤੈਅ ਨਹੀਂ ਕੀਤੇ ਗਏ ਸਨ। ਇਸ ਲਈ, ਹੁਣ ਇਹ ਜ਼ਿੰਮੇਵਾਰੀ ਸੰਸਦ ਸਿਰ ਆਉਂਦੀ ਹੈ ਕਿ ਉਹ ਇਸ ਐਕਟ ਵਿੱਚ ਸੋਧ ਕਰਨ ਦੀ ਪਹਿਲਕਦਮੀ ਕਰੇ ਤਾਂ ਜੋ ਮੁੱਖ ਚੋਣ ਕਮਿਸ਼ਨਰ ਅਤੇ ਦੋਵਾਂ ਚੋਣ ਕਮਿਸ਼ਨਰਾਂ ਦੀ ਨਿਯੁਕਤੀ 'ਤੇ ਕੋਈ ਸਵਾਲ ਜਾਂ ਸ਼ੰਕਾ ਖੜ੍ਹੀ ਨਾ ਹੋ ਸਕੇ। ਇੱਥੇ ਸਵਾਲ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਦਾ ਹੈ ਅਤੇ ਸਾਡੇ ਚੋਣ ਲੋਕਤੰਤਰ ਦੀ ਸਿਹਤ ਦਾ ਵੀ ਹੈ। 'ਇੱਕ ਦੇਸ਼, ਇੱਕ ਚੋਣ' ਵਰਗੇ ਏਜੰਡੇ ਕੁਝ ਸਮਾਂ ਟਾਲੇ ਜਾ ਸਕਦੇ ਹਨ; ਪਰ ਮੌਜੂਦਾ ਸਮੇਂ ਦੀ ਸਭ ਤੋਂ ਵੱਡੀ ਲੋੜ ਇਸ ਕਾਨੂੰਨ ਨੂੰ ਹਰ ਤਰ੍ਹਾਂ ਦੇ ਨੁਕਸਾਂ ਅਤੇ ਚੋਰ-ਮੋਰੀਆਂ ਤੋਂ ਮੁਕਤ ਕਰਨ ਦੀ ਹੈ।

## ਗੋਤ ਵਿਰਦੀ ਜਠੇਰਿਆਂ ਦਾ ਮੇਲਾ ਭਾਰਟਾ ਕਲਾਂ ਵਿਖੇ ਹੋਵੇਗਾ 17 ਮਈ ਦਿਨ ਐਤਵਾਰ




**ਮਾਛੀਵਾੜਾ ਸਾਹਿਬ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਉਣ ਵਾਲੀ 17 ਮਈ ਜੇਠ ਮਹੀਨੇ ਦਾ ਜੇਠਾ ਐਤਵਾਰ ਨੂੰ ਰਾਹੋਂ ਨਜ਼ਦੀਕ ਭਾਟਾ ਕਲਾਂ ਵਿਖੇ ਬਿਰਦੀ ਗੋਤ ਦੇ ਜਠੇਰਿਆਂ ਦਾ ਸਲਾਨਾ ਮੇਲਾ ਅਤੇ ਭੰਡਾਰਾ ਕਰਵਾਇਆ ਜਾ ਰਿਹਾ ਹੈ। ਪ੍ਰਧਾਨ ਗੁਰਦਿਆਲ ਚੰਦ ਅਤੇ ਮੀਤ ਪ੍ਰਧਾਨ ਸੰਤੋਖ ਚੰਦ ਨੇ ਦੱਸਿਆ ਕਿ ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਵਿਰਦੀ ਗੋਤ ਦੇ ਜਠੇਰਿਆਂ ਦਾ ਸਲਾਨਾ ਮੇਲਾ ਅਤੇ ਭੰਡਾਰਾ ਧੂਮਧਾਮ ਅਤੇ ਉਤਸ਼ਾਹ ਪੂਰਵਕ ਭਾਰਟਾ ਕਲਾਂ ਵਿਖੇ 17 ਮਈ ਐਤਵਾਰ ਨੂੰ ਮਨਾਇਆ ਜਾ ਰਿਹਾ ਹੈ, ਜੋ ਜੇਠ ਮਹੀਨੇ ਦਾ ਜੇਠਾ ਐਤਵਾਰ ਹੋਵੇਗਾ। ਉਹਨਾਂ ਦੱਸਿਆ ਕਿ ਇਸ ਮੇਲੇ ਵਿੱਚ ਪੰਜਾਬ ਭਰ ਅਤੇ ਦੇਸ਼ ਵਿਦੇਸ਼ ਤੋਂ ਵਿਰਦੀ ਗੋਤ ਨਾਲ ਸੰਬੰਧਿਤ ਪਰਿਵਾਰ ਆਪਣੇ ਪੂਰਵਜਾਂ ਅੱਗੇ ਨਤਮਸਤਕ ਹੋਣ ਲਈ ਵੱਡੀ ਗਿਣਤੀ ਵਿੱਚ ਪੁੱਜਦੇ ਹਨ। ਸਵੇਰ ਤੜਕਸਾਰ ਤੋਂ ਲੈ ਕੇ ਦੇਰ ਸ਼ਾਮ ਤੱਕ ਮੱਥਾ ਟੇਕਣ ਲਈ ਪਰਿਵਾਰਾਂ ਦੀਆਂ ਲੰਬੀਆਂ ਲਾਈਨਾਂ ਲੱਗੀਆਂ ਰਹਿੰਦੀਆਂ ਹਨ।

ਪ੍ਰਬੰਧਕ ਕਮੇਟੀ ਵੱਲੋਂ ਇਸ ਮੇਲੇ ਸੰਬੰਧੀ ਖਾਸ ਹਦਾਇਤ ਜਾਰੀ ਕਰਦਿਆਂ ਕਿਹਾ ਗਿਆ ਕਿ ਇਸ ਸਲਾਨਾ ਭੰਡਾਰਾ ਅਤੇ ਮੇਲੇ ਵਿੱਚ ਸੱਦੇ ਹੋਏ ਕਲਾਕਾਰਾਂ ਨੂੰ ਹੀ ਸਮਾਂ ਦਿੱਤਾ ਜਾਵੇਗਾ, ਬਿਨਾਂ ਬੁਲਾਏ ਕਿਸੇ ਵੀ ਕਲਾਕਾਰ ਨੂੰ ਕੋਈ ਸਮਾਂ ਨਹੀਂ ਮਿਲੇਗਾ। ਸਾਰਾ ਦਿਨ ਸੰਗਤਾਂ ਲਈ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਲੰਗਰ ਅਟੁੱਟ ਵਰਤਾਏ ਜਾਣਗੇ।

## ਸਮਾਣਾ ਭੰਡਾਰਾ ਕਮੇਟੀ ਵੱਲੋਂ ਪਹਿਲਾ ਵਿਸ਼ਾਲ ਨਕਲੀ ਅੰਗ ਕੈਂਪ ਸਫਲਤਾਪੂਰਵਕ ਸੰਪੰਨ; 102 ਲੋੜਵੰਦਾਂ ਨੂੰ ਮਿਲੀ ਨਵੀਂ ਉਮੀਦ



**ਸਮਾਣਾ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਮਾਣਾ ਭੰਡਾਰਾ ਕਮੇਟੀ ਵੱਲੋਂ ਮਾਨਵਤਾ ਦੀ ਸੇਵਾ ਹਿੱਤ ਇੱਕ ਵੱਡਾ ਕਦਮ ਚੁੱਕਦਿਆਂ ਪਹਿਲੇ 'ਨਕਲੀ ਅੰਗ ਲਗਾਓ' ਕੈਂਪ ਦਾ ਸਫਲ ਆਯੋਜਨ ਕੀਤਾ ਗਿਆ। ਇਸ ਵਿਸ਼ੇਸ਼ ਕੈਂਪ ਦੌਰਾਨ 102 ਦਿਵਿਆਂਗ (ਅੰਗਹੀਣ) ਵਿਅਕਤੀਆਂ ਨੂੰ ਬਿਲਕੁਲ ਮੁਫ਼ਤ ਨਕਲੀ ਅੰਗ ਲਗਾਏ ਗਏ, ਜਿਸ ਨਾਲ ਉਨ੍ਹਾਂ ਦੀ ਜ਼ਿੰਦਗੀ ਵਿੱਚ ਨਵੀਂ ਉਮੀਦ ਜਾਗੀ ਹੈ।

ਕਮੇਟੀ ਦੇ ਪ੍ਰਧਾਨ ਚਾਚਾ ਫਕੀਰ ਚੰਦ ਜੀ ਅਤੇ ਸਰਪ੍ਰਸਤ ਵਿਨੋਦ ਗਰਗ ਜੀ ਦੀ ਅਗਵਾਈ ਹੇਠ ਲੱਗੇ ਇਸ ਕੈਂਪ ਵਿੱਚ ਨਰਾਇਣ ਸੇਵਾ ਸੰਸਥਾਨ (ਉਦੈਪੁਰ) ਦੀ ਕੈਥਲ ਸ਼ਾਖਾ ਦੇ ਰਾਸ਼ਟਰੀ ਪ੍ਰਮੁੱਖ ਡਾ. ਵਿਵੇਕ ਗਰਗ ਅਤੇ ਉਨ੍ਹਾਂ ਦੀ ਮਾਹਿਰ ਟੀਮ ਨੇ ਵਿਸ਼ੇਸ਼ ਤਕਨੀਕੀ ਸਹਿਯੋਗ ਦਿੱਤਾ।

ਇਸ ਮੌਕੇ ਡਾ. ਵਿਵੇਕ ਗਰਗ ਨੇ ਸੰਬੋਧਨ ਕਰਦਿਆਂ ਕਿਹਾ, ÷ਜਿਵੇਂ ਨਦੀਆਂ ਆਪਣਾ ਪਾਣੀ ਖ਼ੁਦ ਨਹੀਂ ਪੀਂਦੀਆਂ ਅਤੇ ਰੁੱਖ ਆਪਣੇ ਫ਼ਲ ਖ਼ੁਦ ਨਹੀਂ ਖਾਂਦੇ, ਉਸੇ ਤਰ੍ਹਾਂ ਮਨੁੱਖ ਨੂੰ ਵੀ ਆਪਣੀ ਨੇਕ ਕਮਾਈ ਦਾ ਕੁਝ ਹਿੱਸਾ ਲੋਕ ਭਲਾਈ ਦੇ ਕਾਰਜਾਂ ਵਿੱਚ ਲਗਾਉਣਾ ਚਾਹੀਦਾ ਹੈ।÷

ਵਾਈਸ ਪ੍ਰਧਾਨ ਸ਼ਿਵ ਨਰਾਇਣ ਗਰਗ ਨੇ ਜਾਣਕਾਰੀ ਦਿੱਤੀ ਕਿ ਇਸ ਮੁਹਿੰਮ ਦੀ ਸ਼ੁਰੂਆਤ 22 ਮਾਰਚ ਨੂੰ 'ਮਾਪ ਕੈਂਪ' ਰਾਹੀਂ ਕੀਤੀ ਗਈ ਸੀ। ਜਿਸ ਤੋਂ ਬਾਅਦ ਅੱਜ 10 ਮਈ ਨੂੰ 102 ਲੋੜਵੰਦਾਂ ਨੂੰ ਅੰਗ ਮੁਹੱਈਆ ਕਰਵਾਏ ਗਏ। ਉਨ੍ਹਾਂ ਅਪੀਲ ਕੀਤੀ ਕਿ ਜੇਕਰ ਕੋਈ ਹੋਰ ਲੋੜਵੰਦ ਵਿਅਕਤੀ ਅੰਗ ਲਗਵਾਉਣ ਤੋਂ ਵਾਂਝਾ ਰਹਿ ਗਿਆ ਹੋਵੇ, ਤਾਂ ਉਹ ਕਮੇਟੀ ਜਾਂ ਨਰਾਇਣ ਸੇਵਾ ਸੰਸਥਾਨ ਦੀ ਕੈਥਲ ਸ਼ਾਖਾ ਨਾਲ ਸਿੱਧਾ ਸੰਪਰਕ ਕਰ ਸਕਦਾ ਹੈ।

ਕੈਂਪ ਵਿੱਚ ਸਟੇਜ ਸੰਚਾਲਨ ਦੀ ਭੂਮਿਕਾ ਅਸ਼ੋਕ ਮੌਦਗਿਲ ਨੇ ਬਾਖ਼ੂਬੀ ਨਿਭਾਈ। ਇਸ ਮੌਕੇ ਨਰਾਇਣ ਸੇਵਾ ਸੰਸਥਾਨ ਵੱਲੋਂ ਡਾ. ਮਨੋਜ ਬੰਸਲ (ਖ਼ਜ਼ਾਨਚੀ), ਜੈ ਪ੍ਰਕਾਸ਼ ਗਰਗ, ਗਿਆਨ ਚੰਦ ਭੱਲਾ, ਵਿਨੋਦ ਮਿੱਤਲ, ਪਵਨ ਸ਼ਰਮਾ, ਅਰੁਣ, ਅਵਦੇਸ਼ ਸਿੰਗਲਾ, ਸਾਹਿਲ ਗਰਗ, ਡਾ. ਮੋਹਿਤ, ਸੋਮਨਾਥ ਅਤੇ ਪੰਕਜ ਸ਼ਰਮਾ ਹਾਜ਼ਰ ਸਨ।

ਸਥਾਨਕ ਪਤਵੰਤੇ ਸੱਜਣਾਂ ਵਿੱਚ ਦਰਸ਼ਨ ਮਿੱਤਲ (ਪ੍ਰਧਾਨ ਅਗਰਵਾਲ ਧਰਮਸ਼ਾਲਾ), ਜੀਵਨ ਗਰਗ, ਸੁਦਰਸ਼ਨ ਮਿੱਤਲ, ਸ਼ਾਮ ਲਾਲ ਸਿੰਗਲਾ, ਧਰਮਪਾਲ ਜੋਸ਼ੀ, ਡਾ. ਸੁਰਿੰਦਰਾ ਜੌਹਰੀ, ਡਾ. ਸ਼ਾਮ ਲਾਲ, ਨੀਟਾ ਜਾਨਕੀ, ਸੰਜੇ ਟਰਾਂਸਪੋਰਟਰ, ਸੁਭਾਸ਼, ਤਰਸੇਮ, ਤੇਜਪਾਲ, ਰਮਨ, ਬਬਲੀ ਬਰਾੜ ਅਤੇ ਪਵਨ ਗੋਇਲ ਸਮੇਤ ਕਈ ਹੋਰ ਮੈਂਬਰ ਮੌਜੂਦ ਸਨ। ਕਮੇਟੀ ਵੱਲੋਂ ਆਏ ਹੋਏ ਮਹਿਮਾਨਾਂ ਅਤੇ ਮਰੀਜ਼ਾਂ ਲਈ ਲੰਗਰ ਦਾ ਵਿਸ਼ੇਸ਼ ਪ੍ਰਬੰਧ ਵੀ ਕੀਤਾ ਗਿਆ।

## ਨਵੇਂ ਅਹੁਦੇਦਾਰਾਂ ਦੀ ਨਿਯੁਕਤੀ ਨਾਲ ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਮਿਲੇਗੀ ਨਵੀਂ ਰ਼ਫਤਾਰ : ਰਣਜੋਧ ਹਡਾਣਾ

**ਸਨੌਰ,13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਅੱਜ ਹਲਕਾ ਇੰਚਾਰਜ ਸਰਦਾਰ ਰਣਜੋਧ ਸਿੰਘ ਹਡਾਣਾ ਦੀ ਅਗਵਾਈ ਹੇਠ ਨਗਰ ਕੌਂਸਲ ਸਨੌਰ ਵਿਖੇ ਯੁਵਰਾਜ ਸਿੰਘ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਪਿੰਕੀ ਰਾਣੀ ਨੂੰ ਮੀਤ ਪ੍ਰਧਾਨ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਗਈ।



ਇਸ ਮੌਕੇ ਵੱਡੀ ਗਿਣਤੀ ਵਿੱਚ ਪਹੁੰਚੇ ਪਾਰਟੀ ਆਗੂਆਂ, ਕੌਂਸਲਰਾਂ ਅਤੇ ਵਰਕਰਾਂ ਨੇ ਨਵੇਂ ਅਹੁਦੇਦਾਰਾਂ ਦਾ ਫੁੱਲਾਂ ਦੇ ਗੁਲਦਸਤਿਆਂ ਨਾਲ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੰਦਿਆਂ ਸਰਦਾਰ ਰਣਜੋਧ ਸਿੰਘ ਹਡਾਣਾ ਨੇ ਕਿਹਾ ਕਿ ਆਮ ਆਦਮੀ ਪਾਰਟੀ ਹਮੇਸ਼ਾ ਮਿਹਨਤੀ ਅਤੇ ਲੋਕ ਸੇਵਾ ਦੀ ਭਾਵਨਾ ਰੱਖਣ ਵਾਲੇ ਵਰਕਰਾਂ ਦਾ ਸਨਮਾਨ ਕਰਦੀ ਹੈ।

ਉਨ੍ਹਾਂ ਕਿਹਾ, ÷ਯੁਵਰਾਜ ਸਿੰਘ ਅਤੇ ਪਿੰਕੀ ਰਾਣੀ ਲੰਬੇ ਸਮੇਂ ਤੋਂ ਪਾਰਟੀ ਦੀ ਚੜ੍ਹਦੀ ਕਲਾ ਲਈ ਕੰਮ ਕਰ ਰਹੇ ਹਨ।

ਇਨ੍ਹਾਂ ਦੀ ਨਿਯੁਕਤੀ ਨਾਲ ਨਗਰ ਕੌਂਸਲ ਦੇ ਕੰਮਕਾਜ ਵਿੱਚ ਪਾਰਦਰਸ਼ਤਾ ਆਵੇਗੀ ਅਤੇ ਸ਼ਹਿਰ ਵਾਸੀਆਂ ਦੀਆਂ ਸਮੱਸਿਆਵਾਂ ਦਾ ਹੱਲ ਪਹਿਲ ਦੇ ਆਧਾਰ 'ਤੇ ਹੋਵੇਗਾ।

ਸ. ਹਡਾਣਾ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸਨੌਰ ਸ਼ਹਿਰ ਦੀ ਨੁਹਾਰ ਬਦਲਣਾ ਉਨ੍ਹਾਂ ਦੀ ਮੁੱਖ ਤਰਜੀਹ ਹੈ। ਉਨ੍ਹਾਂ ਕਿਹਾ ਕਿ ਸਫ਼ਾਈ ਪ੍ਰਬੰਧ, ਸੀਵਰੇਜ ਦੀ ਸਮੱਸਿਆ, ਪੀਣ ਵਾਲੇ ਸਾਫ਼ ਪਾਣੀ ਦੀ ਸਪਲਾਈ, ਸੜਕਾਂ ਦੀ ਮੁਰੰਮਤ ਅਤੇ ਸਟਰੀਟ ਲਾਈਟਾਂ ਵਰਗੇ ਅਧੂਰੇ ਪਏ ਕੰਮਾਂ ਨੂੰ ਹੁਣ ਤੇਜ਼ੀ ਨਾਲ ਮੁਕੰਮਲ ਕੀਤਾ ਜਾਵੇਗਾ।

ਨਵੇਂ ਚੁਣੇ ਗਏ ਸੀਨੀਅਰ ਮੀਤ ਪ੍ਰਧਾਨ ਯੁਵਰਾਜ ਸਿੰਘ ਅਤੇ ਮੀਤ ਪ੍ਰਧਾਨ ਪਿੰਕੀ ਰਾਣੀ ਨੇ ਪਾਰਟੀ ਹਾਈਕਮਾਨ ਅਤੇ ਰਣਜੋਧ ਸਿੰਘ ਹਡਾਣਾ ਦਾ ਧੰਨਵਾਦ ਕਰਦਿਆਂ ਵਿਸ਼ਵਾਸ ਦਿਵਾਇਆ ਕਿ ਉਹ ਆਪਣੀ ਜ਼ਿੰਮੇਵਾਰੀ ਪੂਰੀ ਇਮਾਨਦਾਰੀ ਅਤੇ ਤਨਦੇਹੀ ਨਾਲ ਨਿਭਾਉਣਗੇ। ਉਨ੍ਹਾਂ ਕਿਹਾ ਕਿ ਉਹ ਸ਼ਹਿਰ ਦੇ ਹਰ ਵਾਰਡ ਦਾ ਬਿਨਾਂ ਕਿਸੇ ਪੱਖਪਾਤ ਦੇ ਬਰਾਬਰ ਵਿਕਾਸ ਕਰਵਾਉਣਗੇ ਅਤੇ ਖ਼ਾਸ ਤੌਰ 'ਤੇ ਮਹਿਲਾਵਾਂ ਤੇ ਬਜ਼ੁਰਗਾਂ ਨਾਲ ਜੁੜੇ ਮੁੱਦਿਆਂ ਨੂੰ ਗੰਭੀਰਤਾ ਨਾਲ ਹੱਲ ਕਰਨਗੇ।ਇਸ ਮੌਕੇ ਚੇਅਰਮੈਨ ਹੈਪੀ ਪਹਾੜੀਪੁਰ, ਵਾਈਸ ਚੇਅਰਮੈਨ ਹਰਪ੍ਰੀਤ ਸਿੰਘ ਘੁਮਾਣ, ਸਿਮਰਜੀਤ ਸਿੰਘ ਸੋਹਲ ਵਾਈਸ ਚੇਅਰਮੈਨ, ਬਲਿਹਾਰ ਚੀਮਾ ਪ੍ਰਧਾਨ ਕਿਸਾਨ ਵਿੰਗ, ਰਾਜਾ ਧੰਜੂ (ਸਰਪੰਚ ਸਰੁਸਤੀਗੜ੍ਹ), ਅਵਨੀਤ ਕੌਰ ਐਮ ਸੀ, ਵਿਕਾਸ ਅਟਵਾਲ (ਰਾਮ)ਐਮ ਸੀ, ਸੁਨੀਤਾ ਦੇਵੀ ਐਮ ਸੀ, ਚਰਨਜੀਤ ਸਿੰਘ ਐਮ ਸੀ, ਚਰਨਜੀਤ ਕੌਰ ਐਮ ਸੀ, ਤਰਸੇਮ ਸਿੰਘ ਐਮ ਸੀ, ਬਲਜੀਤ ਸਿੰਘ ਐਮ ਸੀ, ਸਤਨਾਮ ਕੌਰ ਐਮ ਸੀ, ਜਸਵੀਰ ਕੌਰ ਐਮ ਸੀ, ਨਰਿੰਦਰ ਸਿੰਘ ਐਮ ਸੀ, ਅਤੇ ਹੋਰ ਪਤਵੰਤੇ ਸੱਜਣ ਵੱਡੀ ਗਿਣਤੀ ਵਿੱਚ ਹਾਜ਼ਰ ਸਨ।

## ਜ਼ਿਲ੍ਹੇ 'ਚ ਰਾਜਪੁਰਾ, ਨਾਭਾ, ਸਮਾਣਾ ਤੇ ਪਾਤੜਾਂ ਨਗਰ ਕੌਂਸਲ ਚੋਣਾਂ ਲਈ ਤਿਆਰੀਆਂ ਮੁਕੰਮਲ : ਦਮਨਜੀਤ ਸਿੰਘ ਮਾਨ

**ਪਟਿਆਲਾ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪਟਿਆਲਾ 'ਚ ਰਾਜਪੁਰਾ, ਨਾਭਾ, ਸਮਾਣਾ ਤੇ ਪਾਤੜਾਂ ਨਗਰ ਕੌਂਸਲ ਦੀਆਂ 92 ਵਾਰਡਾਂ 'ਚ 26 ਮਈ ਨੂੰ ਮਈ ਨੂੰ ਹੋਣ ਵਾਲੀਆਂ ਆਮ ਚੋਣਾਂ ਲਈ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਇਹ ਪ੍ਰਗਟਾਵਾ ਪਟਿਆਲਾ ਦੇ ਵਧੀਕ ਡਿਪਟੀ ਕਮਿਸ਼ਨਰ (ਦਿਹਾਤੀ ਵਿਕਾਸ) ਅਤੇ ਵਧੀਕ ਜ਼ਿਲ੍ਹਾ ਚੋਣ ਅਫ਼ਸਰ ਦਮਨਜੀਤ ਸਿੰਘ ਮਾਨ ਨੇ ਕੀਤਾ।



ਵਧੀਕ ਡਿਪਟੀ ਕਮਿਸ਼ਨਰ ਪੇਂਡੂ ਵਿਕਾਸ-ਕਮ-ਵਧੀਕ ਜ਼ਿਲ੍ਹਾ ਚੋਣਕਾਰ ਅਫ਼ਸਰ ਨੇ ਦੱਸਿਆ ਕਿ ਜ਼ਿਲ੍ਹਾ ਪਟਿਆਲਾ ਅਧੀਨ ਮਿਉਂਸਪਲ ਕੌਂਸਲ ਨਾਭਾ ਅਧੀਨ 23 ਵਾਰਡਾਂ ਵਿੱਚ, ਮਿਉਂਸਪਲ ਕੌਂਸਲ ਪਾਤੜਾਂ ਅਧੀਨ 17 ਵਾਰਡਾਂ ਵਿੱਚ, ਮਿਉਂਸਪਲ ਕੌਂਸਲ ਰਾਜਪੁਰਾ ਅਧੀਨ 31 ਵਾਰਡਾਂ ਵਿੱਚ ਅਤੇ ਮਿਉਂਸਪਲ ਕਾਉਂਸਲ ਸਮਾਣਾ ਅਧੀਨ 21 ਵਾਰਡਾਂ ਵਿੱਚ ਚੋਣ ਕਰਵਾਈ ਜਾਣੀ ਹੈ। ਇਹਨਾਂ ਚੋਣਾਂ ਲਈ ਕੁੱਲ 228 ਬੂਥ ਸਥਾਪਿਤ ਕੀਤੇ ਗਏ ਹਨ ਅਤੇ ਇਸ ਵਿੱਚ ਤਕਰੀਬਨ 2 ਲੱਖ 15 ਹਜਾਰ ਵੋਟਰ ਭਾਗ ਲੈਣਗੇ। ਸਕੱਤਰ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਹੁਕਮਾਂ ਅਨੁਸਾਰ ਅਰਵਿੰਦਪਾਲ ਸਿੰਘ ਸੋਮਲ ਐਸ.ਡੀ.ਐਮ ਨਾਭਾ ਨੂੰ ਬਤੌਰ ਰਿਟਰਨਿੰਗ ਅਫਸਰ ਨਗਰ ਕੌਂਸਲ ਨਾਭਾ, ਕਾਲਾ ਰਾਮ ਕਾਂਸਲ ਐਸ.ਡੀ.ਐਮ ਪਾਤੜਾਂ ਨੂੰ ਬਤੌਰ ਰਿਟਰਨਿੰਗ ਅਫਸਰ ਨਗਰ ਕੌਂਸਲ ਪਾਤੜਾਂ, ਸੁਖਵਿੰਦਰ ਸਿੰਘ ਟਿਵਾਣਾ ਐਸ.ਡੀ.ਐਮ ਰਾਜਪੁਰਾ ਨੂੰ ਬਤੌਰ ਰਿਟਰਨਿੰਗ ਅਫਸਰ ਨਗਰ ਕੌਂਸਲ ਰਾਜਪੁਰਾ ਅਤੇ ਰਸ਼ਪਿੰਦਰ ਸਿੰਘ ਕਾਰਜਕਾਰੀ ਇੰਜੀਨੀਅਰ ਜਲ ਸਪਲਾਈ ਅਤੇ ਸੈਨੀਟੇਸ਼ਨ ਵਿਭਾਗ ਨੂੰ ਬਤੌਰ ਰਿਟਰਨਿੰਗ ਅਫਸਰ ਨਗਰ ਕੌਂਸਲ ਸਮਾਣਾ ਨਿਯੁਕਤ ਕੀਤਾ ਗਿਆ ਹੈ।

ਦਮਨਜੀਤ ਸਿੰਘ ਮਾਨ ਨੇ ਕਿਹਾ ਕਿ ਰਾਜ ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਸ਼ਡਿਊਲ ਦੇ ਅਨੁਸਾਰ, ਇਨ੍ਹਾਂ ਚੋਣਾਂ ਲਈ ਉਮੀਦਵਾਰਾਂ ਦੁਆਰਾ ਨਾਮਜ਼ਦਗੀਆਂ ਦਾਖਲ ਕਰਨ ਦੀ ਮਿਆਦ 13.05.2026 (ਬੁੱਧਵਾਰ) (ਸਵੇਰੇ 11 ਵਜੇ ਤੋਂ ਦੁਪਹਿਰ 3 ਵਜੇ ਦੇ ਵਿਚਕਾਰ) ਇਸ ਉਦੇਸ਼ ਲਈ ਨਿਰਧਾਰਤ ਸਬੰਧਤ ਰਿਟਰਨਿੰਗ ਅਫਸਰਾਂ ਦੇ ਦਫ਼ਤਰਾਂ ਵਿੱਚ ਸ਼ੁਰੂ ਹੋਵੇਗੀ। ਨਾਮਜ਼ਦਗੀਆਂ ਦਾਖਲ ਕਰਨ ਦੀ ਆਖਰੀ ਮਿਤੀ 16.05.20265 (ਸ਼ਨੀਵਾਰ) ਹੋਵੇਗੀ। ਨਾਮਜ਼ਦਗੀ ਪੱਤਰਾਂ ਦੀ ਜਾਂਚ 18.05.2026 (ਸੋਮਵਾਰ) ਨੂੰ ਹੋਵੇਗੀ। ਨਾਮਜ਼ਦਗੀਆਂ ਵਾਪਸ ਲੈਣ ਦੀ ਆਖਰੀ ਮਿਤੀ 19.05.2026 (ਮੰਗਲਵਾਰ) (ਦੁਪਹਿਰ 03:00 ਵਜੇ ਤੱਕ) ਹੈ। ਸਾਰੇ ਨਾਮਜ਼ਦਗੀ ਫਾਰਮ ਨਿਰਧਾਰਤ ਹਲਫੀਆ ਬਿਆਨ ਦੇ ਨਾਲ ਹੋਣੇ ਚਾਹੀਦੇ ਹਨ, ਅਤੇ ਜੇਕਰ ਉਮੀਦਵਾਰ ਕਿਸੇ ਰਾਜਨੀਤਿਕ ਪਾਰਟੀ ਦੁਆਰਾ ਸਪਾਂਸਰ ਕੀਤਾ ਗਿਆ ਹੈ, ਤਾਂ ਸਬੰਧਤ ਰਾਜਨੀਤਿਕ ਪਾਰਟੀ ਦਾ ਅਧਿਕਾਰਤ ਪੱਤਰ ਹੋਣਾ ਲਾਜ਼ਮੀ ਹੈ। ਉਮੀਦਵਾਰਾਂ ਦੇ ਕੇਵਾਈਸੀ ਵੇਰਵੇ ਜ਼ਿਲ੍ਹਾ ਵੈੱਬਸਾਈਟ 'ਤੇ ਅਪਲੋਡ ਕੀਤੇ ਜਾਣਗੇ।ਉਨ੍ਹਾਂ ਦੱਸਿਆ ਕਿ ਇਹ ਪੋਲਿੰਗ 26.05.2026 (ਮੰਗਲਵਾਰ) ਨੂੰ ਸਵੇਰੇ 08:00 ਵਜੇ ਤੋਂ ਸ਼ਾਮ 05:00 ਵਜੇ ਤੱਕ ਹੋਵੇਗੀ। ਪੋਲ ਹੋਈਆਂ ਵੋਟਾਂ ਦੀ ਗਿਣਤੀ 29.05.2026 (ਸ਼ੁੱਕਰਵਾਰ) ਨੂੰ ਗਿਣਤੀ ਕੇਂਦਰਾਂ 'ਤੇ ਕੀਤੀ ਜਾਵੇਗੀ।

ਉਨ੍ਹਾਂ ਕਿਹਾ ਕਿ ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਦੀ ਨਿਗਰਾਨੀ ਹੇਠ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਜ਼ਿਲ੍ਹੇ ਵਿੱਚ ਇਨ੍ਹਾਂ ਚੋਣਾਂ ਨੂੰ ਨਿਰਪੱਖ, ਸੁਤੰਤਰ ਅਤੇ ਸ਼ਾਂਤੀਪੂਰਨ ਢੰਗ ਨਾਲ ਕਰਵਾਉਣ ਲਈ ਸਾਰੇ ਪ੍ਰਬੰਧ ਕੀਤੇ ਗਏ ਹਨ।

ਦਮਨਜੀਤ ਸਿੰਘ ਮਾਨ ਨੇ ਹੋਰ ਦੱਸਿਆ ਕਿ ਨਗਰ ਕੌਂਸਲਾਂ ਲਈ ਚੋਣ ਲੜ ਰਹੇ ਉਮੀਦਵਾਰ ਲਈ ਕਮਿਸ਼ਨ ਦੁਆਰਾ ਖਰਚ ਸੀਮਾ ਨਗਰ ਕੌਂਸਲਾਂ ਲਈ ਸ਼੍ਰੇਣੀ -ਏ ਲਈ 3,60,000 ਰੁਪਏ, ਸ਼੍ਰੇਣੀ ਬੀ 2,30,000 ਰੁਪਏ, ਸ਼੍ਰੇਣੀ ਸੀ 2,00,000 ਰੁਪਏ ਨਿਰਧਾਰਤ ਕੀਤੀ ਗਈ ਹੈ।

ਏ.ਡੀ.ਸੀ ਨੇ ਦੱਸਿਆ ਕਿ ਚੋਣ ਸ਼ਡਿਊਲ ਦੇ ਐਲਾਨ ਦੇ ਨਾਲ, ਸਾਰੀਆਂ ਨਗਰ ਨਿਗਮਾਂ, ਨਗਰ ਕੌਂਸਲਾਂ ਅਤੇ ਨਗਰ ਪੰਚਾਇਤਾਂ ਦੇ ਅਧਿਕਾਰ ਖੇਤਰ ਵਿੱਚ, ਜਿੱਥੇ ਚੋਣਾਂ ਹੋਣ ਜਾ ਰਹੀਆਂ ਹਨ, ਆਦਰਸ਼ ਚੋਣ ਜ਼ਾਬਤਾ ਤੁਰੰਤ ਪ੍ਰਭਾਵ ਨਾਲ ਲਾਗੂ ਹੋ ਗਿਆ ਹੈ। ਇਹ ਚੋਣ ਪ੍ਰਕਿਰਿਆ ਦੇ ਪੂਰਾ ਹੋਣ ਤੱਕ ਲਾਗੂ ਰਹੇਗਾ।

## ਇਤਿਹਾਸਿਕ ਸੋਮਨਾਥ ਮੰਦਿਰ ਦੀ ਪੁਨਰਸਥਾਪਨਾ ਦੇ 75 ਸਾਲ ਪੂਰੇ ਹੋਣ 'ਤੇ ਆਯੋਜਿਤ ਹੋਇਆ ਸਮਾਗਮ

**ਚੰਡੀਗੜ੍ਹ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਪ੍ਰਸ਼ਾਸਨ ਦੇ ਸੱਭਿਆਚਾਰ ਵਿਭਾਗ ਨੇ ਭਾਰਤ ਸਰਕਾਰ ਦੇ ਸੱਭਿਆਚਾਰ ਮੰਤਰਾਲੇ ਦੁਆਰਾ ਪੁਨਰਸਥਾਪਿਤ ਸੋਮਨਾਥ ਮੰਦਿਰ ਦੇ ਉਦਘਾਟਨ ਦੀ 75ਵੀਂ ਵਰ੍ਹੇਗੰਢ ਮੌਕੇ ਸ਼ੁਰੂ ਕੀਤੇ ਗਏ ਰਾਸ਼ਟਰਵਿਆਪੀ ਯਾਦਗਾਰੀ ਪ੍ਰੋਗਰਾਮਾਂ ਦੇ ਹਿੱਸੇ ਵਜੋਂ 'ਸੋਮਨਾਥ ਸਵਾਭਿਮਾਨ ਪਰਵ' ਮਨਾਇਆ।ਟੈਗੋਰ ਥੀਏਟਰ ਵਿਖੇ ਆਯੋਜਿਤ ਰਾਜ ਪੱਧਰੀ ਪ੍ਰੋਗਰਾਮ ਵਿੱਚ 300 ਤੋਂ ਅਧਿਕ ਪ੍ਰਤੀਭਾਗੀਆਂ ਨੇ ਪਵਿੱਤਰ ਸੋਮਨਾਥ ਮੰਦਿਰ ਤੋਂ ਹੋਣ ਵਾਲੇ ਸਿੱਧੇ ਪ੍ਰਸਾਰਣ ਨੂੰ ਦੇਖਿਆ। ਲਾਇਵ ਪ੍ਰਸਾਰਣ ਦੇ ਦੌਰਾਨ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਉਪਸਥਿਤ ਜਨਸਮੂਹ ਨੂੰ ਸੰਬੋਧਨ ਕਰਦੇ ਹੋਏ ਇਸ ਅਵਸਰ ਨੂੰ ਭਾਰਤ ਦੀ ਸੱਭਿਅਤਾਗਤ ਯਾਤਰਾ ਦਾ ਇੱਕ ਮਹੱਤਵਪੂਰਨ ਪੜਾਅ ਦੱਸਿਆ। ਉਨ੍ਹਾਂ ਨੇ ਕਿਹਾ ਕਿ 'ਸੋਮਨਾਥ ਅੰਮ੍ਰਿਤ ਮਹੋਤਸਵ' ਦੇਸ਼ ਭਰ ਵਿੱਚ ਭਗਤੀ ਅਤੇ ਅਧਿਆਤਮਿਕ ਊਰਜਾ ਦਾ ਪ੍ਰਤੀਕ ਹੈ। ਇਸ ਅਵਸਰ 'ਤੇ ਸ਼੍ਰੀ ਮਨਦੀਪ ਸਿੰਘ ਬਰਾੜ, ਆਈਏਐੱਸ, ਸਕੱਤਰ, ਸੱਭਿਆਚਾਰ ਸਹਿਤ ਚੰਡੀਗੜ੍ਹ ਪ੍ਰਸ਼ਾਸਨ ਦੇ ਹੋਰ ਅਧਿਕਾਰੀ ਵੀ ਉਪਸਥਿਤ ਰਹੇ।

ਚੰਡੀਗੜ੍ਹ ਵਿੱਚ ਆਯੋਜਿਤ ਸਮਾਰੋਹਾਂ ਦੇ ਤਹਿਤ ਪ੍ਰਾਚੀਨ ਸ਼੍ਰੀ ਖੇੜਾ ਸ਼ਿਵ ਮੰਦਿਰ ਤੋਂ ਸ਼੍ਰੀ ਸਨਾਤਨ ਧਰਮ ਮੰਦਿਰ ਤੱਕ ਕਲਸ਼ ਯਾਤਰਾ ਵੀ ਕੱਢੀ ਗਈ, ਜਿਸ ਵਿੱਚ ਬੜੀ ਸੰਖਿਆ ਵਿੱਚ ਸ਼ਰਧਾਲੂਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਅਵਸਰ 'ਤੇ ਸ਼ਹਿਰ ਦੇ ਵਿਰਾਸਤ ਭਵਨਾਂ ਅਤੇ ਮੰਦਿਰਾਂ ਨੂੰ ਵਿਸ਼ੇਸ਼ ਤੌਰ 'ਤੇ ਰੋਸ਼ਨੀ ਨਾਲ ਸਜਾਇਆ ਗਿਆ। ਪ੍ਰੋਗਰਾਮ ਦੇ ਜ਼ਰੀਏ ਭਾਰਤ ਦੀ ਸਮ੍ਰਿੱਧ ਸੱਭਿਆਚਾਰਕ ਵਿਰਾਸਤ ਨੂੰ ਪ੍ਰਦਰਸ਼ਿਤ ਕਰਦੇ ਹੋਏ ਆਸਥਾ, ਸ਼ਰਧਾ ਅਤੇ ਰਾਸ਼ਟਰੀ ਗੌਰਵ ਦੀ ਭਾਵਨਾ ਨੂੰ ਪ੍ਰੋਤਸਾਹਿਤ ਕੀਤਾ ਗਿਆ।

## ਸਵ. ਜਗਮੋਹਣ ਸਿੰਘ ਟੱਕਰ ਯਾਦਗਾਰੀ ਖ਼ੂਨਦਾਨ ਤੇ ਮੈਡੀਕਲ ਕੈਂਪ ਲਗਾਇਆ ਗਿਆ

**ਮਾਛੀਵਾੜਾ ਸਾਹਿਬ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਸਵ. ਜਗਮੋਹਣ ਸਿੰਘ ਟੱਕਰ ਦੀ 14ਵੀਂ ਬਰਸੀ 'ਤੇ ਸਵਾਮੀ ਗੰਗਾ ਨੰਦ ਜੀ ਭੂਰੀ ਵਾਲੇ ਚੈਰੀਟੇਬਲ ਸੇਵਾ ਸੰਮਤੀ, ਯੁਵਕ ਸੇਵਾਵਾਂ ਕਲੱਬ ਸਮਰਾਲਾ, ਚਰਨ ਕੰਵਲ ਸਾਹਿਬ ਸਪੋਰਟਸ ਐਂਡ ਵੈਲਫੇਅਰ ਕਲੱਬ ਮਾਛੀਵਾੜਾ ਸਾਹਿਬ ਦੇ ਸਹਿਯੋਗ ਨਾਲ ਸਥਾਨਕ ਲਕਸ਼ਮੀ ਮਾਰਕੀਟ ਨੇੜ੍ਹੇ ਐੱਚ.ਡੀ.ਐੱਫ.ਸੀ. ਬੈਂਕ ਨੇੜ੍ਹੇ ਖ਼ੂਨਦਾਨ ਤੇ ਮੈਡੀਕਲ ਕੈਂਪ ਲਗਾਇਆ ਗਿਆ। ਕੈਂਪ ਵਿਚ ਵਿਸ਼ੇਸ਼ ਤੌਰ 'ਤੇ ਸਾਬਕਾ ਵਿਧਾਇਕ ਜਗਜੀਵਨ ਸਿੰਘ ਖੀਰਨੀਆਂ, ਹਲਕਾ ਸਮਰਾਲਾ ਤੋਂ ਕਾਂਗਰਸ ਪਾਰਟੀ ਇੰਚਾਰਜ਼ ਰੁਪਿੰਦਰ ਸਿੰਘ ਰਾਜਾ ਗਿੱਲ, ਸ਼੍ਰੋਮਣੀ ਅਕਾਲੀ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ, ਭਾਜਪਾ ਆਗੂ ਰਣਜੀਤ ਸਿੰਘ ਗਹਿਲੇਵਾਲ ਨੇ ਸ਼ਮੂਲੀਅਤ ਕੀਤੀ ਜਿਨ੍ਹਾਂ ਖ਼ੂਨਦਾਨੀਆਂ ਦੀ ਹੌਂਸਲਾ ਅਫ਼ਜਾਈ ਕੀਤੀ। ਖ਼ੂਨਦਾਨ ਕੈਂਪ ਵਿਚ ਪੀ.ਜੀ.ਆਈ. ਚੰਡੀਗੜ੍ਹ ਤੋਂ ਆਈ ਟੀਮ ਵਲੋਂ 50 ਤੋਂ ਵੱਧ ਯੂਨਿਟ ਖ਼ੂਨ ਇਕੱਤਰ ਕੀਤਾ ਗਿਆ। ਇਸੇ ਤਰ੍ਹਾਂ ਮੈਡੀਕਲ ਕੈਂਪ ਵਿਚ ਐੱਸ.ਜੀ.ਬੀ. ਚੈਰੀਟੇਬਲ ਹਸਪਤਾਲ ਅਤੇ ਐੱਸ.ਪੀ.ਐੱਸ. ਹਸਪਤਾਲ ਲੁਧਿਆਣਾ ਦੇ ਮਾਹਿਰ ਡਾਕਟਰਾਂ ਨੇ ਵੱਖ-ਵੱਖ ਬਿਮਾਰੀਆਂ ਜਿਸ ਵਿਚ ਅੱਖਾਂ, ਦੰਦਾਂ, ਹੱਡੀਆਂ ਤੇ ਜਨਰਲ ਬਿਮਾਰੀਆਂ ਸਬੰਧੀ ਮਰੀਜ਼ਾਂ ਦੀ ਜਾਂਚ ਕਰ ਮੁਫ਼ਤ ਦਵਾਈਆਂ ਵੀ ਦਿੱਤੀਆਂ। ਲੋੜਵੰਦ ਮਰੀਜ਼ਾਂ ਨੂੰ ਸੰਸਥਾ ਵਲੋਂ ਮੁਫ਼ਤ ਐਨਕਾਂ ਵੀ ਦਿੱਤੀਆਂ ਗਈਆਂ। ਇਸ ਮੌਕੇ ਗੁਰਦੁਆਰਾ ਕਿਰਪਾਨ ਭੇਟ ਸਾਹਿਬ ਦੇ ਮੁੱਖ ਸੇਵਾਦਾਰ ਬਾਬਾ ਸਰਵਣ ਸਿੰਘ ਰਸਾਲਦਾਰ, ਨਾਇਬ ਤਹਿਸੀਲਦਾਰ ਰਾਜੇਸ਼ ਅਹੂਜਾ, ਸੇਵਾਮੁਕਤ ਡੀ.ਐੱਸ.ਪੀ. ਗੁਰਬਚਨ ਸਿੰਘ, ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ, ਜ਼ਿਲਾ ਉਪ ਪ੍ਰਧਾਨ ਕਸਤੂਰੀ ਲਾਲ ਮਿੰਟੂ, ਸਾਬਕਾ ਚੇਅਰਮੈਨ ਸ਼ਕਤੀ ਆਨੰਦ, ਸ਼ਹਿਰੀ ਪ੍ਰਧਾਨ ਕਾਂਗਰਸ ਕਪਿਲ ਆਨੰਦ, ਸ਼੍ਰੋਮਣੀ ਕਮੇਟੀ ਮੈਂਬਰ ਹਰਜਤਿੰਦਰ ਸਿੰਘ ਪਵਾਤ, ਜ਼ਿਲਾ ਪ੍ਰੀਸ਼ਦ ਮੈਂਬਰ ਹਰਜੋਤ ਸਿੰਘ ਮਾਂਗਟ, ਜ਼ਿਲਾ ਉਪ ਪ੍ਰਧਾਨ ਜੇ.ਪੀ. ਸਿੰਘ ਮੱਕੜ, ਸਾਬਕਾ ਚੇਅਰਮੈਨ ਦਰਸ਼ਨ ਕੁੰਦਰਾ, ਟਹਿਲ ਸਿੰਘ ਔਜਲਾ, ਕੌਂਸਲਰ ਅਸ਼ੋਕ ਸੂਦ, ਅਮਨਦੀਪ ਸਿੰਘ ਤਨੇਜਾ, ਬਲਜਿੰਦਰ ਸਿੰਘ ਮੱਕੜ, ਨਰਿੰਦਰਪਾਲ ਲੱਕੀ, ਸ਼ਹਿਰੀ ਪ੍ਰਧਾਨ ਜਸਪਾਲ ਸਿੰਘ ਜੱਜ, ਅਰਵਿੰਦਰਪਾਲ ਸਿੰਘ ਵਿੱਕੀ, ਪ੍ਰਿੰ. ਡੀ.ਡੀ. ਵਰਮਾ, ਪ੍ਰਿੰ. ਦਰਸ਼ਨ ਲਾਲ ਜੈਨ, ਐਡਵੋਕੇਟ ਅਨਿਰੁਧ ਲੂਥਰਾ, ਨੰਦ ਕਿਸ਼ੋਰ, ਛਿੰਦਰਪਾਲ ਹਿਯਾਤਪੁਰ, ਜਗਦੀਪ ਸਿੰਘ ਝੱਜ, ਐਡਵੋਕੇਟ ਗੁਰਜੀਤ ਸਿੰਘ ਮਿੱਠੇਵਾਲ, ਪ੍ਰਿੰਸ ਮਿੱਠੇਵਾਲ, ਦਵਿੰਦਰ ਸਿੰਘ ਬਵੇਜਾ, ਹਰਿੰਦਰਮੋਹਣ ਸਿੰਘ ਕਾਲੜਾ, ਭਾਜਪਾ ਆਗੂ ਸੰਜੀਵ ਲੀਹਲ, ਮੰਡਲ ਪ੍ਰਧਾਨ ਸੁੱਖੀ ਸ਼ਰਮਾ, ਭੁਪਿੰਦਰ ਸਿੰਘ ਰਾਠੌਰ, ਸੰਜੀਵ ਪਾਂਧੀ, ਠੇਕੇਦਾਰ ਜਤਿੰਦਰ ਕੁੰਦਰਾ, ਜਤਿਨ ਬਾਂਸਲ, ਜਗਤਾਰ ਸਿੰਘ, ਡਾ. ਅਸ਼ੋਕ ਸ਼ਰਮਾ, ਸ਼ੈਂਕੀ ਸ਼ਰਮਾ, ਭੂਸ਼ਣ ਜੈਨ, ਹਰਿੰਦਰ ਸਿੰਘ ਪੱਪੀ ਯੂ.ਕੇ., ਪੀ.ਏ. ਰਾਜੇਸ਼ ਬਿੱਟੂ, ਯੁਵਰਾਜਜੀਤ ਰਾਏ, ਮੁਕੇਸ਼ ਧੀਰ ਕੈਨੇਡਾ, ਵਿਨੀਤ ਕੁਮਾਰ ਝੜੌਦੀ, ਜਥੇਦਾਰ ਕੇਵਲ ਕੱਦੋਂ, ਚੇਤਨ ਕੁਮਾਰ, ਪ੍ਰਿੰ. ਨਿਰੰਜਨ ਕੁਮਾਰ, ਕੁਲਵੰਤ ਕੌਰ ਨੀਲੋਂ, ਪਰਮਜੀਤ ਕੌਰ ਸੈਣੀ, ਪੀ.ਏ. ਹਰਚੰਦ ਸਿੰਘ, ਡਾ. ਰਵਿੰਦਰ ਹੰਬੋਵਾਲ, ਲੈਕਚਰਾਰ ਸਵਰਨ ਛੌੜੀਆਂ, ਸੁਭਾਸ਼ ਬੀਟਨ, ਅੰਮ੍ਰਿਤਪਾਲ ਸਿੰਘ ਚੀਮਾ, ਹਰਮਿੰਦਰ ਸਿੰਘ ਗਿੱਲ, ਗੀਤਕਾਰ ਭੱਟੀ ਭੜੀ ਵਾਲਾ, ਦਲਵੀਰ ਸਿੰਘ ਕੰਗ, ਉਪਜਿੰਦਰ ਸਿੰਘ ਔਜਲਾ, ਬਿੰਦੀ ਕਲਾਲਮਾਜਰਾ, ਸ਼ੇਰ ਰਾਣਵਾਂ, ਅਮਰਜੀਤ ਸਿੰਘ ਕਾਲਾ ਤੋਂ ਇਲਾਵਾ ਕੈਂਪ ਪ੍ਰਬੰਧਕਾਂ 'ਚ ਸੰਜੇ ਜੈਨ ਵੀ ਮੌਜੂਦ ਸਨ।

## ਸ਼ਹਿਰ ਦੀ ਚਾਰਦੀਵਾਰੀ ਅੰਦਰ ਸ਼ਰਾਬ, ਮੀਟ, ਅਤੇ ਨਸ਼ੀਲੇ ਪਦਾਰਥਾਂ ਦੀ ਵਿਕਰੀ ਤੇ ਸਟੋਰੇਜ ਤੇ ਮੁਕੰਮਲ ਪਾਬੰਦੀ : ਜਿਲ੍ਹਾ ਮੈਜਿਸਟਰੇਟ

**ਅੰਮ੍ਰਿਤਸਰ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਜਾਰੀ ਕੀਤੇ ਗਏ ਅਧਿਸੂਚਨਾ ਰਾਹੀਂ ਅੰਮ੍ਰਿਤਸਰ ਸ਼ਹਿਰ ਦੀ ਚਾਰਦੀਵਾਰੀ, ਸ੍ਰੀ ਆਨੰਦਪੁਰ ਸਾਹਿਬ, ਤਲਵੰਡੀ ਸਾਬੋ (ਸ੍ਰੀ ਦਮਦਮਾ ਸਾਹਿਬ), ਬਠਿੰਡਾ ਨੂੰ ਪਵਿੱਤਰ ਸ਼ਹਿਰ (Holy Cities) ਘੋਸ਼ਿਤ ਕਰਦੇ ਹੋਏ ਇਹਨਾਂ ਪਵਿੱਤਰ ਸ਼ਹਿਰਾਂ ਦੇ ਨਿਰਧਾਰਤ ਸਥਾਨਾਂ ਤੇ ਸ਼ਰਾਬ, ਮੀਟ, ਪਾਨ, ਬੀੜੀ/ਸਿਗਰਟ/ਤੰਬਾਕੂ ਅਧਾਰਿਤ ਪਦਾਰਥਾਂ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ, ਵਿਕਰੀ ਅਤੇ ਸਟੋਰੇਜ਼ ਤੇ ਪਾਬੰਦੀ ਲਗਾਉਣ ਲਈ ਸਬੰਧਤ ਵਿਭਾਗਾਂ ਨੂੰ ਹਦਾਇਤ ਕੀਤੀ ਗਈ ਸੀ।



ਇਸ ਸਬੰਧੀ ਸ੍ਰੀ ਦਲਵਿੰਦਰਜੀਤ ਸਿੰਘ, ਜਿਲ੍ਹਾ ਮੈਜਿਸਟਰੇਟ, ਅੰਮ੍ਰਿਤਸਰ ਭਾਰਤੀ ਨਾਗਰਿਕ ਸੁਰੱਕਸ਼ਾ ਸਹਿੰਤਾ, 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੋਇਆਂ ਸ਼ਹਿਰ ਦੀ ਚਾਰਦੀਵਾਰੀ (Walled City of Amritsar) ਪਵਿੱਤਰ ਸ਼ਹਿਰ (Holy City) ਵਿੱਚ ਪਾਨ, ਬੀੜੀ/ਸਿਗਰਟ/ਤੰਬਾਕੂ ਅਧਾਰਿਤ ਪਦਾਰਥਾਂ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ, ਵਿਕਰੀ ਅਤੇ ਸਟੋਰੇਜ਼ ਤੇ ਪੂਰਨ ਪਾਬੰਦੀ ਲਗਾਈ ਹੈ।

ਜਿਲ੍ਹਾ ਮੈਜਿਸਟਰੇਟ ਨੇ ਦੱਸਿਆ ਕਿ ਉਪਰੋਕਤ ਮਾਮਲੇ ਦੀ ਤੱਤਪਰਤਾ ਨੂੰ ਮੁੱਖ ਰੱਖਦੇ ਹੋਏ ਇਹ ਹੁਕਮ ਇਕਤਰਫਾ ਪਾਸ ਕੀਤਾ ਜਾਂਦਾ ਹੈ ਅਤੇ ਇਹ ਹੁਕਮ 7 ਜੁਲਾਈ 2026 ਤੱਕ ਲਾਗੂ ਰਹੇਗਾ।

ਉਨ੍ਹਾਂ ਦੱਸਿਆ ਕਿ ਸਿਵਲ ਸਰਜਨ, ਅੰਮ੍ਰਿਤਸਰ ਇਸ ਹੁਕਮ ਦਾ ਪਾਲਣ ਕਰਵਾਉਣ ਲਈ ਜਿੰਮੇਵਾਰ ਹੋਣਗੇ।

ਇਹ ਹੁਕਮ 7 ਜੁਲਾਈ 2026 ਤੱਕ ਲਾਗੂ ਰਹੇਗਾ।

## ਸੁਪਰੀਮ ਕੋਰਟ ਵੱਲੋਂ ਸਮਾਧਾਨ ਸਮਾਰੋਹ ਮੁਹਿੰਮ ਤਹਿਤ ਵਿਸ਼ੇਸ਼ ਲੋਕ ਅਦਾਲਤਾਂ ਅਗਸਤ ਵਿੱਚ

**ਪਟਿਆਲਾ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਆਫ਼ ਇੰਡੀਆ ਵੱਲੋਂ ਸਮਾਧਾਨ ਸਮਾਰੋਹ ਮੁਹਿੰਮ ਤਹਿਤ ਵਿਸ਼ੇਸ਼ ਲੋਕ ਅਦਾਲਤਾਂ ਦਾ ਆਯੋਜਨ ਕੀਤਾ ਜਾ ਰਿਹਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ: ਅਵਤਾਰ ਸਿੰਘ, ਮਾਣਯੋਗ ਜ਼ਿਲ੍ਹਾ ਅਤੇ ਸੈਸ਼ਨਜ਼ ਜੱਜ-ਕਮ-ਚੇਅਰਪਰਸਨ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਨੇ ਦੱਸਿਆ ਕਿ ਸਮਾਧਾਨ ਸਮਾਰੋਹ ਮੁਹਿੰਮ 21 ਅਪਰੈਲ, 2026 ਤੋਂ ਸ਼ੁਰੂ ਕੀਤੀ ਗਈ ਹੈ। ਇਸ ਮੁਹਿੰਮ ਤਹਿਤ ਵਿਸ਼ੇਸ਼ ਲੋਕ ਅਦਾਲਤਾਂ ਦਾ ਆਯੋਜਨ 21, 22 ਅਤੇ 23 ਅਗਸਤ, 2026 ਨੂੰ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਹ ਵਿਸ਼ੇਸ਼ ਲੋਕ ਅਦਾਲਤਾਂ ਸੁਪਰੀਮ ਕੋਰਟ ਆਫ਼ ਇੰਡੀਆ ਵਿੱਚ ਲੰਬਿਤ ਮਾਮਲਿਆਂ ਦੇ ਆਪਸੀ ਸਹਿਮਤੀ ਰਾਹੀਂ ਨਿਪਟਾਰੇ ਲਈ ਲਗਾਈਆਂ ਜਾ ਰਹੀਆਂ ਹਨ।

ਇਸ ਮੌਕੇ ਅਸ਼ੋਕ ਕੁਮਾਰ ਚੌਹਾਨ, ਮੁੱਖ ਨਿਆਂਪਾਲਿਕ ਮੈਜਿਸਟ੍ਰੇਟ-ਕਮ-ਸਕੱਤਰ, ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਪਟਿਆਲਾ ਨੇ ਦੱਸਿਆ ਕਿ ਪਾਰਟੀਆਂ ਅਤੇ ਉਨ੍ਹਾਂ ਦੇ ਵਕੀਲ ਨਿਰਧਾਰਿਤ ਗੂਗਲ ਫਾਰਮ ਭਰ ਕੇ ਆਪਣੀ ਬੇਨਤੀ ਜਮ੍ਹਾਂ ਕਰਵਾ ਸਕਦੇ ਹਨ। ਇਹ ਗੂਗਲ ਫਾਰਮ https://www.sci.gov.in/. 'ਤੇ ਉਪਲਬਧ ਹੈ। ਉਨ੍ਹਾਂ ਦੱਸਿਆ ਕਿ ਗੂਗਲ ਫਾਰਮ ਭਰਨ ਦੀ ਆਖਰੀ ਤਾਰੀਖ 31 ਮਈ, 2026 ਨਿਰਧਾਰਿਤ ਕੀਤੀ ਗਈ ਹੈ। ਉਨ੍ਹਾਂ ਹੋਰ ਦੱਸਿਆ ਕਿ ਇਸ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, ਏ.ਡੀ.ਆਰ. ਸੈਂਟਰ, ਜ਼ਿਲ੍ਹਾ ਅਦਾਲਤਾਂ ਕੰਪਲੈਕਸ, ਪਟਿਆਲਾ ਦੇ ਦਫ਼ਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

## ਸ਼ਹਿਰ ਦੀ ਸੁੰਦਰਤਾ ਅਤੇ ਸਜਾਵਟ ਲਈ ਦੁਕਾਨਦਾਰ ਵੀ ਕਰਨ ਸਹਿਯੋਗ : ਪ੍ਰਧਾਨ ਕੁੰਦਰਾ

**ਮਾਛੀਵਾੜਾ ਸਾਹਿਬ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਾਹਿਬੇ ਕਮਾਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਚਰਨ ਸੋ ਪ੍ਰਾਪਤ ਧਰਤੀ ਸ੍ਰੀ ਮਾਛੀਵਾੜਾ ਸਾਹਿਬ ਦੇ ਇਤਿਹਾਸਿਕ ਅਤੇ ਪਵਿੱਤਰ ਅਸਥਾਨ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਨੂੰ ਜਾਂਦੇ ਰਸਤੇ ਦਾ ਅੱਜ ਨਗਰ ਕੌਂਸਲ ਪ੍ਰਧਾਨ ਮੋਹਿਤ ਕੁੰਦਰਾ ਵੱਲੋਂ ਕੰਮ ਸ਼ੁਰੂ ਕਰਵਾਇਆ ਗਿਆ।



ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਧਾਨ ਮੋਹਿਤ ਕੁੰਦਰਾ ਨੇ ਕਿਹਾ ਕਿ ਇਸ ਰਸਤੇ ਨੂੰ ਬਣਾਉਣ ਲਈ ਲੰਬੇ ਸਮੇਂ ਤੋਂ ਮੰਗ ਸੀ, ਜੋ ਪਿਛਲੀਆਂ ਸਰਕਾਰਾਂ ਨੇ ਅਣਸੁਣੀ ਕਰ ਰੱਖੀ ਸੀ, ਪਰ ਉਹ ਧੰਨਵਾਦ ਕਰਦੇ ਹਨ ਹਲਕਾ ਵਿਧਾਇਕ ਜਗਤਾਰ ਸਿੰਘ ਦਿਆਲਪੁਰਾ ਦਾ ਜਿਨਾਂ ਨੇ ਇਸ ਰਸਤੇ ਨੂੰ ਬਣਾਉਣ ਦੀ ਮੰਗ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅੱਗੇ ਰੱਖੀ ਜਿਨ੍ਹਾਂ ਇਸ ਰਸਤੇ ਨੂੰ ਬਣਾਉਣ ਲਈ ਤੁਰੰਤ ਗਰਾਂਟ ਜਾਰੀ ਕਰਦਿਆਂ ਕਿਹਾ ਕਿ ਮਾਛੀਵਾੜਾ ਸਾਹਿਬ ਇਤਿਹਾਸਿਕ ਤੇ ਪਵਿੱਤਰ ਧਰਤੀ ਹੈ ਇਸ ਦੇ ਵਿਕਾਸ ਲਈ ਫੰਡ ਦੀ ਕੋਈ ਵੀ ਕਮੀ ਨਹੀਂ ਆਉਣ ਦਿੱਤੀ ਜਾਵੇ।

ਉਹਨਾਂ ਕਿਹਾ ਕਿ ਲੋਕ ਟਾਇਲ ਦੇ ਨਾਲ ਇਸ ਰਸਤੇ ਨੂੰ ਬਣਾਇਆ ਜਾ ਰਿਹਾ ਹੈ। ਅਤੇ ਇਸ ਤੋਂ ਬਾਅਦ ਇਸ ਉੱਤੇ ਹੈਰੀਟੇਜ ਲਾਈਟਾਂ ਲਗਾ ਇਸ ਦੀ ਦੇਖਣ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਦੀ ਤਰਜ ਤੇ ਅਤਿ ਸੁੰਦਰ ਬਣਾਇਆ ਜਾਵੇਗਾ। ਉਹਨਾਂ ਕਿਹਾ ਕਿ ਚਰਨ ਕੰਵਲ ਚੌਂਕ ਤੋਂ ਗੁਰਦੁਆਰਾ ਸਾਹਿਬ ਤੱਕ ਇਸ ਰਸਤੇ ਉੱਤੇ ਸੁੰਦਰ ਅਤੇ ਸ਼ਾਨਦਾਰ ਬੂਟੇ ਵੀ ਲਗਾਏ ਜਾਣਗੇ।

ਇਸ ਮੌਕੇ ਉਹਨਾਂ ਇਸ ਰੋਡ ਉੱਤੇ ਰਹਿੰਦੇ ਸਾਰੇ ਦੁਕਾਨਦਾਰਾਂ ਨੂੰ ਅਪੀਲ ਕੀਤੀ ਕਿ ਉਹ ਪਾਣੀ ਦੇ ਨਾਲ ਇਹਨਾਂ ਰਸਤਿਆਂ ਨੂੰ ਖਰਾਬ ਨਾ ਕਰਨ ਅਤੇ ਖਾਸ ਮੌਕਿਆਂ ਉੱਤੇ ਸੜਕ ਉੱਤੇ ਦੂਰੀ ਤੱਕ ਟੈਂਟ ਆਦਿ ਲਗਾ ਕੇ ਇਹਨਾਂ ਸੜਕਾਂ ਨੂੰ ਖਰਾਬ ਨਾ ਕਰਨ ।

ਅਜਿਹਾ ਕਰਨ ਤੇ ਨਗਰ ਕੌਂਸਲ ਸਖਤ ਕਾਰਵਾਈ ਕਰਨ ਤੋਂ ਬਿਲਕੁਲ ਗਰੇਜ ਨਹੀਂ ਕਰੇਗਾ। ਉਹਨਾਂ ਸ਼ਹਿਰ ਵਾਸੀਆਂ ਨੂੰ ਵੀ ਅਪੀਲ ਕਰਦਿਆਂ ਕਿਹਾ ਕਿ ਨਗਰ ਕੌਂਸਲ ਮਾਛੀਵਾੜਾ ਦੀ ਸਮੁੱਚੀ ਟੀਮ ਸ਼ਹਿਰ ਦੇ ਸੁੰਦਰੀਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ ਇਸ ਲਈ ਮਾਛੀਵਾੜਾ ਸਾਹਿਬ ਨੂੰ ਪੰਜਾਬ ਦਾ ਸੁੰਦਰ ਅਤੇ ਖ਼ੂਬਸੂਰਤ ਸ਼ਹਿਰ ਬਣਾਉਣ ਵਿੱਚ ਸ਼ਹਿਰ ਵਾਸੀ ਵੀ ਸਹਿਯੋਗ ਕਰਨ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕੀਤੀਆਂ ਜਾਂਦੀਆਂ ਹਨ।*

## ਸੋਨ ਸੁਨਹਿਰੀ ਕਲਮਾਂ

# ਕਵਿਤਾ ਦੇ ਖੇਤਰ 'ਚ ਨਵੀਂ ਦਸਤਕ

ਸਾਹਿਤ ਖੇਤਰ ਵਿਚ ਵੱਡੀਆਂ ਸੰਭਾਵਨਾਵਾਂ ਲੈ ਕੇ ਦਸਤਕ ਦੇਣ ਵਾਲੀ ਕਵਿੱਤਰੀ ਅਤੇ ਕਹਾਣੀਕਾਰ ਪ੍ਰਵੀਨ ਚੌਧਰੀ ਦਾ ਪਿੰਡ ਥੋਪੀਆ ਤੇ ਤਹਿਸੀਲ ਬਲਾਚੌਰ ਹੈ। ਉਹ ਆਪਣੇ ਪਿਤਾ ਪਵਨ ਚੌਹਾਨ ਅਤੇ ਮਾਂ ਸੰਤੋਸ਼ ਚੌਹਾਨ ਦੀ ਲਾਡਲੀ ਧੀ ਹੈ। ਪ੍ਰਾਇਮਰੀ ਤੋਂ ਲੈ ਕੇ ਮਾਸਟਰ ਡਿਗਰੀ ਦੀ ਸਿੱਖਿਆ ਹਾਸਲ ਕਰਨਾ ਉਸ ਦੇ ਬੌਧਿਕ ਗਿਆਨ ਵਿਚ ਨਿਪੁੰਨ ਹੋਣ ਦਾ ਪ੍ਰਮਾਣ ਹੈ। ਕਾਲਜ ਦੀ ਪੜ੍ਹਾਈ ਦੌਰਾਨ ਉਸ ਨੇ ਸੱਭਿਆਚਾਰਕ ਸਰਗਰਮੀਆਂ ਵਿਚ ਵੀ ਵਧ ਚੜ੍ਹ ਕੇ ਹਿੱਸਾ ਲੈਂਦੇ ਹੋਏ ਗਿੱਧੇ ਵਿਚ ਨਾਮਣਾ ਖੱਟਿਆ। ਉਹ ਸਰਵਗੁਣ ਸੰਪਨ ਹੈ ਕਿਉਂਕਿ ਉਸ ਨੇ ਖੇਡ ਦੇ ਮੈਦਾਨ ਵਿਚ ਵੀ ਹਾਕੀ ਫੜ ਕੇ ਆਪਣੀ ਯੋਗਤਾ ਦਾ ਦਿਖਾਈ। ਚੰਗੀ ਸੂਰਤ ਅਤੇ ਸੋਹਣੀ ਸੀਰਤ ਦੀ ਮਾਲਕ ਹੋਣ ਦੇ ਨਾਲ-ਨਾਲ ਉਸ ਨੇ ਆਪਣੀ



ਪ੍ਰਵੀਨ ਚੌਧਰੀ

ਕਲਮ ਦਾ ਇਸਤੇਮਾਲ ਕਰਦੇ ਹੋਏ ਸਮਾਜਿਕ ਪੀੜਾ ਨੂੰ ਬਿਆਨ ਕਰਦੀਆਂ ਮਿੰਨੀ ਕਹਾਣੀਆਂ ਅਤੇ ਕਵਿਤਾਵਾਂ ਦੀ ਰਚਨਾ ਕੀਤੀ। ਉਸ ਦੀਆਂ ਦਰਜਨਾਂ ਰਚਨਾਵਾਂ ਅਖ਼ਬਾਰਾਂ ਅਤੇ ਮੈਗਜ਼ੀਨਾਂ ਵਿਚ ਛਪ ਚੁੱਕੀਆਂ ਹਨ। ਅੱਜ ਉਹ ਆਪਣੇ ਪਤੀ ਬਾਲੀ ਖੇਪਰ ਦੇ ਸਹਿਯੋਗ ਨਾਲ ਸਹੁਰਾ ਪਿੰਡ ਬੇਗੋਵਾਲ ਤਹਿਸੀਲ ਬਲਾਚੌਰ ਤੋਂ ਸਾਹਿਤ ਦੇ ਨਵੇਂ ਪੰਨੇ ਸਿਰਜ ਰਹੀ ਹੈ। ਆਓ ਮਾਣਦੇ ਹਾਂ ਉਸ ਦੀਆਂ ਕਵਿਤਾਵਾਂ ਦਾ ਅਨੰਦ।

• ਰਾਮਦਾਸ ਬੰਗੜ
99153-53800

### ਕਵਿਤਾਵਾਂ

### ਰਿਸ਼ਤੇ

ਇਨਸਾਨੀਅਤ ਮਰ ਜਾਂਦੀ ਹੈ ਉਦੋਂ,
ਜਦੋਂ ਬੰਦੇ ਨਾਲ ਬੰਦਾ ਧੋਖਾ ਕਮਾਉਂਦਾ ਹੈ।
ਇਨਸਾਨੀਅਤ ਮਰ ਜਾਂਦੀ ਹੈ ਉਦੋਂ,
ਜਦੋਂ ਬੰਦਾ ਛੁਪਿਆ ਰੂਪ ਦਿਖਾਉਂਦਾ ਹੈ,
ਵਿਸ਼ਵਾਸ ਉਦੋਂ ਉੱਠਦਾ।
ਜਦੋਂ ਆਪਣਾ ਕੋਈ ਦਿਲ ਦਿਖਾਉਂਦਾ ਹੈ,
ਮਾਣ ਬੰਦੇ ਦਾ ਉਦੋਂ ਟੁੱਟਦਾ ਹੈ।
ਯਾਰ ਜਦੋਂ ਪਿੱਠ ਪਿੱਛੇ ਹਥਿਆਰ ਚਲਾਉਂਦਾ ਹੈ,
ਮਨ ਰਿਸ਼ਤਿਆਂ ਤੋਂ ਉਦੋਂ ਭਰ ਜਾਵੇ।
ਜਦੋਂ ਵੀਰ ਵੀਰ ਨਾਲ ਦਗਾ ਕਮਾਉਂਦਾ ਹੈ।

### ਮਾਂ

ਮੇਰਾ ਤੂੰ ਹੀ ਇਕ ਸਹਾਰਾ ਮਾਂ,
ਤੇਰਾ ਪਿਆਰ ਹੀ ਸਭ ਤੋਂ ਨਿਆਰਾ ਮਾਂ।
ਜਦ ਝਿੜਕਾਂ ਦੇ ਨਾਲ ਪਿਆਰ ਕਰੇ,
ਮੇਰੀਆਂ ਖ਼ੁਸ਼ੀਆਂ ਲਈ ਸਭ ਨਾਲ ਲੜੇ।
ਤੂੰ ਦਿਖੇ ਨਾ ਮੈਨੂੰ ਇਕ ਪਲ ਵੀ,
ਮਨ ਡਰ-ਡਰ ਇੱਕੋ ਗੱਲ ਕਹੇ।
ਤੇਰੇ ਬਿਨਾਂ ਨਾ ਕੋਈ ਕਿਨਾਰਾ ਮਾਂ,
ਮੇਰਾ ਤੂੰ ਹੀ ਇੱਕ ਸਹਾਰਾ।



ਸਾਡਾ ਪਤਾ ਹੈ–
ਸੰਪਾਦਕ, ਪੰਜਾਬੀ ਜਾਗਰਣ, ਸੀ–120, ਫੋਕਲ ਪੁਆਇੰਟ ਐਕਸਟੈਂਸ਼ਨ, ਇੰਡਸਟਰੀਅਲ ਏਰੀਆ, ਜਲੰਧਰ।
editormail@punjabi.jagran.com




# ਤੇਰੀ ਮੇਰੀ ਇਕ ਜਿੰਦੜੀ

**ਪਰਮਜੀਤ ਕੌਰ ਸਰਹਿੰਦ**

ਪਤੀ-ਪਤਨੀ ਦਾ ਰਿਸ਼ਤਾ ਬਹੁਤ ਅਪਣੱਤ ਭਰਿਆ ਤੇ ਮਜ਼ਬੂਤ ਹੁੰਦਾ ਹੋਇਆ ਵੀ ਬੜਾ ਨਾਜ਼ੁਕ ਹੁੰਦਾ ਹੈ। ਸਾਰੀ ਸ੍ਰਿਸ਼ਟੀ ਇਸੇ ਨਾਲ ਚੱਲਦੀ ਹੈ। ਇਸ ਨਾਜ਼ੁਕ ਰਿਸ਼ਤੇ ਨੂੰ ਤਿੜਕਣ ਤੋਂ ਬਚਾਉਣ ਲਈ ਸਾਨੂੰ ਕੁਝ ਨਿਯਮ ਅਪਣਾਉਣੇ ਜ਼ਰੂਰੀ ਹੁੰਦੇ ਨੇ ਪਰ ਆਮ ਤੌਰ 'ਤੇ ਉਹ ਅਪਣਾਉਣੇ ਨਹੀਂ ਜਾਂਦੇ, ਜਿਸ ਕਾਰਨ ਦੰਪਤੀ ਵਿਚ ਕਲਾਹ-ਕਲੇਸ਼ ਹੋਇਆ ਰਹਿੰਦਾ ਹੈ ਅਤੇ ਜੀਵਨ ਇਕ ਬੋਝ ਬਣ ਕੇ ਰਹਿ ਜਾਂਦਾ ਹੈ। ਸਭ ਤੋਂ ਜ਼ਰੂਰੀ ਤਾਂ ਪਤੀ ਪਤਨੀ ਦਾ ਇਕ-ਦੂਜੇ ਦੀ ਇੱਜ਼ਤ ਕਰਨਾ ਬਹੁਤ ਜ਼ਰੂਰੀ ਹੈ। ਪ੍ਰੇਮ ਦੇ ਨਾਲ ਰਲੀ ਹੋਈ ਇੱਜ਼ਤ ਇਸ ਰਿਸ਼ਤੇ ਨੂੰ ਬਹੁਤ ਹੀ ਸੁਖਾਵਾਂ ਬਣਾ ਦਿੰਦੀ ਹੈ ਬਰਾਬਰ ਦੇ ਹੱਕਾਂ ਵਾਲਾ ਰੌਲ਼ਾ ਕਦੇ-ਕਦੇ ਔਰਤ ਨੂੰ ਬੇਲੋੜੀ ਸ਼ਹਿ ਵੀ ਦੇ ਜਾਂਦਾ ਹੈ ਅਤੇ ਉਹ ਸ੍ਰਿਸ਼ਟਾਚਾਰ ਦੀਆਂ ਹੱਦਾਂ ਟੱਪਣ ਲੱਗਦੀ ਹੈ, ਜਿਸ ਨਾਲ ਪਤੀ ਦੇ ਮਨ ਨੂੰ ਠੇਸ ਲੱਗਦੀ ਹੈ ਅਤੇ ਗੁੱਸਾ ਵੀ। ਹੱਸਦੇ ਵਸਦੇ ਘਰ ਉੱਜੜ ਜਾਂਦੇ ਹਨ। ਪਤੀ ਪਤਨੀ ਦੋਵੇਂ ਆਪਣੇ ਵਤੀਰੇ ਅਤੇ ਫ਼ਰਜ਼ਾਂ ਪ੍ਰਤੀ ਸੁਚੇਤ ਰਹਿਣ। ਪਤਨੀ ਨੂੰ ਚਾਹੀਦਾ ਹੈ ਕਿ ਉਹ ਪਤੀ ਦੇ ਨਾਲ ਉਸ ਦੀ ਮਾਂ ਭੈਣ ਤੇ ਬਾਕੀ ਰਿਸ਼ਤੇਦਾਰਾਂ ਦੀ ਵੀ ਇੱਜ਼ਤ ਕਰੇ, ਖਿੜੇ ਮੱਥੇ ਮਿਲੇ, ਜਿਵੇਂ ਪਤੀ ਤੋਂ ਉਹ ਆਪਣਿਆ ਲਈ ਚਾਹੁੰਦੀ ਹੈ। ਇਸ ਨਾਲ ਅੱਗੋਂ ਬੱਚਿਆਂ ਦੇ ਮਨਾਂ 'ਚ ਵੀ ਮੋਹ ਦੇ ਬੀਜ ਪੁੰਗਰਦੇ ਨੇ ਅਤੇ ਉਹ ਚੰਗੇ ਸੰਸਕਾਰ ਗ੍ਰਹਿਣ ਕਰ ਕੇ ਸਭ ਤੋਂ ਆਦਰ ਕਰਨ ਦੀ ਜਾਚ ਸਿੱਖਦੇ ਨੇ।

### ਪਤਨੀ ਨਾਲ ਸੁਖਾਵਾਂ ਵਰਤਾਓ

ਇਹ ਵੀ ਦੇਖਣ ਨੂੰ ਆਉਂਦਾ ਹੈ ਕਿ ਆਮ ਤੌਰ 'ਤੇ ਪਤੀ ਆਪਣੀ ਪਤਨੀ ਨਾਲ ਸੁਖਾਵਾਂ ਵਰਤਾਓ ਰੱਖਦਾ ਹੈ ਪਰ ਦੂਜਿਆਂ ਦੇ ਸਾਹਮਣੇ ਉਹ ਪਤਨੀ 'ਤੇ ਬੇਲੋੜਾ ਰੋਹਬ ਪਾਉਂਦਾ ਹੈ ਅਤੇ ਕਾਗ਼ਜ਼ੀ ਸ਼ੇਰ ਬਣ ਜਾਂਦਾ ਹੈ। ਸਿਆਣੀ ਸਾਊ ਪਤਨੀ ਮੌਕਾ ਸਾਂਭ ਕੇ ਆਪਣੀ ਹੋਈ ਨਿਰਾਦਰੀ ਨੂੰ ਜ਼ਰ ਕੇ ਸਬਰ ਦਾ ਘੁੱਟ ਭਰ ਲੈਂਦੀ ਹੈ ਪਰ ਕਈ ਵਾਰ ਉਹ ਘਰ ਆ ਕੇ ਆਪ ਵੀ ਸ਼ੇਰਨੀ ਬਣ ਜਾਂਦੀ ਹੈ ਅਤੇ ਪਤੀ ਨਾਲ ਥੋੜ੍ਹੇ ਤਰਕ ਤਕਰਾਰ ਕਰਦੀ ਹੈ। ਕਿਸੇ ਵੇਲੇ ਗੱਲ ਵਧ ਵੀ ਜਾਂਦੀ ਹੈ। ਕਈ ਵਾਰ ਇਹ ਉਲਟ ਵੀ ਹੁੰਦਾ ਹੈ। ਚੰਗੀ ਭਲੀ ਸਿਆਣੀ-ਸੁਚੱਜੀ ਪਤਨੀ ਬਾਹਰ ਜਾ ਕੇ ਆਪਹੁਦਰੀ ਜਿਹੀ ਹੋ ਜਾਂਦੀ ਹੈ ਅਤੇ ਦੂਜਿਆ ਸਾਹਮਣੇ ਪਤੀ 'ਤੇ ਰੋਹਬ ਪਾਉਂਦੀ ਹੈ ਸਮਝਦਾਰ ਪਤੀ ਪਾਸਾ ਵੱਟ ਜਾਂਦਾ ਹੈ ਪਰ ਆ ਕੇ ਉਸ ਨੂੰ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ। ਕਈ ਵਾਰ ਅਜਿਹੀ ਪਤਨੀ ਨੂੰ ਪਤੀ ਕਿਸੇ ਸਮਾਗਮ 'ਚ ਨਾਲ ਲੈ ਜਾਣ ਤੋਂ ਗੁਰੇਜ਼ ਕਰਦਾ ਹੈ ਕਈ ਪਤੀ ਪਤਨੀਆਂ ਸਾਹਮਣੇ ਭਰੀ ਮਹਿਫ਼ਲ ਵਿਚ ਮਾਊਂ ਬਣੇ ਰਹਿੰਦੇ ਨੇ। ਪਤਨੀਆਂ ਲੁਤਰ-ਲੁਤਰ ਬੋਲਦੀਆਂ ਉਨ੍ਹਾਂ ਨੂੰ ਉੱਕਾ ਹੀ ਨਹੀਂ ਗੌਲ਼ਦੀਆਂ। ਅਜਿਹੇ ਹਾਲਾਤ ਵਿਚ ਪਤੀ ਪਤਨੀ ਤਮਾਸ਼ਾ ਬਣ ਕੇ ਰਹਿ ਜਾਂਦੇ ਨੇ ਅਤੇ ਲੋਕ ਪਿੱਠ ਪਿੱਛੇ ਉਨ੍ਹਾਂ ਦਾ ਮੌਜੂ ਬਣਾਉਂਦੇ ਖਿੱਲੀ ਉਡਾਉਂਦੇ ਨੇ। ਅਜਿਹੀਆਂ ਗੱਲਾਂ ਦਾ ਦੋਵਾਂ ਜੀਆਂ ਨੂੰ ਬਹੁਤ ਧਿਆਨ ਰੱਖਣਾ ਚਾਹੀਦਾ ਹੈ ਅਤੇ ਸਮਾਜ 'ਚ ਆਪਣੀ ਚੰਗੇ ਪਤੀ-ਪਤਨੀ ਦੀ ਪਛਾਣ ਬਣਾਉਣੀ ਚਾਹੀਦੀ ਹੈ।

### ਜ਼ਿੰਮੇਵਾਰੀਆਂ ਦਾ ਬੋਝ

ਪਤਨੀ ਭਾਵੇਂ ਘਰੇਲੂ ਔਰਤ ਹੋਵੇ ਜਾਂ ਨੌਕਰੀ ਪੇਸ਼ਾ ਘਰ, ਪਰਿਵਾਰ ਤੇ ਬੱਚਿਆਂ ਦੀਆਂ ਬਹੁਤੀਆਂ ਜ਼ਿੰਮੇਵਾਰੀਆਂ ਦਾ ਬੋਝ ਉਸ ਦੇ ਸਿਰ ਹੀ ਹੁੰਦਾ ਹੈ। ਉਹ ਸਭ ਦਾ ਧਿਆਨ ਰੱਖਦੀ ਹੈ, ਉਸ ਦਾ ਧਿਆਨ ਕੌਣ ਰੱਖੇ? ਉਹ ਇਸ ਦੀ ਤਵੱਕੋ ਪਤੀ ਤੋਂ ਹੀ ਕਰ ਸਕਦੀ ਹੈ। ਇਕ ਹੋਰ ਗੱਲ ਵੀ ਬੜੀ ਮਹੱਤਵਪੂਰਨ ਹੈ, ਪਤਨੀ ਘਰੇਲੂ ਕੰਮ ਕਰਨ ਵਾਲੀ ਹੋਵੇ ਜਾਂ ਨੌਕਰੀ ਵਾਲੀ, ਮਰਦ ਘਰ ਦੇ ਕੰਮਾਂ 'ਚ ਉਸ ਦਾ ਹੱਥ ਵਟਾਉਣ ਨੂੰ ਆਪਣੀ ਹੇਠੀ ਸਮਝਦਾ ਹੈ। ਉਹ ਚਾਹੁੰਦਾ ਹੈ ਕਿ ਦਫ਼ਤਰੋਂ ਆਉਂਦੇ ਨੂੰ ਚਾਹ ਵੀ ਤਿਆਰ ਹੋਵੇ, ਭਾਵੇਂ ਪਤਨੀ ਵੀ ਉਸੇ ਵੇਲੇ ਕੰਮੋਂ ਪਰਤੀ ਹੋਵੇ ਪਰ ਚਾਹ ਪਤਨੀ ਹੀ ਬਣਾਵੇਗੀ। ਬਹੁਤ ਸਾਰੇ ਘਰਾਂ ਵਿਚ ਇਹੋ ਹਾਲ ਹੈ ਕੁਝ ਇਕ-ਦੁੱਕਾ ਘਰਾਂ 'ਚ ਪਤੀ ਖੁੱਲ੍ਹੀ ਸੋਚ ਵਾਲੇ ਤੇ ਦਰਿਆ ਦਿਲ ਹੁੰਦੇ ਨੇ ਜੋ, ਪਤਨੀ ਦਾ ਹੱਥ ਵਟਾਉਂਦੇ ਨੇ। ਆਮ ਤੌਰ 'ਤੇ ਪਤੀ ਬਾਹਰੋਂ ਆ ਕੇ ਜੁੱਤੇ ਕੱਪੜੇ ਉਤਾਰ ਕੇ ਇੱਧਰ ਉੱਧਰ ਹੀ ਰੱਖ ਦਿੰਦੇ ਨੇ, ਹਾਲਾਕਿ ਇਹ ਪੰਜ ਸੱਤ ਮਿੰਟ ਦਾ ਕੰਮ ਹੁੰਦਾ ਹੈ ਜੁੱਤੇ ਕੱਪੜੇ ਥਾਂ ਸਿਰ ਰੱਖ ਕੇ ਥਾਂ ਸਿਰ ਤੋਂ ਚੁੱਕ ਕੇ ਬਦਲ ਲਏ ਜਾਣ ਪਰ ਇਹ ਕੰਮ ਵੀ ਪਤਨੀ ਕਰ ਕੇ ਦੇਵੇਗੀ। ਉਹ ਘਰ ਦੇ ਧੰਦਿਆਂ ਵਿਚ ਉਲਝੀ ਇਹ 'ਸੇਵਾ' ਵੀ ਨਿਭਾਉਂਦੀ ਹੈ। ਪਤੀ ਨੂੰ ਹੱਥੀਂ ਕੰਮ ਕਰਨ ਦੀ ਆਦਤ ਪਾਉਣੀ ਚਾਹੀਦੀ ਹੈ। ਉਸ ਨੂੰ ਐਨੀ ਕੁ ਖੇਚਲ ਕਰ ਲੈਣੀ ਚਾਹੀਦੀ ਹੈ। ਐਨੀ ਦੇਰ ਵਿਚ ਪਤਨੀ ਚਾਹ ਨਾਸ਼ਤਾ ਲਿਆਵੇ ਅਤੇ ਬੱਚਿਆਂ ਨਾਲ ਰਲ ਕੇ ਬੈਠਿਆ ਜਾਵੇ। ਮੁੜ ਤਾਂ ਸਭ ਨੇ ਆਪੋ ਆਪਣੇ ਕਮਰਿਆਂ 'ਚ ਵੜ ਜਾਣਾ ਹੁੰਦਾ ਹੈ, ਟੀਵੀ, ਕੰਪਿਊਟਰ ਨਾਲ ਪਰਚ ਜਾਣਾ ਹੁੰਦਾ ਹੈ ਅਤੇ ਖਾਣੇ ਦੀ ਮੇਜ਼ 'ਤੇ ਵੀ ਮਸਾਂ ਇਕੱਠੇ ਹੁੰਦੇ ਨੇ। ਬੱਚਿਆਂ ਦੇ ਵਿਕਾਸ ਲਈ ਪਰਿਵਾਰ ਦਾ ਰਲ ਬੈਠਣਾ ਬਹੁਤ ਜ਼ਰੂਰੀ ਹੈ।

### ਔਰਤ ਨੂੰ ਦਾਸੀ ਸਮਝਣਾ

ਕਈ ਪਤੀ ਅੱਜ ਦੇ ਜ਼ਮਾਨੇ 'ਚ ਵੀ ਔਰਤ ਨੂੰ ਦਾਸੀ ਸਮਝਦੇ ਨੇ, ਇਹ ਕੌੜਾ ਸੱਚ ਹੈ। ਉਸ ਤੋਂ ਸਿਰ ਜਾਂ ਪੈਰ ਦਬਾਉਂਦੇ ਨੇ, ਘੁਟਾਉਂਦੇ ਨੇ ਪਰ ਆਪ ਜੇ ਪਤਨੀ ਨੂੰ ਤੇਜ਼ ਬੁਖਾਰ ਜਾਂ ਕੋਈ ਹੋਰ ਤਕਲੀਫ਼ ਹੋਵੇ, ਇੱਥੋਂ ਤਕ ਕਿ ਉਹ ਮੰਜੇ ਤੋਂ ਉੱਠਣ ਜੋਗੀ ਨਾ ਹੋਵੇ, ਉਸ ਨੂੰ ਚਾਹ ਦਾ ਕੱਪ ਬਣਾ ਕੇ ਦੇਣਾ ਵੀ ਔਖਾ ਸਮਝਦੇ ਨੇ। ਕਈ ਭਲੇ ਪਤੀ, ਪਤਨੀ ਦਾ ਪੂਰਾ ਖ਼ਿਆਲ ਰੱਖਦੇ ਨੇ। ਆਪ ਅੰਤਾਂ ਦੀ ਤਕਲੀਫ਼ 'ਚ ਵੀ ਪਤਨੀ 'ਤੇ ਬੋਝ ਨਹੀਂ ਬਣਦੇ, ਸਗੋਂ ਕਹਿੰਦੇ ਨੇ 'ਤੂੰ ਸਾਰਾ ਦਿਨ ਕੰਮ ਕਰਦੀ ਏ। ਘਰ ਵੀ ਤੇ ਬਾਹਰ ਵੀ। ਮੈਨੂੰ ਦੁਆਈ ਦੇ ਕੇ ਤੂੰ ਵੀ ਆਰਾਮ ਕਰ।' ਇਕ ਦੂਜੇ ਦੇ ਦੁੱਖ ਸੁੱਖ ਦਾ ਪੂਰਾ ਧਿਆਨ ਰੱਖਦੇ ਨੇ। ਅਜਿਹੇ ਜੋੜਿਆਂ ਦੇ ਘਰਾਂ ਵਿਚ ਰੱਬ ਦੀ ਰਹਿਮਤ ਵਰਸਦੀ ਹੈ। ਇੱਥੇ 'ਤੇਰੀ ਆਈ ਮੈਂ ਮਰ ਜਾ ਤੇਰਾ ਵਾਲ ਵਿੰਗਾ ਨਾ ਹੋਵੇ' ਵਾਲੀ



ਗੱਲ ਪਤੀ-ਪਤਨੀ 'ਤੇ ਲਾਗੂ ਹੁੰਦੀ ਹੈ।

### ਗ਼ਲਤੀਆਂ ਦਾ ਪੁਤਲਾ

ਇਨਸਾਨ ਗ਼ਲਤੀਆਂ ਦਾ ਪੁਤਲਾ ਹੈ। ਇਹ ਗੱਲ ਜਗ ਜ਼ਾਹਿਰ ਹੈ। ਗ਼ਲਤੀ ਪਤੀ ਜਾਂ ਪਤਨੀ ਕਿਸੇ ਤੋਂ ਵੀ ਹੋ ਸਕਦੀ ਹੈ। ਮੈਂ ਸੋਚਦੀ ਹਾਂ ਜੇ ਗ੍ਰਹਿਸਥ ਵਿਚ ਵੀ 'ਟੈਫ਼ਿਕ ਨਿਯਮ' ਵਾਂਗ ਨਿਯਮ ਪਾਲੇ ਜਾਣ ਤਾਂ ਜੀਵਨ ਦੀ ਵਾਟ ਬੜੀ ਹੀ ਸਾਵੀਂ ਪੱਧਰੀ ਹੋ ਜਾਵੇ। ਜੇ ਇਕ ਨੂੰ ਕਿਸੇ ਗੱਲੋਂ ਦੂਜੇ 'ਤੇ ਗੁੱਸਾ ਆਵੇ ਤਾਂ ਦੂਜਾ ਰਤਾ ਠਰ੍ਹੰਮਾ ਰੱਖੇ ਤੇ ਪਾਸਾ ਵੱਟੇ। ਰਾਤ ਨੂੰ ਆਹਮੋ-ਸਾਹਮਣੇ ਤੋਂ ਆਉਂਦੀਆਂ ਗੱਡੀਆਂ ਦੀ ਤੇਜ਼ ਰੌਸ਼ਨੀ ਹਾਦਸੇ ਦਾ ਕਾਰਨ ਬਣ ਜਾਂਦੀ ਹੈ।

### ਗ੍ਰਹਿਸਥ ਦੀ ਗੱਡੀ

ਸਿੱਧੀ ਰੌਸ਼ਨੀ ਇਕ ਦੂਜੇ ਦੀਆਂ ਅੱਖਾਂ ਵਿਚ ਪੈਂਦੀ ਅਤੇ ਆਲੇ-ਦੁਆਲੇ ਜਾਂ ਸਾਹਮਣੇ ਕੁਝ ਦਿਖਾਈ ਨਹੀਂ ਦਿੰਦਾ ਤੇ ਹਾਦਸੇ ਹੋ ਜਾਂਦੇ ਨੇ। ਸਿਆਣਾ ਵਾਹਨ ਚਾਲਕ ਰੌਸ਼ਨੀ (ਲਾਈਟ) ਡਿਮ ਕਰਦਾ ਡਿੱਪਰ ਮਾਰਦਾ ਹੈ ਤਾਂ ਜੋ ਸਾਹਮਣੇ ਗੱਡੀ ਨੂੰ ਰਸਤਾ ਸਾਫ਼ ਦਿੱਸੇ। ਆਪ ਜ਼ਰਾ ਹੌਲੀ ਵੀ ਹੋ ਜਾਂਦਾ ਹੈ ਅਤੇ ਹਾਦਸਾ ਟਲ ਜਾਂਦਾ ਹੈ। ਜਿਹੜਾ ਚਾਲਕ ਹਉਮੈ ਜਾਂ ਕਾਹਲੀ ਕਾਰਨ ਤੇਜ਼-ਤਰਾਰ ਬਣਦੇ ਨਿਯਮ ਦੀ ਪਾਲਣਾ ਨਹੀਂ ਕਰਦੇ, ਉਹ ਗੱਡੀਆਂ ਆਮ ਤੌਰ 'ਤੇ ਕਿਸੇ ਮੋੜ 'ਤੇ ਹਾਦਸੇ ਦਾ ਸ਼ਿਕਾਰ ਹੋ ਜਾਂਦੀਆਂ ਹਨ। ਸੋ ਪਤੀ-ਪਤਨੀ ਵੀ ਜਦੋਂ ਅਜਿਹੇ ਨਾਜ਼ੁਕ ਦੌਰ 'ਚ ਖ਼ਤਰਨਾਕ ਮੋੜ 'ਤੇ ਆ ਜਾਣ ਤਾਂ ਉਦੋਂ ਇਕ ਜਣਾ ਗੁੱਸੇ ਦੀ ਗਰਮੀ ਰੌਸ਼ਨੀ ਨੂੰ ਜ਼ਰਾ ਡਿਮ ਕਰ ਲਵੇ, ਡਿੱਪਰ ਮਾਰੇ ਤਾਂ ਜੋ ਗੁੱਸੇ ਦੀ ਰੌਸ਼ਨੀ 'ਚ ਦੋਵਾਂ ਦਾ ਟਕਰਾਅ ਨਾ ਹੋਵੇ, ਹਾਦਸਾ (ਲੜਾਈ ਝਗੜਾ) ਨਹੀਂ ਤਾਂ ਅਜਿਹੇ ਹਾਦਸੇ ਗ੍ਰਹਿਸਥ ਦੀ ਗੱਡੀ ਨੂੰ ਤੋੜ ਭੰਨ ਦਿੰਦੇ ਨੇ। ਕੋਈ ਜ਼ਹਿਰ ਖਾ ਲੈਂਦਾ ਹੈ, ਕੋਈ ਰੇਲ ਗੱਡੀ ਥੱਲੇ ਆ ਜਾਂਦੈ ਅਤੇ ਕੋਈ ਕਿਸੇ ਨਦੀ ਨਹਿਰ 'ਚ ਜਾ ਡਿਗਦੈ। ਕਈ ਮਾਸੂਮ ਬੱਚਿਆਂ ਨੂੰ ਵੀ ਨਾਲ ਹੀ ਖ਼ਤਮ ਕਰ ਦਿੰਦੇ ਜਾਂ ਰੁਲ਼ਣ ਲਈ ਛੱਡ ਜਾਂਦੈ। ਸੋ, ਜ਼ਰਾ ਬਚ ਕੇ ਮੋੜ ਤੋਂ, ਜ਼ਰਾ ਸੰਭਲ਼ ਕੇ ਪਾਸਾ ਵੱਟ ਕੇ, ਲਾਈਟ ਡਿਮ ਕਰ ਕੇ ਅਤੇ ਡਿੱਪਰ ਮਾਰ ਕੇ ਜ਼ਿੰਦਗੀ ਦੇ ਸੋਹਣੇ ਪਲ ਖ਼ੁਸ਼ੀ-ਖ਼ੁਸ਼ੀ ਮਾਣੇ ਜਾਣ। ਇਹ ਮਨੁੱਖਾ ਜਨਮ ਜਿਸ ਬਾਰੇ ਕਿਹਾ ਜਾਂਦੈ, 'ਚੁਰਾਸੀ ਲੱਖ ਜੂਨਾਂ ਬਾਅਦ ਮਿਲਦਾ ਹੈ, ਅਜਾਈ ਨਾ ਗੁਆਇਆ ਜਾਵੇ।' ਇਕ-ਦੂਜੇ ਦੇ ਸਾਹੀਂ ਜਿਊਦਿਆਂ ਲੋਕਗੀਤ ਦੇ ਬੋਲਾਂ ਨੂੰ ਸੱਚ ਕੀਤਾ ਜਾਵੇ। 'ਤੈਨੂੰ ਤਾਪ ਚੜ੍ਹੇ ਮੈਂ ਹੂੰਗਾ, ਤੇਰੀ ਮੇਰੀ ਇੱਕ ਜਿੰਦੜੀ।' •

98599-98728

## ਪੱਤਰ ਹਰੇ ਕਚੂਰ

# ਹਾਲਾਤ 'ਚੋਂ ਉੱਭਰੀ ਕਵਿਤਰੀ

ਪੇਸ਼ੇ ਪੱਖੋਂ ਨੀਰੂ ਜੱਸਲ਼ ਕੰਪਿਊਟਰ ਅਧਿਆਪਕਾ ਹੈ। ਕਵਿ-ਰਚਨਾ ਦਾ ਗੁਣ ਉਸ ਨੂੰ ਮਾਂ ਦੇ ਵਿਹੜੇ ਵਿੱਚੋਂ ਮਿਲਿਆ, ਮਨ ਵਿਚ ਆਏ-ਦਿਨ ਉੱਠਦੇ ਵਲਵਲ਼ਿਆਂ ਨੇ ਉਸ ਨੂੰ ਲਿਖਣਾ ਸਿਖਾ ਦਿੱਤੈ ਅਤੇ ਗਾਇਕੀ ਦਾ ਗੁਣ ਨੀਰੂ ਦੇ ਇਕਾਂਤ ਵਿਚਲਾ ਹਮਸਫ਼ਰ ਹੈ। ਨੀਰੂ ਨੂੰ ਦੂਰੋਂ ਤੱਕਣ ਵਾਲਾ ਸ਼ਖ਼ਸ ਉਸ ਵਰਗੀ ਹੀ ਜ਼ਿੰਦਗੀ ਜਿਊਣ ਦੀ ਕਲਪਨਾ ਕਰਨ ਲੱਗਦਾ ਹੈ ਪ੍ਰੰਤੂ ਜਦੋਂ ਸਮਾਂ ਪਾ ਕੇ ਜਦ ਦਿਲ ਦੀਆਂ ਪਰਤਾਂ ਖੁੱਲ੍ਹਦੀਆਂ ਹਨ ਤਾਂ ਉਹ ਵੀ ਘਬਰਾਅ ਜਾਂਦਾ ਹੈ। ਪਰ ਨੀਰੂ ਦਾ ਜ਼ਿੰਦਗੀ ਜਿਊਣ ਦਾ ਆਪਣਾ ਹੀ ਅੰਦਾਜ਼ ਹੈ। ਨੀਰੂ ਨੂੰ ਦੂਜਿਆਂ ਦੇ ਮੋਢੇ 'ਤੇ ਸਿਰ ਧਰ ਕੇ ਆਪਣੀ ਜ਼ਿੰਦਗੀ ਦੇ ਰੋਣੇ ਰੋਣਾ ਜ਼ਰਾ ਜਿੰਨਾ ਵੀ ਸਵੀਕਾਰ ਨਹੀਂ। ਉਹ ਕਾਗ਼ਜ਼ਾਂ ਨੂੰ ਮਾਂ ਦੀ ਗੋਦ ਤੇ ਕਾਵਿਕ ਬੋਲਾਂ ਨੂੰ ਹੰਝੂ ਸਵਿਕਾਰਦਿਆਂ ਸਭ ਕੁਝ ਆਪਣੀਆਂ ਕਵਿਤਾਵਾਂ 'ਚ ਪ੍ਰੋਅ ਛੱਡਦੀ ਹੈ। ਗ਼ੁਲਾਮ ਅਲੀ ਅਤੇ ਜਗਜੀਤ ਸਿੰਘ ਨੂੰ ਸੁਣਨਾ, ਸ਼ਿਵ, ਪਾਤਰ ਅਤੇ ਸੁਖਵਿੰਦਰ ਅੰਮ੍ਰਿਤ ਨੂੰ ਨੂੰ ਪੜ੍ਹਨਾ ਨੀਰੂ ਲਈ ਨਿੱਤ-ਨੇਮ ਹੈ। ਅੰਮ੍ਰਿਤ ਵਾਂਗ ਨੀਰੂ ਵੀ ਆਪਣੀ ਡਾਇਰੀ ਲੁਕਾ ਕੇ ਰੱਖਦੀ ਹੈ। ਉਸ ਨੂੰ ਡਰ ਹੈ ਕਿ ਉਸ ਦੀਆਂ ਕਵਿਤਾਵਾਂ ਉਸ ਦੇ ਦਰਦਾਂ ਦੇ ਪਾਜ਼ ਨਾ ਉਧੇੜ ਦੇਣ। ਉਹ ਆਪਣੇ ਚਿਹਰੇ 'ਤੇ ਸਜਾਈ ਮੁਸਕਾਨ ਨੂੰ ਹੀ ਆਪਣੀ ਪਛਾਣ ਬਣਾਈ ਰੱਖਣਾ ਚਹੁੰਦੀ ਹੈ। ਸਾਰਾ ਦਿਨ ਗੁਲਾਬ ਵਾਂਗ ਖਿੜੇ ਰਹਿਣਾ ਉਸ ਦਾ ਸੁਭਾਅ ਹੈ। ਆਓ ਸਾਂਝ ਪਾਉਂਦੇ ਹਾਂ ਉਸ ਦੀ ਇਕ ਰਚਨਾ।



ਨੀਰੂ ਜੱਸਲ਼
94646-06017

• ਰਾਜ ਹੀਉਂ
9815461875

### ਕਵਿਤਾ

ਮੇਰੇ ਬੁੱਲਾਂ 'ਤੇ ਆਇਆ ਗੀਤ ਵੀ ਅੰਗਾਰ ਬਣ ਜਾਵੇ।
ਉਹ ਕੌੜੇ ਬੋਲ ਵੀ ਬੋਲੇ ਤਾਂ ਉਹ ਫ਼ਨਕਾਰ ਬਣ ਜਾਵੇ।

ਮੇਰਾ ਜੇ ਦਿਲ ਵੀ ਰੋਵੇ ਤਾਂ ਜ਼ਮਾਨਾ ਕੋਸਦੈ ਮੈਨੂੰ,
ਉਦ੍ਹੇ ਤਾਂ ਹੰਝੂਆਂ ਤੋਂ ਮੋਤੀਆਂ ਦਾ ਹਾਰ ਬਣ ਜਾਵੇ।

ਜੋ ਮਿੱਠੇ ਬੋਲ ਬੋਲੇ ਪਰ ਕਰੇ ਵਾਅਦੇ ਸਦਾ ਝੂਠੇ,
ਕਿਉਂ ਉਹੀ ਸਦਾ ਜਿੱਤੇ, ਉਦ੍ਹੀ ਸਰਕਾਰ ਬਣ ਜਾਵੇ।

ਉਹ ਮੂਰਤ ਹੈ ਖ਼ੁਦਾ ਦੀ ਜਾਂ ਖ਼ੁਦਾ ਦਾ ਰੂਪ ਹੈ ਦਿਸਦਾ,
ਉਦ੍ਹੀ ਬੁੱਕਲ 'ਚ ਜੋ ਆਵੇ, ਉਹੀ ਅਵਤਾਰ ਬਣ ਜਾਵੇ।

ਉਹ ਕਰਦੈ ਜੇ ਕਤਲ ਵੀ ਤਾਂ, ਇਹ ਉਸ ਦੀ ਅਦਾ ਜਾਪੇ,
ਮੇਰਾ ਮੁੱਖ ਮੋੜਨਾ ਵੀ ਕਿਉਂ ਅਨੋਖਾ ਵਾਰ ਬਣ ਜਾਵੇ।

ਤਲੀ 'ਤੇ ਜਾਨ ਹੈ ਰੱਖਦਾ, ਜੋ ਅਜਨਬੀਆਂ ਦੀ ਖ਼ਾਤਰ,
ਅਹੁ ਬੰਦਾ, ਬੰਦਾ ਨਾ ਹੋ ਕੇ ਪਰਬਤਦਿਗਾਰ ਬਣ ਜਾਵੇ।

ਮੇਰਾ ਦਿਲ ਦੇ ਸਦਾਵਾਂ ਥੱਕਿਆ ਹਰ ਆਪਣੇ ਪਰਾਏ ਨੂੰ,
ਆਖ਼ਰ ਕੋਈ ਤਾਂ ਆ ਕੇ, ਮੇਰਾ ਗ਼ਮਖਾਰ ਬਣ ਜਾਵੇ।

'ਨੀਰ' ਮੌਕੇ 'ਤੇ ਜੋ ਫੜਿਆ ਉਹ ਲੱਗਦਾ ਚੋਰ ਹੈ ਤੈਨੂੰ,
ਜੋ ਸਾਵ੍ਹੇਂ ਦੇ ਰਿਹਾ ਧੋਖਾ, ਉਹ ਇਜ਼ਤਦਾਰ ਬਣ ਜਾਵੇ।



### ਐਸੀ ਰੀਤ

ਕਿਉਂ ਰੀਤ ਤੂੰ ਜਗ 'ਤੇ ਐਸੀ ਚਲਾਈ ਰੱਬਾ,
ਮੂਰਖ ਨੂੰ ਦੇਵੇ ਕਿਉਂ ਸੁਗੜ ਕਰਕੇ ਕਮਾਈ ਰੱਬਾ।
ਉਹ ਐਸ਼ ਅਰਾਮ ਵਿਚ ਨਿੱਤ ਰਹਿੰਦੇ ਨੇ,
ਜਾਂਦਾ ਗ਼ਰੀਬਾਂ ਨੂੰ ਕਿਉਂ ਤਰਸਾਈ ਰੱਬਾ।
ਜੋ ਪਲ-ਪਲ ਕਰਦੇ ਧੱਕੇਸ਼ਾਹੀਆਂ ਨੇ,
ਕਿਉਂ ਜਾਂਦਾ ਉਨ੍ਹਾਂ ਦਾ ਸਾਥ ਨਿਭਾਈ ਰੱਬਾ।
ਉਨ੍ਹਾਂ ਹੈਵਾਨਿਅਤ ਹਰ ਹੱਦ ਕਰ ਲਈ ਪਾਰ,
ਭੁੱਲ ਕੇ ਗਏ ਅੱਜ ਬੰਦੇ ਤੇਰੇ ਖ਼ੁਦਾਈ ਰੱਬਾ।
ਉਹ ਹਰ-ਪਲ ਹੀ ਸੱਚ ਦਾ ਘਾਣ ਕਰਦੇ,
ਜਾਂਦਾ ਕਾਫ਼ਰਾ ਨੂੰ ਰਾਜ 'ਤੇ ਬਠਾਈ ਰੱਬਾ।
ਉਹ ਲਹੂ ਨਿੱਤ ਉਨ੍ਹਾਂ ਮਜਦੂਰਾਂ ਦਾ ਪੀਂਦੇ ਨੇ,
ਜੋ ਕਰਦੇ ਲਹੂ ਪਸੀਨੇ ਦੀ ਕਮਾਈ ਰੱਬਾ।
ਉਹ ਨਿੱਤ ਨਵੇਂ ਲਾਰਿਆ ਵਿਚ ਰੱਖਦੇ ਨੇ,
ਮਿੱਠਿਆਂ ਜ਼ਬਾਨਾਂ ਨਾਲ ਜਾਂਦੇ ਭਰਮਾਈ ਰੱਬਾ।
ਜਿਨ੍ਹਾਂ ਉਨ੍ਹਾਂ ਮੋਹਰੇ ਆਣ ਜ਼ਬਾਨ ਖੋਲ੍ਹੀ,
ਜਾਨ ਆਪਣੀ ਹੀ ਖ਼ਤਰੇ ਵਿਚ ਪਾਈ ਰੱਬਾ।
ਹਰ ਇੱਛਾ ਉਨ੍ਹਾਂ ਦੀ ਤੂੰ ਕਰ ਪੂਰੀ,
ਜਾਂਦਾ ਨਿਮਾਣਿਆ ਨੂੰ ਕਿਉਂ ਤਰਸਾਈ ਰੱਬਾ।
ਖ਼ੁਦ ਬਣ ਕੇ ਨਵਾਬ ਉਹ ਬਹਿ ਗਏ ਨੇ,
ਲਹੂ ਪੀਂਦੇ ਨਿੱਤ ਬਣ ਉਹ ਕਸਾਈ ਰੱਬਾ।
ਝੋਲੀ ਅੱਡ ਕੇ ਤੇਰੇ ਦਰਬਾਰ ਅੱਗੇ,
ਭਰਾਂ ਲੋੜਵੰਦਾਂ ਦੀ ਮੈਂ ਗਵਾਈ ਰੱਬਾ।
ਦੱਸ ਬੇਕਦਰਾ ਨੂੰ ਹਰ ਖ਼ੁਸ਼ੀ ਦੇ ਕੇ,
ਜਾਂਦਾ ਜਗ ਨੂੰ ਕਿਝ ਚਲਾਈ ਰੱਬਾ।
ਹੱਥ ਜੋੜ ਕੇ ਤੇਰੇ ਅੱਗੇ ਸੁੱਖ ਆਖੇ,
ਹੋਰ ਨਾ ਉਨ੍ਹਾਂ ਹੱਥੋਂ ਹਲਾਲ ਕਰਾਈ ਰੱਬਾ।

• ਸੁਖਵੰਤ ਕੌਰ, 87278-46145

### ਗ਼ਜ਼ਲ

ਦਿਲ ਦਾ ਦਰਦ ਸੁਣਾਈ ਨਾ।
ਕਿਸੇ ਕੋਲ ਕੁਰਲਾਈ ਨਾ।
ਕੌਣ ਸੁਣਦਾ ਪੀੜ ਪਰਾਈ,
ਫਿਰ ਵੀ ਤੂੰ ਘਬਰਾਈ ਨਾ।
ਅੰਦਰ ਦਾਰੂ ਦਰਦਾਂ ਦੀ ਏ,
ਉਹ ਨੂੰ ਕਦੇ ਗਵਾਈ ਨਾ।
ਲੋਕਾਂ ਦੀਆਂ ਖ਼ੁਸ਼ੀਆਂ ਵੇਖ,
ਕਦੇ ਵੀ ਕੁਮਲਾਈ ਨਾ।
ਦੁੱਖਾਂ ਦੀ ਪੰਡ, ਵੇਖ ਕਿਸੇ ਦੀ,
ਭੁੱਲ ਕੇ ਵੀ ਮੁਸਕਰਾਈ ਨਾ।
ਪਾਕ ਪਵਿੱਤਰ ਰੱਖੀਂ ਨੀਤ,
ਬਦਨੀਤ ਅਖਵਾਈ ਨਾ।
'ਅਟਵਾਲ' ਸੱਚ ਹਮੇਸ਼ਾ ਸੱਚ ਰਹਿਣਾ,
ਝੂਠ ਨੂੰ ਗਲ਼ ਨਾਲ ਲਾਈ ਨਾ।

• ਕਰਨੈਲ ਅਟਵਾਲ, 75082-75052



**ਸੁਖਵੀਰ ਸਿੰਘ ਕੰਗ**

ਪੰਜਾਬੀ ਬੋਲੀ ਵਿਚ ਛੱਲੇ ਦੇ ਦੋ ਰੂਪ ਹਨ। ਪਹਿਲਾ ਹੱਥ ਦੀਆਂ ਉਂਗਲਾਂ ਵਿਚ ਪਹਿਨਿਆ ਜਾਣ ਵਾਲਾ ਬਿਨਾਂ ਨਗ ਤੋਂ ਮੁੰਦਰੀ ਵਰਗਾ ਗਹਿਣਾ ਹੈ ਜੋ ਆਮ ਤੌਰ 'ਤੇ ਚੀਚੀ ਵਿਚ ਪਾਇਆ ਜਾਂਦਾ ਹੈ ਇਹ ਪਿਆਰ ਦੀ ਨਿਸ਼ਾਨੀ ਵਜੋਂ ਵੀ ਜਾਣਿਆ ਜਾਂਦਾ ਹੈ। ਛੱਲੇ ਦਾ ਦੂਸਰਾ ਰੂਪ ਪੰਜਾਬੀ ਗਾਇਕੀ ਦੀ ਇਕ ਸ਼ੈਲੀ ਹੈ ਜਿਸ ਉੱਤੇ ਬਹੁਤ ਸਾਰੇ ਗਾਇਕਾਂ ਨੇ ਗਲ਼ਾ ਅਜਮਾਇਆ। ਕੁਝ ਗਾਇਕ ਛੱਲੇ ਨੂੰ ਗਾ ਕੇ ਅਮਰ ਕਰ ਗਏ ਅਤੇ ਕੁਝ ਇਸ ਨੂੰ ਗਾ ਕੇ ਮਕਬੂਲ ਹੋਏ। ਛੱਲਾ ਅਸਲ ਵਿਚ ਪੁੱਤਰ ਵਿਯੋਗ ਅਤੇ ਮਨੁੱਖੀ ਰਿਸ਼ਤਿਆਂ ਦੀ ਬਾਤ ਪਾਉਂਦਾ ਹੈ। ਛੱਲਾ ਪਿਓ ਨਾਲੋਂ ਜਵਾਨ ਪੁੱਤ ਦੇ ਵਿਛੋੜੇ, ਮਾਂ ਦੀ ਅਣਹੋਂਦ, ਧੀਆਂ ਦੇ ਪਰਾਏ ਹੋਣ, ਮਾਪਿਆਂ ਦੇ ਤੁਰ ਜਾਣ ਅਤੇ ਕਿਤੇ ਮੁਹੱਬਤ ਦੇ ਦੂਰ ਹੋਣ ਦੇ ਦਰਦ ਦੀ ਡੂੰਘੀ ਰਮਜ਼ ਹੈ। ਲੋਕ ਕਥਾ ਅਨੁਸਾਰ ਚੜ੍ਹਦੇ ਅਤੇ ਲਹਿੰਦੇ ਪੰਜਾਬ ਦੇ ਗੀਤਾਂ ਦੀ ਇਸ ਗਾਇਨ ਵਿਧਾ ਦਾ ਨਾਇਕ ਛੱਲਾ ਇਕ ਮਲਾਹ ਜਲਾਲਦੀਨ ਉਰਫ਼ ਜੱਲੇ ਦੇ ਘਰ ਪੈਦਾ ਹੋਇਆ ਜਿਸ ਦੀ ਦੋ ਸਾਲਾਂ ਦੀ ਛੋਟੀ ਉਮਰੇ ਹੀ ਮਾਂ ਮਰ ਗਈ ਸੀ। ਜੱਲੇ ਨੇ ਛੱਲੇ ਨੂੰ ਬੜੇ ਲਾਡਾਂ ਨਾਲ ਪਾਲਿਆ ਅਤੇ ਕਿਸ਼ਤੀ ਠੇਲ੍ਹਣ ਵੇਲੇ ਵੀ ਉਸ ਨੂੰ ਨਾਲ ਹੀ ਲੈ ਜਾਂਦਾ। ਪਿਓ ਦੇ ਪਿਆਰ ਅਤੇ ਚੰਗੀ ਖ਼ੁਰਾਕ ਸਦਕਾ ਛੱਲਾ 12 ਸਾਲ ਦੀ ਉਮਰੇ ਹੀ ਸੋਹਣਾ ਅਤੇ ਭਰ ਜੁਆਨ ਹੋ ਗਿਆ। ਇਕ ਦਿਨ ਕੰਮ 'ਤੇ ਹੀ ਜੱਲੇ ਦੀ ਸਿਹਤ ਖ਼ਰਾਬ ਹੋ ਗਈ ਅਤੇ ਉੱਧਰੋਂ ਸਵਾਰੀਆਂ ਆ ਗਈਆਂ। ਜੱਲੇ ਨੇ ਸਵਾਰੀਆਂ ਨੂੰ ਦਰਿਆ ਪਾਰ ਬੇੜੀ ਲਿਜਾ ਸਕਣ ਤੋਂ ਬੇਬਸੀ ਜ਼ਾਹਰ ਕੀਤੀ ਤਾਂ ਸਵਾਰੀਆਂ ਨੇ ਧੀ ਦੇ ਸ਼ਗਨਾਂ ਦੇ ਕਾਰਜ ਦਾ ਵਾਸਤਾ ਪਾਇਆ ਅਤੇ ਉਸ ਦੇ ਜਵਾਨ ਹੋ ਰਹੇ ਪੁੱਤਰ ਛੱਲੇ ਨੂੰ ਬੇੜੀ ਲੈ ਕੇ ਪਾਰ ਛੱਡ ਆਉਣ ਦੀ ਜਿੱਦ ਕੀਤੀ। ਜੱਲਾ ਮਜਬੂਰੀ ਵੱਸ ਛੱਲੇ ਨੂੰ ਜੋ ਕਿ ਹਾਲੇ ਬੇੜੀ ਦਾ ਮਾਹਰ ਨਹੀਂ ਸੀ, ਬੇੜੀ ਲੈ ਕੇ ਜਾਣ ਦੀ ਇਜਾਜ਼ਤ ਦੇ ਦਿੰਦਾ ਹੈ। ਬੇੜੀ ਲੈ ਕੇ ਗਿਆ ਛੱਲਾ ਵਾਪਸ ਨਾ ਪਰਤਿਆ। ਜੱਲਾ ਦਰਿਆ ਕੰਢੇ ਉਸ ਦੀ ਉਡੀਕ ਕਰਦਾ ਰਿਹਾ, ਦਿਨ ਢਲ ਗਿਆ, ਉਹ ਪਿੰਡ ਵਾਲਿਆਂ ਨੂੰ ਨਾਲ ਲੈ ਕੇ ਵੀ ਭਾਲ ਕਰਦਾ ਰਿਹਾ ਪਰ ਛੱਲਾ ਮੁੜ ਨਾ ਲੱਭਿਆਂ ਤਾਂ ਜੱਲਾ ਪਾਗ਼ਲ ਹੋ ਗਿਆ। ਉਹ ਦਿਨ ਰਾਤ ਦਰਿਆ ਕੰਢੇ ਘੁੰਮਦਾ ਰਹਿੰਦਾ ਅਤੇ ਰੋਂਦਾ ਰਹਿੰਦਾ :

ਛੱਲਾ ਮੁੜਕੇ ਨੀ ਆਇਆ
ਰੋਣਾ ਉਮਰਾਂ ਦਾ ਪਾਇਆ
ਮੱਲਿਆ ਈ ਦੇਸ਼ ਪਰਾਇਆ
ਓ ਗੱਲ ਸੁਣ ਛੱਲਿਆ ਕਾਵਾਂ
ਓ ਮਾਵਾਂ ਠੰਡੀਆਂ ਛਾਵਾਂ...

ਜਿਨ੍ਹਾਂ ਲਫ਼ਜ਼ਾਂ 'ਚ ਪਰੋ ਕੇ ਉਸ ਨੇ ਆਪਣਾ ਦਰਦ ਵਿਅਕਤ ਕੀਤਾ, ਉਹੀ ਅੱਗੇ ਚੱਲ ਕੇ ਪੰਜਾਬੀ ਗੀਤਾਂ ਦੀ ਇਕ ਸ਼ੈਲੀ 'ਛੱਲੇ' ਦੇ ਨਾਂ ਨਾਲ ਪ੍ਰਸਿੱਧ ਹੋਏ :

ਛੱਲਾ ਬੇੜੀ ਪੂਰ ਏ
ਵਤਨ ਮਾਹੀ ਦਾ ਦੂਰ ਏ
ਜਾਣਾ ਪਹਿਲੇ ਪੂਰ ਏ
ਓ ਗੱਲ ਸੁਣ ਛੱਲਿਆ ਕਾਵਾਂ
ਓ ਮਾਵਾਂ ਠੰਡੀਆਂ ਛਾਵਾਂ
ਛੱਲਾ ਨੌਂ ਨੌਂ ਖੇਵੇ
ਪੁੱਤਰ ਮਿਠੜੇ ਮੇਵੇ
ਅੱਲ੍ਹਾ ਸਭ ਨੂੰ ਦੇਵੇ
ਗੱਲ ਸੁਣ ਛੱਲਿਆ...
ਛੱਲਾ ਚੀਚੀ ਪਾਇਆ
ਧੀਆਂ ਧੰਨ ਵੇ ਪਰਾਇਆ
ਮੁੜ ਕੇ ਫੇਰਾ ਨਾ ਪਾਇਆ
ਓ ਗੱਲ ਸੁਣ...
ਛੱਲਾ ਗਲ਼ ਦੇ ਗਹਿਣੇ
ਸਦਾ ਮਾਪੇ ਨੀ ਰਹਿਣੇ
ਦੁੱਖ ਜਿਦੜੀ ਦੇ ਸਹਿਣੇ
ਓ ਗੱਲ ਸੁਣ ਛੱਲਿਆ...

ਛੱਲੇ ਦੀ ਦਾਸਤਾਨ ਦੇ ਵਿਸਥਾਰ ਵਿਚ ਜਾਣ ਤੇ ਪਰਸਪਰ ਦੋ ਕਹਾਣੀਆਂ ਉੱਭਰਦੀਆਂ ਹਨ। ਉਪਰੋਕਤ ਪਹਿਲਾ ਬਿਰਤਾਂਤ ਲੋਕ ਦਾਸਤਾਨ ਗਾਇਕ ਫਜ਼ਲ ਸ਼ਾਹ ਦੇ ਗੋਦ ਲਏ ਪੁੱਤਰ ਆਸ਼ਿਕ ਹੁਸੈਨ ਜੱਟ ਦੁਆਰਾ ਲਿਖਿਆ ਅਤੇ ਗਾਇਆ ਗਿਆ। ਅੱਜ ਇਹ ਉਨ੍ਹਾਂ ਦੀ ਗਾਇਕੀ ਦੇ ਤੀਜੀ ਪੀੜ੍ਹੀ ਦੇ ਵਾਰਿਸ ਫ਼ਜ਼ਲ ਜੱਟ ਦੀ ਜ਼ੁਬਾਨੀ ਸੁਣਿਆ ਜਾ ਸਕਦਾ ਹੈ। ਇਸ ਵਿਚ ਛੋਟੇ ਬੱਚਿਆਂ ਲਈ ਮਾਂ ਦੀ ਛਤਰ-ਛਾਇਆ ਦੀ ਮਹਾਨਤਾ ਦਾ ਵੀ ਜ਼ਿਕਰ ਮਿਲਦਾ ਹੈ। ਜੱਲੇ ਨੇ ਮਨ ਵਿਚ ਇਹ ਦੁੱਖ ਹੈ ਕਿ ਜੇ ਛੱਲੇ ਦੀ ਮਾਂ ਜਿਉਂਦੀ ਹੁੰਦੀ ਤਾਂ ਉਹ ਉਸ ਨੂੰ ਕੰਮ ਤੇ ਨਾਲ ਨਾ ਲਿਆਉਂਦਾ ਅਤੇ ਉਹ ਛੱਲੇ ਨੂੰ ਨਾ ਗੁਆਉਂਦਾ :

ਮਾਂ ਦੀ ਸ਼ਾਨ ਸੁਣਾਵਾਂ
ਚੰਨ ਨੂੰ ਚਿਰਾਗ ਵਿਖਾਵਾਂ
ਹਰ ਵੇਲੇ ਏਹੋ ਗਾਵਾਂ
ਕਿ ਮਾਵਾਂ ਠੰਡੀਆਂ ਛਾਵਾਂ...

ਪਹਿਲਾ ਬਿਰਤਾਂਤ ਇਸ ਘਟਨਾ ਨੂੰ ਸਤਲੁਜ ਦੇ ਹਰੀਕੇ ਪੱਤਣ ਦੀ ਦੱਸਦਾ ਹੈ। ਚੜ੍ਹਦੇ ਪੰਜਾਬ ਦੇ ਨਾਮਵਰ ਗਾਇਕ ਸੁਰਿੰਦਰ ਛਿੰਦੇ ਨੇ ਵੀ ਕਹਾਣੀ ਰੂਪ ਵਿਚ ਇੰਝ ਹੀ ਗਾਇਆ ਹੈ। ਜਦ ਕਿ ਦੂਸਰੇ ਬਿਰਤਾਂਤ ਅਨੁਸਾਰ ਇਹ ਘਟਨਾ ਪਾਕਿਸਤਾਨ ਦੇ ਗੁਜਰਾਤ ਵਿਚ ਵਗਦੇ ਝਨਾਂ ਦਰਿਆ ਕੰਢੇ ਵਾਪਰੀ ਦੱਸੀ ਗਈ ਹੈ ਅਤੇ ਜੱਲੇ ਦਾ ਪਿੰਡ ਮਲਕਵਾਲ ਦੱਸਿਆ ਹੈ ਜੋ ਕਿ ਪੰਜਾਬੀ ਦੇ ਨਾਮਵਰ ਗਾਇਕ ਭਰਾਵਾਂ ਸ਼ੌਕਤ ਅਲੀ ਅਤੇ ਇਨਾਇਤ ਅਲੀ ਦਾ ਵੀ ਪਿੰਡ ਹੈ। ਦੱਸਣਯੋਗ ਹੈ ਕਿ 'ਛੱਲੇ' ਦੀ ਸਭ ਤੋਂ ਪਹਿਲੀ ਰਿਕਾਰਡਿੰਗ ਵੀ ਇਨਾਇਤ ਅਲੀ ਦੀ ਹੀ ਹੈ। ਜੋ 1977 ਵਿਚ ਹੋਈ ਅਤੇ ਅੱਜ ਵੀ ਉਪਲੱਬਧ ਹੈ। ਫਿਰ ਸ਼ੌਕਤ ਅਲੀ ਨੇ ਵੀ ਛੱਲਾ ਗਾਇਆ। ਦੋਵਾਂ ਭਰਾਵਾਂ ਦਾ ਬਹੁਤ ਮਕਬੂਲ ਹੋਇਆ ਛੱਲਾ ਆਪਸ ਵਿਚ ਕਾਫ਼ੀ ਮੇਲ ਖਾਂਦਾ ਹੈ। ਜੋ ਦੂਸਰੇ ਬਿਰਤਾਂਤ ਦੇ ਕਾਫ਼ੀ ਨੇੜੇ ਹੈ। ਇਸ ਦੀ ਬਾਕੀ ਕਹਾਣੀ ਓਹੀ ਹੈ ਪਰ ਇਸ ਅਨੁਸਾਰ ਛੱਲੇ ਦੇ ਇਕੱਲੇ ਬੇੜੀ ਲਿਜਾਣ ਦਾ ਸਬੱਬ ਪਿਓ-ਪੁੱਤਰ ਵਿਚ ਹੋਏ ਝਗੜੇ ਦੀ ਨਰਾਜ਼ਗੀ ਸੀ। ਇਸੇ ਕਰਕੇ ਅਲੀ ਭਰਾਵਾਂ ਦੇ ਛੱਲੇ ਅਰੰਭ ਇੰਝ ਹੁੰਦਾ ਹੈ :

ਜਾਵੋ ਨੀ ਕੋਈ ਮੋੜ ਲਿਆਵੋ
ਮੇਰੇ ਨਾਲ ਗਿਆ ਅੱਜ ਲੜ ਕੇ।
ਅੱਲ੍ਹਾ ਕਰੇ ਆ ਜਾਵੇ ਸੋਹਣਾ
ਦੇਵਾਂ ਜਾਨ ਕਦਮਾਂ ਵਿਚ ਧਰ ਕੇ...

ਇਨਾਇਤ ਅਲੀ ਕਹਿੰਦਾ ਹੈ :

ਅੱਖੀਂ ਵੇਂਹਦਿਆਂ ਕੰਡ ਕਰ ਤੁਰਿਆ
ਹੁਣ ਰੋ-ਰੋ ਦੇਵਾਂ ਦੁਹਾਈ
ਲੋਕਾਂ ਦੀਆਂ ਝੋਕਾਂ ਵਸਦੀਆਂ ਪਈਆਂ
ਕਦੀ ਸਾਡੀ ਵੀ ਵਸਦੀ ਆਹੀ...

ਦੂਸਰੇ ਬਿਰਤਾਂਤ ਅਨੁਸਾਰ ਸਵਾਰੀਆਂ ਦੇ ਵਾਸਤੇ ਤੋਂ ਇਲਾਵਾ ਛੱਲੇ ਦਾ ਆਪਣੇ ਸਨੇਹੀ ਨਾਲ ਕੀਤਾ ਵਾਅਦਾ ਵੀ ਸੀ ਕਿ ਉਹ ਪਿਓ ਦੀ ਗ਼ੈਰ ਮੌਜੂਦਗੀ ਵਿਚ ਬੇੜੀ ਦਰਿਆ ਵਿਚ ਲੈ ਕੇ ਗਿਆ। ਉਸ ਦਾ ਸਨੇਹੀ ਦਰਿਆ ਪਾਰ ਉਸ ਦੀ ਮੁਹੱਬਤ ਨੂੰ ਨਾ ਮਿਲਾਉਣ ਤੇ ਉਸ ਦੇ ਸਿਰ ਚੜ੍ਹ ਮਰਨ ਦੀ ਧਮਕੀ ਦਿੰਦਾ ਹੈ :

ਛੱਲਾ ਕਾਲੀਆਂ ਮਰਚਾਂ
ਮਹੁਰਾ ਪੀ ਕੇ ਮਰਸਾਂ
ਸਿਰੇ ਤੇਰੇ ਚੜ੍ਹ ਸਾਂ
ਗੱਲ ਸੁਣ ਛੱਲਿਆ ਢੋਲਾ
ਸਾੜ ਕੇ ਕੀਤਾ ਈ ਕੋਲਾ...

ਫ਼ਜ਼ਲ ਜੱਟ ਅਤੇ ਅਲੀ ਭਰਾਵਾਂ ਦੇ ਗਾਏ ਕੁਝ ਬੰਦਾਂ ਦੀ ਸ਼ਬਦਾਵਲੀ ਦਾ ਵੀ ਫ਼ਰਕ ਹੈ। ਫਜ਼ਲ ਜੱਟ 'ਛੱਲਾ ਬੇੜੀ ਪੂਰ ਏ' ਕਹਿੰਦਾ ਹੈ ਭਾਵ ਦੁਨਿਆਵੀ ਮੇਲ ਬੇੜੀ ਦੇ ਪੂਰ ਅਤੇ ਤਿੰਝਣ ਦੀਆਂ ਕੁੜੀਆਂ ਵਰਗਾ ਮੇਲ ਹੈ ਅਤੇ ਦੁਬਾਰਾ ਇਕੱਠੇ ਹੋਣ ਦਾ ਸਬੱਬ ਕਦੇ ਨਹੀਂ ਬਣਦਾ। ਇੱਥੇ ਅਲੀ ਭਰਾ 'ਛੱਲਾ ਬੇਰੀਂ ਬੂਰ ਏ' ਗਾਉਂਦੇ ਹਨ ਭਾਵ ਛੱਲੇ ਦੀ ਉਮਰ ਕੱਚੀ ਸੀ ਉਸ ਨੇ ਹਾਲੇ ਫੁੱਲ ਤੋਂ ਫਲ਼ ਬਣਨਾ ਸੀ। ਇਸੇ ਤਰ੍ਹਾਂ ਫ਼ੈਜ਼ਲ ਜੱਟ 'ਛੱਲਾ ਨੌਂ ਨੌਂ ਖੇਵੇ' ਕਹਿੰਦਾ ਹੈ ਜਿਸ ਦਾ ਭਾਵ ਕੀਮਤੀ ਮੇਵਿਆਂ ਦੀ ਲੱਪ ਤੋਂ ਹੈ ਅਤੇ ਅਲੀ ਭਰਾ ਇੱਥੇ 'ਛੱਲਾ ਨੌਂ ਨੌਂ ਥੇਵੇ' ਗਾਉਂਦੇ ਹਨ। ਥੇਵਾ ਮੁੰਦਰੀ ਦਾ ਨਗ ਹੁੰਦਾ ਹੈ ਭਾਵ ਪੁੱਤਰ ਕੀਮਤੀ ਨਗੀਨੇ ਹੁੰਦੇ ਹਨ। ਆਪਸ ਵਿਚ ਕੁਝ ਫ਼ਰਕ ਹੋਣ ਦੇ ਬਾਵਜੂਦ ਆਸ਼ਿਕ ਜੱਟ ਅਤੇ ਅਲੀ ਭਰਾਵਾਂ ਦੇ ਛੱਲੇ ਦੇ ਬਿਰਤਾਂਤ ਘੋਖਣ ਤੋਂ ਬਾਅਦ ਮੰਨਿਆ ਜਾ ਸਕਦਾ ਹੈ ਕਿ ਆਸ਼ਿਕ ਜੱਟ ਨੇ ਇਸ ਦਾਸਤਾਨ ਨੂੰ ਸ਼ਾਬਦਿਕ ਰੂਪ ਦੇ ਕੇ ਅਤੇ ਫਿਰ ਗਾ ਕੇ ਛੱਲੇ ਦਾ ਮੁੱਢ ਬੰਨ੍ਹਿਆ। ਫਿਰ ਇਨਾਇਤ ਅਲੀ ਅਤੇ ਸ਼ੌਕਤ ਅਲੀ ਨੇ ਇਸ ਨੂੰ ਅੱਗੇ ਵਧਾਇਆ। ਹੋ ਸਕਦਾ ਹੈ ਕਿ ਛੱਲੇ ਦੇ ਡੁੱਬ ਜਾਣ ਦੀ ਘਟਨਾ ਸਤਲੁਜ ਦੇ ਹਰੀਕੇ ਪੱਤਣ ਦੀ ਹੋਵੇ ਅਤੇ ਫਿਰ ਝੱਲਾ ਹੋਇਆ ਜੱਲਾ ਦਰਿਆਵਾਂ ਕੰਢੇ ਘੁੰਮਦਾ-ਘੁੰਮਦਾ ਪਾਕਿਸਤਾਨ ਦੇ ਗੁਜਰਾਤ ਵਿਚ ਜਾ ਵੱਸਿਆ ਹੋਵੇ। ਪਰਦੇਸੀ ਸੱਜਣ ਦੀ ਨਿਸ਼ਾਨੀ ਵਜੋਂ 'ਛੱਲਾ ਮੇਰਾ ਜੀ ਢੋਲਾ' ਕਰ ਕੇ ਟੱਪਿਆਂ ਤੇ ਦੋਹਿਆਂ ਵਿਚ ਵੀ ਸੁਣਨ ਨੂੰ ਮਿਲਦਾ ਹੈ ਪ੍ਰੰਤੂ ਅਸਲ ਛੱਲਾ ਪਰਿਵਾਰਕ ਰਿਸ਼ਤਿਆਂ, ਵਿਛੋੜਿਆਂ ਅਤੇ ਦੁਖਾਂਤ ਦੀ ਦਰਦ ਭਰੀ ਕਹਾਣੀ ਹੈ, ਜੋ ਸਾਨੂੰ ਦੁਆਵਾਂ ਮੰਗਣ ਲਈ ਪ੍ਰੇਰਦੀ ਹੈ ਕਿ ਕਦੇ ਕਿਸੇ ਪਿਓ ਤੋਂ ਉਸ ਦਾ ਪੁੱਤ ਨਾ ਵਿਛੜੇ, ਕਦੇ ਬਚਪਨ ਮਾਂ ਤੋਂ ਵਾਂਝਾ ਨਾ ਹੋਵੇ, ਕਦੇ ਕੋਈ ਯਤੀਮ ਨਾ ਹੋਵੇ, ਕਦੇ ਕਿਸੇ ਤੇ ਮਾੜਾ ਵਕਤ ਨਾ ਆਵੇ, ਕਦੇ ਕਿਸੇ ਨੂੰ ਆਪਣੀ ਮੁਹੱਬਤ ਤੋਂ ਦੂਰ ਨਾ ਰਹਿਣਾ ਪਵੇ ਅਤੇ ਰੱਬ ਸਭ ਨੂੰ ਔਲਾਦ ਬਖ਼ਸ਼ੇ। •

85678-72291



**ਛੱਲਾ ਪਰਿਵਾਰਕ ਰਿਸ਼ਤਿਆਂ, ਵਿਛੋੜਿਆਂ ਅਤੇ ਦੁਖਾਂਤ ਦੀ ਦਰਦ ਭਰੀ ਕਹਾਣੀ ਹੈ ਜੋ ਸਾਨੂੰ ਦੁਆਵਾਂ ਮੰਗਣ ਲਈ ਪ੍ਰੇਰਦੀ ਹੈ ਕਿ ਕਦੇ ਕਿਸੇ ਪਿਓ ਤੋਂ ਉਸ ਦਾ ਪੁੱਤ ਨਾ ਵਿਛੜੇ, ਕਦੇ ਬਚਪਨ ਮਾਂ ਤੋਂ ਵਾਂਝਾ ਨਾ ਹੋਵੇ ਤੇ ਕਦੇ ਕੋਈ ਯਤੀਮ ਨਾ ਹੋਵੇ...**

# ਛੱਲਾ ਮੰਗੇ ਦੁਆਵਾਂ...



# 2026 ਦੇ ਅਵਲ ਆਏ ਵਿਦਿਆਰਥੀਆਂ ਦਾ ਸ਼ਾਨਦਾਰ ਪ੍ਰਦਰਸ਼ਨ ਲਈ ਸਨਮਾਨ




**ਨਾਭਾ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈ.ਐਸ.ਸੀ. ਬੈਚ 2026 ਦੇ ਸਨਮਾਨ ਵਿੱਚ 10 ਮਈ, 2026 ਨੂੰ ਇੱਕ ਵਿਸ਼ੇਸ਼ ਸਨਮਾਨ ਸਮਾਰੋਹ ਆਯੋਜਿਤ ਕੀਤਾ ਗਿਆ। ਇਸ ਬੈਚ ਦੀ ਅਨਾਹਤਜੋਤ ਕੌਰ ਹਰੀ (ਸਾਇੰਸ ਸਟ੍ਰੀਮ) ਨੇ 99.8% ਅੰਕਾਂ ਨਾਲ ਪਹਿਲਾ ਸਥਾਨ ਹਾਸਲ ਕੀਤਾ ਅਤੇ ਇਸੇ ਤਰ੍ਹਾਂ ਨਮਨ ਗੋਇਲ ਅਤੇ ਇਸ਼ਮੀਤ ਕੌਰ (ਸਾਇੰਸ ਸਟ੍ਰੀਮ) ਅਤੇ ਅਨੰਨਿਆ ਬਾਠ ਅਤੇ ਅਕਾਸ਼ਵੀਰ ਸਿੰਘ (ਹਿਊਮੈਨਿਟੀਜ਼ ਸਟ੍ਰੀਮ) 99% ਅੰਕਾਂ ਨਾਲ ਦੂਜੇ ਸਥਾਨ 'ਤੇ ਰਹੇ, ਮਨਤੇਸ਼ਵਰ ਸਿੰਘ ਰਾਨੂੰ (ਹਿਊਮੈਨਿਟੀਜ਼) 98.5% ਅੰਕਾਂ ਨਾਲ ਤੀਜੇ ਸਥਾਨ 'ਤੇ ਰਿਹਾ। ਆਈ.ਐਸ.ਸੀ. ਦੀ ਪ੍ਰੀਖਿਆ ਦੇਣ ਵਾਲੇ ਸਾਰੇ 99 ਵਿਦਿਆਰਥੀਆਂ ਨੇ ਡਿਸਟਿੰਕਸ਼ਨ (ਵਿਸ਼ੇਸ਼ ਯੋਗਤਾ) ਨਾਲ ਪ੍ਰੀਖਿਆ ਪਾਸ ਕੀਤੀ। ਇਹਨਾਂ ਵਿੱਚੋਂ 34 ਵਿਦਿਆਰਥੀਆਂ ਨੇ ਵੱਖ-ਵੱਖ ਵਿਸ਼ਿਆਂ ਵਿੱਚ 100 ਵਿੱਚੋਂ 100 ਅੰਕ ਹਾਸਲ ਕੀਤੇ, ਜਿਨ੍ਹਾਂ ਵਿੱਚ ਸਰੀਰਕ ਸਿੱਖਿਆ (17), ਰਾਜਨੀਤੀ ਸ਼ਾਸਤਰ (07), ਪੰਜਾਬੀ (07), ਕੈਮਿਸਟਰੀ (02) ਅਤੇ ਕੰਪਿਊਟਰ ਸਾਇੰਸ (01) ਸ਼ਾਮਲ ਹਨ। ਇਸ ਵਾਰ ਬੈਚ ਦੀ ਸਭ ਤੋਂ ਉੱਚ ਔਸਤ 91% ਰਹੀ, ਜੋ ਕਿ ISC 2025 ਦੇ ਮੁਕਾਬਲੇ 7% ਵੱਧ ਹੈ। ਇਸ ਮੌਕੇ ਬੋਲਦਿਆਂ ਹੈਡਮਾਸਟਰ ਡਾ. ਡੀ.ਸੀ. ਸ਼ਰਮਾ ਨੇ ਪੰਜਾਬ ਪਬਲਿਕ ਸਕੂਲ, ਨਾਭਾ ਦੇ ਮੌਜੂਦਾ ਵਿਦਿਆਰਥੀਆਂ ਲਈ ਉੱਚੇ ਮਾਪਦੰਡ ਸਥਾਪਤ ਕਰਨ ਲਈ ਵਿਦਿਆਰਥੀਆਂ ਅਤੇ ਅਧਿਆਪਕਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਬਿਹਤਰ ਅਭਿਆਸਾਂ ਨੂੰ ਅਪਣਾਉਣ ਲਈ ਵਿਦਿਆਰਥੀਆਂ ਅਤੇ ਸਟਾਫ਼ ਦਾ ਧੰਨਵਾਦ ਕੀਤਾ। ਉਨ੍ਹਾਂ ਸ਼ਾਨਦਾਰ ਨਤੀਜੇ ਦੇਣ ਲਈ ਸਮੂਹ ਸਟਾਫ਼ ਦੀ ਮਿਹਨਤ ਦੀ ਵੀ ਪ੍ਰਸ਼ੰਸਾ ਕੀਤੀ।

# ਪੰਜਾਬ ਸਰਕਾਰ ਹਰ ਵਰਗ ਦੇ ਵਿਕਾਸ ਲਈ ਵਚਨਬੱਧ : ਓ.ਐਸ.ਡੀ. ਸੁਖਵੀਰ ਸਿੰਘ

**ਧੂਰੀ,13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸਮਾਜਿਕ, ਧਾਰਮਿਕ, ਖੇਡ ਅਤੇ ਲੋਕ ਭਲਾਈ ਕਾਰਜਾਂ ਨੂੰ ਲਗਾਤਾਰ ਉਤਸਾਹਤ ਕੀਤਾ ਜਾ ਰਿਹਾ ਹੈ। ਇਸੇ ਤਹਿਤ ਅੱਜ ਮੁੱਖ ਮੰਤਰੀ ਦੇ ਓ.ਐਸ.ਡੀ. ਸੁਖਵੀਰ ਸਿੰਘ ਨੇ ਧੂਰੀ ਦੀਆਂ ਵੱਖ-ਵੱਖ ਸੰਸਥਾਵਾਂ ਨੂੰ ਕਰੀਬ 3.30 ਕਰੋੜ ਰੁਪਏ ਦੀ ਵਿੱਤੀ ਸਹਾਇਤਾ ਦੇ ਮਨਜ਼ੂਰੀ ਪੱਤਰ ਸੌਂਪੇ।

ਇਸ ਮੌਕੇ ਓ.ਐਸ.ਡੀ. ਸੁਖਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਬੀਤੇ ਸਮੇਂ ਦੌਰਾਨ ਵੱਖ-ਵੱਖ ਸੰਸਥਾਵਾਂ ਨਾਲ ਬੈਠਕਾਂ ਕਰਕੇ ਉਨ੍ਹਾਂ ਦੀਆਂ ਮੰਗਾਂ ਅਤੇ ਲੋੜਾਂ ਨੂੰ ਗੰਭੀਰਤਾ ਨਾਲ ਸੁਣਿਆ ਸੀ ਅਤੇ ਹੁਣ ਪੰਜਾਬ ਸਰਕਾਰ ਵੱਲੋਂ ਉਹਨਾਂ ਮੰਗਾਂ ਨੂੰ ਪੂਰਾ ਕਰਦਿਆਂ ਵਿੱਤੀ ਸਹਾਇਤਾ ਦੇ ਮਨਜ਼ੂਰੀ ਪੱਤਰ ਜਾਰੀ ਕੀਤੇ ਗਏ ਹਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਸਮਾਜ ਸੇਵਾ, ਖੇਡਾਂ, ਸਿਹਤ ਅਤੇ ਧਾਰਮਿਕ ਸੰਸਥਾਵਾਂ ਦੇ ਵਿਕਾਸ ਲਈ ਵਚਨਬੱਧ ਹੈ।



ਇਸ ਮੌਕੇ ਲੇਬਰ ਸ਼ੈਡ ਫਾਰ ਸਿਟੀ ਕੰਸਟ੍ਰਕਸ਼ਨ ਲੇਬਰ ਯੂਨੀਅਨ ਨੂੰ 20 ਲੱਖ ਰੁਪਏ, ਬਸੰਤ ਕਲੋਨੀ ਧਰਮਸ਼ਾਲਾ ਐਂਡ ਵੈਲਫੇਅਰ ਸੋਸਾਇਟੀ (ਰਜਿ.) ਧੂਰੀ ਨੂੰ 10 ਲੱਖ ਰੁਪਏ, ਕੰਸਟ੍ਰਕਸ਼ਨ ਆਫ ਸ਼ੈਡ ਫਾਰ ਸਟੈਪ ਆਨ ਸੋਸਾਇਟੀ ਨੂੰ 25 ਲੱਖ ਰੁਪਏ, ਕੰਸਟ੍ਰਕਸ਼ਨ ਆਫ ਸ਼ੈਡ ਫਾਰ ਸੇਵਾ ਸੰਮਤੀ ਧੂਰੀ ਨੂੰ 15 ਲੱਖ ਰੁਪਏ, ਕੰਸਟ੍ਰਕਸ਼ਨ ਆਫ ਸ਼ੈਡ ਫਾਰ ਛੱਠ ਪੂਜਾ ਆਸਥਾ ਮਹਾਂਪ੍ਰਭ ਕਮੇਟੀ ਨੂੰ 15 ਲੱਖ ਰੁਪਏ, ਬਾਲਾ ਜੀ ਨਿਸ਼ਕਾਮ ਸੇਵਾ ਸੰਮਤੀ ਧੂਰੀ ਨੂੰ 15 ਲੱਖ ਰੁਪਏ ਅਤੇ ਸ੍ਰੀ ਰਾਧਾ ਕ੍ਰਿਸ਼ਨ ਗੀਤਾ ਭਵਨ ਸੰਮਤੀ ਧੂਰੀ ਨੂੰ 10 ਲੱਖ ਰੁਪਏ ਦੀ ਗ੍ਰਾਂਟ ਦੇ ਮਨਜ਼ੂਰੀ ਪੱਤਰ ਸੌਂਪੇ ਗਏ।

ਇਸੇ ਤਰ੍ਹਾਂ ਮਹੇਸ਼ ਬਿਰਧ ਆਸ਼ਰਮ ਧੂਰੀ ਨੂੰ 15 ਲੱਖ ਰੁਪਏ, ਸ੍ਰੀ ਜੈਨ ਸਭਾ ਧੂਰੀ ਨੂੰ 10 ਲੱਖ ਰੁਪਏ, ਮਹਾਂਵੀਰ ਮੰਦਿਰ ਟਰੱਸਟ ਮਲੇਰਕੋਟਲਾ ਰੋਡ ਧੂਰੀ ਨੂੰ 10 ਲੱਖ ਰੁਪਏ, ਸੰਕਲਪ ਸਿੱਧ ਮਾਤਾ ਨੈਨਾ ਦੇਵੀ ਐਂਡ ਬਾਬਾ ਬਾਲਕ ਨਾਥ ਸਮਿਤੀ ਬਰਨਾਲਾ ਰੋਡ ਧੂਰੀ ਨੂੰ 15 ਲੱਖ ਰੁਪਏ, ਪ੍ਰੈਸ ਕਲੱਬ ਧੂਰੀ ਨੂੰ 10 ਲੱਖ ਰੁਪਏ, ਨੇਤਰ ਬੈਂਕ ਸਮਿਤੀ ਧੂਰੀ ਨੂੰ 19 ਲੱਖ ਰੁਪਏ ਅਤੇ ਪ੍ਰਜਾਪਿਤਾ ਬ੍ਰਹਮਾ ਕੁਮਾਰੀਜ ਈਸ਼ਵਰੀਆ ਵਿਸ਼ਵ ਵਿਦਿਆਲਿਆ ਧੂਰੀ ਨੂੰ 15 ਲੱਖ ਰੁਪਏ ਦੀ ਗ੍ਰਾਂਟ ਦੇ ਮਨਜ਼ੂਰੀ ਪੱਤਰ ਦਿੱਤੇ ਗਏ।

ਇਸ ਤੋਂ ਇਲਾਵਾ ਜੇ.ਸੀ.ਬੀ. ਫਾਰ ਐਮ.ਸੀ. ਧੂਰੀ ਲਈ 35 ਲੱਖ ਰੁਪਏ, ਪ੍ਰਾਚੀਨ ਸ਼ਿਵ ਮੰਦਰ ਕਮੇਟੀ ਨੂੰ 5 ਲੱਖ ਰੁਪਏ, ਰੋਟਰੀ ਕਲੱਬ ਧੂਰੀ ਨੂੰ 15 ਲੱਖ ਰੁਪਏ, ਮੰਗਲਾ ਆਸ਼ਰਮ ਗਊਸ਼ਾਲਾ ਨੂੰ 20 ਲੱਖ ਰੁਪਏ, ਗਾਂਧੀ ਬਸਤੀ ਬਾਲਮੀਕਿ ਧਰਮਸ਼ਾਲਾ ਧੂਰੀ ਵਿੱਚ ਫਲੋਰਿੰਗ ਅਤੇ ਬਾਥਰੂਮ ਰੈਨੋਵੇਸ਼ਨ ਲਈ 7 ਲੱਖ ਰੁਪਏ, ਸਪੋਰਟਸ ਡੀ.ਐਸ.ਓ. ਪਿੰਡ ਕ੍ਰਿਕਟ, ਵਾਲੀਬਾਲ ਕਿੱਟਾਂ ਅਤੇ ਜਿੰਮ ਇਕੂਇਪਮੈਂਟਸ ਲਈ 23 ਲੱਖ ਰੁਪਏ, ਸਿਵਲ ਹਸਪਤਾਲ ਧੂਰੀ ਲਈ ਡੈਂਟਲ ਇਕੂਇਪਮੈਂਟ ਅਤੇ ਡਾਇਲਸਿਸ ਮਸ਼ੀਨ ਖਰੀਦਣ ਵਾਸਤੇ 16.50 ਲੱਖ ਰੁਪਏ ਅਤੇ ਬਾਰ ਐਸੋਸੀਏਸ਼ਨ ਧੂਰੀ ਨੂੰ 4 ਲੱਖ ਰੁਪਏ ਦੀ ਗ੍ਰਾਂਟ ਦੇ ਮਨਜ਼ੂਰੀ ਪੱਤਰ ਸੌਂਪੇ ਗਏ।

ਇਸ ਮੌਕੇ ਐਸ.ਡੀ.ਐਮ. ਡਾ. ਇਸਮਤ ਵਿਜੇ ਸਿੰਘ, ਸੀ.ਐਮ.ਐਫ.ਓ. ਅਰਵਿੰਦ ਕੁਮਾਰ, ਰਮਨਦੀਪ ਸਿੰਘ ਅਤੇ ਡਾਇਰੈਕਟਰ ਪੁਸ਼ਪਿੰਦਰ ਸ਼ਰਮਾ ਵੀ ਹਾਜ਼ਰ ਸਨ।

# ਵਿਧਾਨ ਸਭਾ ਸਪੀਕਰ ਨੇ ਜੈਤੋ ਦੇ ਪ੍ਰਾਚੀਨ ਫਤਿਹ ਚੰਦ ਮੰਦਰ ਵਿੱਚ ਮੱਥਾ ਟੇਕਿਆ



**ਜੈਤੋ, 13 ਮਈ**
**ਸੁਧੀਰ ਗਰਗ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਜੈਤੋ ਮੰਡੀ ਪਹੁੰਚੇ। ਸਥਾਨਕ ਨੁਮਾਇੰਦਿਆਂ ਅਤੇ ਆਗੂਆਂ ਨੇ ਉਨ੍ਹਾਂ ਦਾ ਸਵਾਗਤ ਕੀਤਾ। ਉਨ੍ਹਾਂ ਪ੍ਰਾਚੀਨ ਫਤਿਹ ਚੰਦ ਮੰਦਰ ਵਿੱਚ ਸੰਕਟ ਮੋਚਨ ਦੇ ਚਰਨਾਂ ਵਿੱਚ ਮੱਥਾ ਟੇਕਿਆ।

ਉੱਥੇ, ਉਨ੍ਹਾਂ ਨੇ ਮੰਦਰ ਦੇ ਸੰਚਾਲਕ ਪੰਡਿਤ ਸੁਸ਼ੀਲ ਕੁਮਾਰ ਸ਼ਰਮਾ ਨਾਲ ਮੁਲਾਕਾਤ ਕੀਤੀ ਅਤੇ ਫਿਰ ਸ਼੍ਰੀ ਰਾਮ ਲੱਲਾ ਦੇ ਚਰਨਾਂ ਵਿੱਚ ਮੱਥਾ ਟੇਕਿਆ।

ਪ੍ਰਾਰਥਨਾ ਕਰਨ ਅਤੇ ਸਥਾਨਕ ਲੋਕਾਂ ਨਾਲ ਮੁਲਾਕਾਤ ਕਰਨ ਤੋਂ ਬਾਅਦ ਸਪੀਕਰ ਨੇ ਰਾਮ ਭਗਤ ਸੰਕਟ ਮੋਚਨ ਹਨੂੰਮਾਨ ਦੇ ਅਸਥਾਨ 'ਤੇ ਮੱਥਾ ਟੇਕਿਆ ਅਤੇ ਰਾਜ ਦੀ ਭਲਾਈ ਲਈ ਪ੍ਰਾਰਥਨਾ ਕੀਤੀ। ਪ੍ਰਾਰਥਨਾ ਤੋਂ ਬਾਅਦ ਰਵਾਨਾ ਹੋਣ 'ਤੇ ਸਪੀਕਰ ਨੇ ਜਨਤਾ ਦੀਆਂ ਸ਼ੁਭਕਾਮਨਾਵਾਂ ਵੀ ਸਵੀਕਾਰ ਕੀਤੀਆਂ। ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਨੇ ਲੋਕਾਂ ਦੀਆਂ ਸਮੱਸਿਆਵਾਂ ਨੂੰ ਬਹੁਤ ਧਿਆਨ ਨਾਲ ਸੁਣਿਆ ਅਤੇ ਉਨ੍ਹਾਂ ਨੂੰ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ।

ਪੰਡਿਤ ਸੁਸ਼ੀਲ ਕੁਮਾਰ ਸ਼ਰਮਾ ਨੇ ਉਨ੍ਹਾਂ ਨੂੰ ਆਉਣ ਵਾਲੀਆਂ ਚੋਣਾਂ ਵਿੱਚ ਪਹਿਲਾਂ ਨਾਲੋਂ ਵੀ ਜ਼ਿਆਦਾ ਵੋਟਾਂ ਦੇ ਫਰਕ ਨਾਲ ਜਿੱਤ ਅਤੇ ਉਨ੍ਹਾਂ ਦੇ ਮੌਜੂਦਾ ਨਾਲੋਂ ਉੱਚੇ ਅਹੁਦੇ ਦਾ ਆਸ਼ੀਰਵਾਦ ਦਿੱਤਾ। ਇਸ ਮੌਕੇ ਮੰਦਿਰ ਵਿਖੇ ਹਾਜ਼ਰ ਸੰਗਤਾਂ ਵਿੱਚ ਰਾਜੀਵ ਗੋਇਲ ਬਿੱਟੂ ਬਾਦਲ, ਜਥੇਦਾਰ ਗੁਰਮੀਤ ਸਿੰਘ ਦਬੜੀਖਾਨਾ, ਜਥੇਦਾਰ ਨਛੱਤਰ ਸਿੰਘ ਦਬੜੀਖਾਨਾ, ਸੀਨੀਅਰ ਪੱਤਰਕਾਰ ਨਰੇਸ਼ ਸੇਠੀ, ਡਾ ਬ੍ਰਿਜੇਸ਼ ਜੋਸ਼ੀ, ਸੋਨੂੰ ਗਰਗ ਜਿੰਮਵਾਲਾ, ਡਾ ਅਮ੍ਰਿਤ ਲਾਲ ਕਟਾਰੀਆ, ਡਾ ਵਿਜੇ ਸਿੰਗਲਾ, ਲਵੀਸ਼ ਸਿੰਗਲਾ ਆਰ.ਏ., ਬਾਬਾ ਕਰਮਜੀਤ ਦਬੜੀਖਾਨਾ ਵਾਲੇ, ਸਾਹਿਲ ਸ਼ਰਮਾ, ਗਗਨ ਸਿੰਗਲਾ ਖੱਦਰ ਭੰਡਾਰ ਆਦਿ ਹਾਜ਼ਰ ਰਹੇ । ਫੋਟੋ ਕੈਪਸ਼ਨ: ਪੰਜਾਬ ਵਿਧਾਨ ਸਭਾ ਦੇ ਸਪੀਕਰ ਸਰਦਾਰ ਕੁਲਤਾਰ ਸਿੰਘ ਸੰਧਵਾਂ ਪ੍ਰਾਚੀਨ ਫਤਿਹਚੰਦ ਮੰਦਿਰ ਵਿਖੇ ਮੱਥਾ ਟੇਕਣ ਉਪਰੰਤ ਲੋਕਾਂ ਨੂੰ ਮਿਲਦੇ ਹੋਏ।

# ਮਦਰਜ਼ ਡੇ ਮੌਕੇ 393 ਵੂਮੈਨ ਫੋਰਮ ਵੱਲੋਂ ਇੰਟਰਐਕਟਿਵ ਵੈਲਨੈੱਸ ਵਰਕਸ਼ਾਪ ਦਾ ਆਯੋਜਨ



**ਲੁਧਿਆਣਾ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਮਦਰਜ਼ ਡੇ ਦੇ ਮੌਕੇ ਤੇ 393" ਵੂਮੈਨ ਫੋਰਮ ਵੱਲੋਂ ਇੱਕ ਵਿਸ਼ੇਸ਼ ਵੈਲਨੈੱਸ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ।

ਇਸ ਵਰਕਸ਼ਾਪ ਦੀ ਅਗਵਾਈ ਪ੍ਰਸਿੱਧ ਵੈਲਨੈੱਸ ਅਤੇ ਸਕਿਨਕੇਅਰ ਵਿਸ਼ੇਸ਼ਗਿਆ ਡਾ. ਸਿਮਰਨ ਕੌਰ ਅਤੇ ਡਾ. ਦਿਵਨੀਤ ਨੇ ਕੀਤੀ, ਜੋ ਡਰਮਾ ਬੇ (Derma Bay) ਬ੍ਰਾਂਡ ਦੀ ਸੰਸਥਾਪਕ ਹਨ।

393" ਵੂਮੈਨ ਫੋਰਮ ਦੀ ਮੁਖੀ ਰਜਨੀ ਸੇਠੀ ਨੇ ਸਮਾਗਮ ਵਿੱਚ ਹਾਜ਼ਰ ਮੈਂਬਰਾਂ ਦਾ ਸਵਾਗਤ ਕਰਦਿਆਂ ਵਿਸ਼ੇਸ਼ਗਿਆਨਾਂ ਨਾਲ ਜਾਣ-ਪਛਾਣ ਕਰਵਾਈ। ਇਸ ਮੌਕੇ ਉਨ੍ਹਾਂ ਕਿਹਾ ਕਿ ਇੱਕ ਮਾਂ ਦੀ ਤਾਕਤ ਸਿਰਫ਼ ਹੋਰਾਂ ਦੀ ਸੰਭਾਲ ਕਰਨ ਵਿੱਚ ਨਹੀਂ, ਸਗੋਂ ਆਪਣੇ ਆਪ ਦੀ ਸੰਭਾਲ ਕਰਨ ਵਿੱਚ ਵੀ ਹੁੰਦੀ ਹੈ।

ਵਰਕਸ਼ਾਪ ਦੌਰਾਨ ਮੈਂਬਰਾਂ ਨੂੰ ਸਕਿਨਕੇਅਰ ਨਾਲ ਸੰਬੰਧਿਤ ਮਹੱਤਵਪੂਰਨ ਜਾਣਕਾਰੀ ਦਿੱਤੀ ਗਈ ਅਤੇ ਉਨ੍ਹਾਂ ਦੇ ਚਮੜੀ ਨਾਲ ਜੁੜੇ ਸਵਾਲਾਂ ਦੇ ਵਿਸਥਾਰ ਨਾਲ ਜਵਾਬ ਦਿੱਤੇ ਗਏ। ਸੈਸ਼ਨ ਬਹੁਤ ਹੀ ਜਾਣਕਾਰੀਭਰਪੂਰ ਅਤੇ ਇੰਟਰਐਕਟਿਵ ਰਿਹਾ, ਜਿਸ ਵਿੱਚ ਮਨੋਰੰਜਕ ਗਤੀਵਿਧੀਆਂ ਨੇ ਵੀ ਸਮਾਗਮ ਨੂੰ ਰੌਚਕ ਬਣਾਇਆ।

ਮੈਂਬਰਾਂ ਨੂੰ ਡਰਮਾ ਬੇ ਵੱਲੋਂ ਉਪਹਾਰ ਵਜੋਂ ਦਿੱਤੇ ਗਏ ਸਕਿਨਕੇਅਰ ਉਤਪਾਦਾਂ ਨੇ ਖਾਸ ਆਕਰਸ਼ਣ ਪੈਦਾ ਕੀਤਾ। ਹਾਜ਼ਰ ਮੈਂਬਰਾਂ ਨੇ ਇਨ੍ਹਾਂ ਉਤਪਾਦਾਂ ਦੀ ਭਰਪੂਰ ਸਰਾਹਨਾ ਕੀਤੀ ਅਤੇ ਇਸ ਨੂੰ ਵਰਕਸ਼ਾਪ ਦੇ ਸੁਹਾਵਨੇ ਅਨੁਭਵ ਦਾ ਮਹੱਤਵਪੂਰਨ ਹਿੱਸਾ ਦੱਸਿਆ।

ਸਮਾਗਮ ਦੇ ਅੰਤ ਵਿੱਚ ਸ਼ੈਲੀ ਗੁਪਤਾ ਨੇ ਵੈਲਨੈੱਸ ਵਿਸ਼ੇਸ਼ਗਿਆਨਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਰਹਿਨੁਮਾਈ ਅਤੇ ਕੀਮਤੀ ਜਾਣਕਾਰੀ ਨੇ ਮੈਂਬਰਾਂ ਨੂੰ ਆਪਣੇ ਸਿਹਤ ਅਤੇ ਸਕਿਨਕੇਅਰ ਪ੍ਰਤੀ ਹੋਰ ਜਾਗਰੂਕ ਬਣਾਇਆ ਹੈ।

ਇਸ ਮੌਕੇ 393" ਵੂਮੈਨ ਫੋਰਮ ਵੱਲੋਂ ਡਾ. ਸਿਮਰਨ ਕੌਰ ਅਤੇ ਡਾ. ਦਿਵਨੀਤ ਨੂੰ ਉਨ੍ਹਾਂ ਦੇ ਵਿਸ਼ੇਸ਼ ਯੋਗਦਾਨ ਲਈ ਸਰਟੀਫਿਕੇਟ ਆਫ ਰਿਕੋਗਨੀਸ਼ਨ ਨਾਲ ਵੀ ਸਨਮਾਨਿਤ ਕੀਤਾ ਗਿਆ।

# ਨਗਰ ਕੌਂਸਲ ਜੈਤੋ ਦੇ ਸ.ਫਾਈ ਸੇਵਕਾਂ ਦੀ ਹੜਤਾਲ ਜਾਰੀ

**ਜੈਤੋ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਪੂਰੇ ਪੰਜਾਬ ਵਿੱਚਲੀਆਂ ਨਗਰ ਕੌਂਸਲਾਂ ਅਤੇ ਨਗਰ ਨਿਗਮਾਂ ਦੇ ਸਫ਼ਾਈ ਸੇਵਕਾਂ ਵੱਲੋਂ ਬੀਤੀ 6 ਮਈ ਤੋਂ ÷ਕੰਮ-ਛੋੜ÷ ਹੜਤਾਲ ਕੀਤੀ ਹੋਈ ਹੈ ਜਿਸਦੇ ਤਹਿਤ ਨਗਰ ਕੌਂਸਲ ਜੈਤੋ ਦੇ ਸਫ਼ਾਈ ਸੇਵਕ ਵੀ 6 ਮਈ ਤੋਂ ਅਣ ਮਿੱਥੇ ਸਮੇਂ ਲਈ ਹੜਤਾਲ ਤੇ ਬੈਠੇ ਹਨ। ਸਫ਼ਾਈ ਸੇਵਕਾਂ ਦੀਆਂ ਮੁੱਖ ਮੰਗਾਂ ਜੋ ਕਿ ਕਨਟ੍ਰੈਕਟ ਬੇਸ ਤੇ ਕੰਮ ਕਰਦੇ ਸਫ਼ਾਈ ਸੇਵਕਾਂ ਨੂੰ ਫੌਰੀ ਤੌਰ ਤੇ ਪੱਕੇ ਕਰਨ ਸੰਬੰਧੀ, ਠੇਕਾ ਪ੍ਰਣਾਲੀ ਬੰਦ ਕਰਨ ਸੰਬੰਧੀ, ਆਊਟਸੋਰਸ ਰਾਹੀਂ ਕੰਮ ਕਰਦੇ ਮਾਲੀ, ਬੇਲਦਾਰ, ਸੇਵਾਦਾਰ, ਇਲੈਕਟ੍ਰਿਸ਼ਨ,ਪੰਪ ਅਪਰੇਟਰ, ਕੰਪਿਊਟਰ ਅਪਰੇਟਰ, ਕਲਰਕ, ਡਰਾਈਵਰ, ਠੇਕੇਦਾਰ ਰਾਹੀਂ ਕੰਮ ਕਰਦੇ ਸਫ਼ਾਈ ਸੇਵਕ, ਸੀਵਰਮੈਨ, ਅਤੇ ਫਾਇਰ ਬ੍ਰਿਗੇਡ ਦੇ ਮੁਲਾਜ਼ਮਾਂ ਨੂੰ ਰੈਗੂਲਰ ਪੋਸਟਾਂ ਤੇ ਵਿਭਾਗਾਂ ਦੇ ਅਧੀਨ ਕੀਤਾ ਜਾਵੇ। ਪੰਜਾਬ ਸਰਕਾਰ ਵੱਲੋਂ ਸਾਲ 2023 ਵਿੱਚ ਮੁਲਾਜ਼ਮ ਪੱਕੇ ਕਰਨ ਸੰਬੰਧੀ ਬਣਾਈ ਗਈ 10 ਸਾਲਾ ਪਾਲਿਸੀ ਨੂੰ ਰੱਦ ਕਰਕੇ ਮਿਉਂਸਪਲ ਮੁਲਾਜ਼ਮਾਂ ਨੂੰ ਤਿੰਨ ਸਾਲਾ ਕਾਰਜਕਾਲ



ਪੂਰਾ ਹੋਣ ਤੇ ਸਮੇਤ ਸਾਰੀਆਂ ਸਹੂਲਤਾਂ ਦੇ ਪੱਕਾ ਕੀਤਾ ਜਾਵੇ। ਮਿਤੀ 23-06-2021 ਨੂੰ ਜਾਰੀ ਨੋਟੀਫਿਕੇਸ਼ਨ ਦੇ ਆਧਾਰ ਤੇ ਪੈਂਡਿੰਗ ਰਹਿੰਦੇ ਸਮੂਹ ਆਊਟਸੋਰਸਿਜ ਸਫ਼ਾਈ ਸੇਵਕਾਂ ਅਤੇ ਸੀਵਰਮੈਨਾਂ ਨੂੰ ਬਿਨਾਂ ਸ਼ਰਤ ਵਿਭਾਗ ਦੇ ਅਧੀਨ ਕੀਤਾ ਜਾਵੇ। ਆਊਟਸੋਰਸਿਜ ਅਤੇ ਕਨਟ੍ਰੈਕਟ ਬੇਸਿਜ ਮਿਉਂਸਪਲ ਮੁਲਾਜ਼ਮਾਂ ਦੀ ਤਨਖ਼ਾਹ ਵਿੱਚ ਬਰਾਬਰ ਕੰਮ ਬਰਾਬਰ ਤਨਖ਼ਾਹ ਦਾ ਵਾਧਾ ਕੀਤਾ ਜਾਵੇ। ਯੂ ਪੀ ਐੱਸ ਰੱਦ ਕਰਕੇ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ। 31-12-2011 ਤੱਕ ਲਈ ਗਈ ਪੈਨਸ਼ਨ ਸੰਬੰਧੀ ਆਪਸ਼ਨ ਦੀ ਪੈਨਸ਼ਨ ਲਗਾਈ ਜਾਵੇ। ਨਗਰ ਪੰਚਾਇਤਾਂ ਵਿੱਚ ਈ ਪੀ ਐੱਫ ਸਕੀਮ ਲਾਗੂ ਕੀਤੀ ਜਾਵੇ। ਸਫ਼ਾਈ ਕਰਮਚਾਰੀਆਂ ਨੂੰ ਮਿਲਦੇ ਭੱਤਿਆਂ ਵਿੱਚ ਚਾਰ ਗੁਣਾ ਵਾਧਾ ਕੀਤਾ ਜਾਵੇ। ਸਫ਼ਾਈ ਕਰਮਚਾਰੀਆਂ ਦੀ ਭਰਤੀ ਵਿੱਚ ਰੋਸਟਰ ਨਿਯਮਾਂ ( ਰਾਖਵੇਂਕਰਨ ) ਨੂੰ ਖ਼ਤਮ ਕੀਤਾ ਜਾਵੇ। ਤਰਸ ਆਧਾਰਿਤ ਨੌਕਰੀ ਬਿਨਾਂ ਸ਼ਰਤ ਦਿੱਤੀ ਜਾਵੇ ਅਤੇ ਇਹ ਸੁਵਿਧਾ ਆਊਟਸੋਰਸ ਅਤੇ ਕਨਟ੍ਰੈਕਟ ਬੇਸ ਮੁਲਾਜ਼ਮਾਂ ਉੱਤੇ ਵੀ ਲਾਗੂ ਕੀਤੀ ਜਾਵੇ। ਤਨਖਾਹਾਂ ਸਮੇਂ ਸਿਰ ਦੇਣ ਲਈ ਜੀ ਐੱਸ ਟੀ ਦੀ ਰਾਸ਼ੀ ( ਹਿੱਸੇ ) ਵਿੱਚ ਵਾਧਾ ਕੀਤਾ ਜਾਵੇ। ਪੇਅ ਕਮਿਸ਼ਨ ਦਾ ਬਕਾਇਆ ਅਤੇ ਡੀ ਏ ਦੀਆਂ ਕਿਸ਼ਤਾਂ ਜ਼ਲਦ ਜਾਰੀ ਕੀਤੀਆਂ ਜਾਣ। ਮੁਲਾਜ਼ਮਾਂ ਨੂੰ ਕਿੱਤਾ ਟੈਕਸ 200 ਰੁਪਏ ਤੋਂ ਛੋਟ ਦਿੱਤੀ ਜਾਵੇ। ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਕੰਮ ਕਰਦੇ ਕਲਰਕ ਦੀ ਪੰਦਰਾਂ ਸਾਲ ਦੀ ਸਰਵਿਸ ਪੂਰੀ ਹੋਣ ਤੇ ਲਾਜ਼ਮੀ ਇੰਸਪੈਕਟਰ ਅਤੇ ਪੰਪ ਅਪਰੇਟਰ ਦੀ ਪੰਦਰਾਂ ਸਾਲ ਦੀ ਸਰਵਿਸ ਤੇ ਲਾਜ਼ਮੀ ਜੇ. ਈ. ਬਣਾਇਆ ਜਾਵੇ। ਸਫ਼ਾਈ ਸੇਵਕਾਂ, ਸੀਵਰਮੈਨਾਂ ਅਤੇ ਫਾਇਰਮੈਨਜ਼ ਦਾ ਐਕਸੀਡੈਂਟਲ ਬੀਮਾ 10 ਲੱਖ ਤੋਂ ਵਧਾ ਕੇ 20 ਲੱਖ ਰੁਪਏ ਕੀਤਾ ਜਾਵੇ ਅਤੇ ਇਹ ਬੀਮਾ ਹਰ ਸਾਲ ਕਰਵਾਉਣਾ ਯਕੀਨੀ ਬਣਾਇਆ ਜਾਵੇ। ਸ਼ਹਿਰੀ ਸਥਾਨਕ ਸੰਸਥਾਵਾਂ ਵਿੱਚ ਨਵ-ਨਿਯੁਕਤ ਕਰਮਚਾਰੀਆਂ ਦਾ ਪਰਖ਼ਕਾਲ ਸਮਾਂ ਦੋ ਸਾਲ ਕੀਤਾ ਜਾਵੇ ਅਤੇ ਪਰਖ਼ਕਾਲ ਸਮੇਂ ਦੌਰਾਨ ਸਮੇਤ ਭੱਤੇ ਪੂਰੀ ਤਨਖ਼ਾਹ ਦਿੱਤੀ ਜਾਵੇ। ਨਗਰ ਪੰਚਾਇਤਾਂ ਵਿੱਚ ਕੰਮ ਕਰਦੇ ਕੱਚੇ ਮੁਲਾਜ਼ਮਾਂ ਤੇ ਈ ਪੀ ਐੱਫ ਸੁਵਿਧਾ ਲਾਗੂ ਕੀਤੀ ਜਾਵੇ। ਮਿਤੀ 23-06-2021 ਨੂੰ ਜਾਰੀ ਨੋਟੀਫਿਕੇਸ਼ਨ ਅਤੇ ਮਿਤੀ 01-07-2021 ਨੂੰ ਹੋਏ ਫੈਸਲੇ ਅਨੁਸਾਰ ਪੰਜਾਬ ਵਾਟਰ ਸਪਲਾਈ ਅਤੇ ਸੀਵਰੇਜ ਬੋਰਡ ਵਿੱਚ ਕੰਮ ਕਰਦੇ ਆਊਟਸੋਰਸਿਜ ਸੀਵਰਮੈਨਾਂ ਨੂੰ ਬਿਨਾਂ ਸ਼ਰਤ ਵਿਭਾਗ ਦੇ ਅਧੀਨ ਕੀਤਾ ਜਾਵੇ।

ਇਸ ਮੌਕੇ ਡਾ. ਬਲਵਿੰਦਰ ਸਿੰਘ ਸਾਬਕਾ ਵਾਈਸ ਪ੍ਰਧਾਨ ਨਗਰ ਕੌਂਸਲ ਜੈਤੋ ਵੀ ਵਿਸ਼ੇਸ਼ ਤੌਰ ਤੇ ਸਫ਼ਾਈ ਸੇਵਕਾਂ ਦੀ ਇਸ ਹੜਤਾਲ ਵਿੱਚ ਪਹੁੰਚੇ ਅਤੇ ਸਫ਼ਾਈ ਸੇਵਕਾਂ ਦੇ ਭਰਵੇਂ ਇਕੱਠ ਨੂੰ ਸੰਬੋਧਨ ਕਰਦਿਆਂ ਆਖਿਆ ਕਿ ਉਹ ਹਮੇਸ਼ਾ ਹੀ ਸਫ਼ਾਈ ਕਰਮਚਾਰੀਆਂ ਦੇ ਮੋਢੇ ਨਾਲ ਮੋਢਾ ਲਾ ਕੇ ਖੜ੍ਹੇ ਹਨ, ਡਾ. ਬਲਵਿੰਦਰ ਨੇ ਆਪਣੇ ਸੰਬੋਧਨ ਵਿੱਚ ਆਖਿਆ ਕਿ ਪੰਜਾਬ ਸਰਕਾਰ ਨੂੰ ਫੌਰੀ ਤੌਰ ਤੇ ਸਫ਼ਾਈ ਸੇਵਕਾਂ ਦੀਆਂ ਮੰਗਾਂ ਨੂੰ ਮੰਨਦੇ ਹੋਏ ਕਨਟ੍ਰੈਕਟ ਬੇਸ ਸਫ਼ਾਈ ਸੇਵਕਾਂ ਨੂੰ, ਠੇਕੇਦਾਰ ਅਧੀਨ ਕੰਮ ਕਰਦੇ ਮੁਲਾਜ਼ਮਾਂ ਨੂੰ, ਸੀਵਰਮੈਨਾਂ ਨੂੰ, ਪੰਪ ਅਪਰੇਟਰਾਂ ਨੂੰ ਅਤੇ ਡਾਟਾ ਕਲਰਕਾਂ ਨੂੰ ਪੱਕਿਆਂ ਕੀਤਾ ਜਾਵੇ, ਨਾਲ ਹੀ ਡਾ. ਬਲਵਿੰਦਰ ਨੇ ਦੱਸਿਆ ਕਿ ਉਹਨਾਂ ਵੱਲੋਂ ਸਫ਼ਾਈ ਸੇਵਕਾਂ ਦੀਆਂ ਉਕਤ ਮੰਗਾਂ ਸੰਬੰਧੀ ਮਾਣਯੋਗ ਮੁੱਖ ਮੰਤਰੀ ਪੰਜਾਬ ਸ੍ਰ. ਭਗਵੰਤ ਮਾਨ ਜੀ ਨੂੰ ਆਪਣੇ ਲੈਟਰ ਪੈਡ ਉੱਤੇ ਲਿਖਤੀ ਚਿੱਠੀ ਵੀ ਭੇਜੀ ਹੈ ਤਾਂ ਜੋ ਇਸ ਬੇਹੱਦ ਜ਼ਰੂਰੀ ਮਸਲੇ ਦਾ ਹੱਲ ਹੋ ਸਕੇ। ਇਸ ਉਪਰੰਤ ਸਫ਼ਾਈ ਸੇਵਕ ਯੂਨੀਅਨ ਜੈਤੋ ਦੇ ਚੇਅਰਮੈਨ ਅਤੇ ਜ਼ਿਲ੍ਹਾ ਫ਼ਰੀਦਕੋਟ ਦੇ ਸੀਨੀਅਰ ਮੀਤ ਪ੍ਰਧਾਨ ਰਾਮ ਕਰਨ ਨੇ ਪੰਜਾਬ ਸਰਕਾਰ ਤੇ ਗਰਜਦਿਆਂ ਆਖਿਆ ਕਿ ਜੇਕਰ ਪੰਜਾਬ ਸਰਕਾਰ ਨੇ ਸਾਡੀਆਂ ਹੱਕੀ ਅਤੇ ਜਾਇਜ ਮੰਗਾਂ ਨਾਂ ਮੰਨੀਆਂ ਤਾਂ ਅਸੀਂ ਆਪਣੇ ਇਸ ਸੰਘਰਸ਼ ਨੂੰ ਹੋਰ ਤੇਜ਼ ਅਤੇ ਤਿੱਖਾ ਕਰਾਂਗੇ। ਇਸ ਮੌਕੇ ਸਫ਼ਾਈ ਸੇਵਕ ਯੂਨੀਅਨ ਜੈਤੋ ਦੇ ਪ੍ਰਧਾਨ ਰਜੇਸ਼ ਕੁਮਾਰ ਸਾਰਸਰ ਅਤੇ ਸਟੇਜ ਸੈਕਟਰੀ ਰਮੇਸ਼ ਕੁਮਾਰ ਭੰਵਰ ਨੇ ਵੀ ਸੰਬੋਧਨ ਕੀਤਾ ਅਤੇ ਸਰਕਾਰ ਨੂੰ ਕੋਸਦਿਆਂ ਕਿਹਾ ਕਿ ਸਾਡੀਆਂ ਗਰੀਬਾਂ ਦੀਆਂ ਮੰਗਾਂ ਛੇਤੀ ਤੋਂ ਛੇਤੀ ਪੂਰੀਆਂ ਜਾਣ। ਇਸ ਮੌਕੇ ਯੂਨੀਅਨ ਦੇ ਸਰਪ੍ਰਸਤ ਮੁਨਸ਼ੀ ਰਾਮ, ਖਜ਼ਾਨਚੀ ਬਾਲ ਕ੍ਰਿਸ਼ਨ ਬਾਲਾ, ਸੀਨੀਅਰ ਮੀਤ ਪ੍ਰਧਾਨ ਜੈਤੋ ਰਾਕੇਸ਼ ਕੁਮਾਰ ਗੋਗੀ, ਸਾਬਕਾ ਪ੍ਰਧਾਨ ਰਾਕੇਸ਼ ਕੁਮਾਰ ਰਿੰਕੂ, ਸੈਕਟਰੀ ਕਰਮੂ, ਮੈਂਬਰ ਪਵਨ ਕੁਮਾਰ, ਵਿਕਰਮ ਕੁਮਾਰ, ਕਮਲ ਸਾਰਸਰ, ਰਾਜੂ ਮੇਟ, ਗਰੀਬੂ ਮੇਟ ਅਤੇ ਭਾਰੀ ਗਿਣਤੀ ਵਿੱਚ ਔਰਤਾਂ ਅਤੇ ਮਰਦ ਸਫ਼ਾਈ ਸੇਵਕ ਹਾਜ਼ਰ ਸਨ।

# ਵਿਧਾਇਕ ਦੇਵ ਮਾਨ ਨੇ ਮੇਘ ਕਲੋਨੀ ਵਿਖੇ ਵਿਕਾਸ ਕਾਰਜਾਂ ਦਾ ਕੀਤਾ ਉਦਘਾਟਨ



**ਨਾਭਾ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਦੇ ਪਿੰਡਾਂ ਨੂੰ ਵਿਕਾਸ ਕਾਰਜਾਂ ਲਈ ਲਗਾਤਾਰ ਗਰਾਂਟਾਂ ਜਾਰੀ ਕੀਤੀਆਂ ਜਾ ਰਹੀਆਂ ਨੇ ਜਿਸ ਤਹਿਤ ਹਲਕਾ ਨਾਭਾ ਦੇ ਪਿੰਡ ਮੇਘ ਕਲੋਨੀ ਵਿਖੇ ਪਿਛਲੇ ਦਿਨੀ ਪੰਜਾਬ ਸਰਕਾਰ ਵੱਲੋਂ ਗਰਾਂਟ ਜਾਰੀ ਕੀਤੀ ਗਈ ਜਿਸ ਨਾਲ ਪਿੰਡ ਵਿੱਚ ਵਿਕਾਸ ਕਾਰਜ ਕਰਵਾਏ ਜਾ ਰਹੇ ਹਨ ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਦੇਵ ਸਿੰਘ ਦੇ ਮਾਨ ਵੱਲੋਂ ਮੇਘ ਕਲੋਨੀ ਦੇ ਵਾਰਡ ਨੰਬਰ 7 ਵਿੱਚ ਤਕਰੀਬਨ 10 ਲੱਖ ਰੁਪਏ ਦੀ ਲਾਗਤ ਕੀਤੇ ਗਏ ਵਿਕਾਸ ਕਾਰਜਾਂ ਦਾ ਉਦਘਾਟਨ ਕਰਨ ਉਪਰੰਤ ਕੀਤਾ ਉਹਨਾਂ ਦੱਸਿਆ ਕਿ ਇਸ ਵਾਰਡ ਵਿੱਚ 3 ਲੱਖ ਰੁਪਏ ਦੀ ਲਾਗਤ ਨਾਲ ਗੰਦੇ ਪਾਣੀ ਦੀ ਨਿਕਾਸੀ ਲਈ ਖੂਹ ਬਣਾਏ ਗਏ ਹਨ ਅਤੇ ਤਕਰੀਬਨ 7 ਲੱਖ ਰੁਪਏ ਦੀ ਲਾਗਤ ਨਾਲ ਨਵੀਆਂ ਇੰਟਰਲਾਕ ਟਾਇਲਾਂ ਵਾਲੀਆਂ ਗਲੀਆਂ ਬਣਾਈਆਂ ਗਈਆਂ ਹਨ ਇਸ ਮੌਕੇ ਪਿੰਡ ਵਾਸੀਆਂ ਵੱਲੋਂ ਵਿਧਾਇਕ ਦੇਵ ਮਾਨ ਦਾ ਸਨਮਾਨ ਵੀ ਕੀਤਾ ਗਿਆ ਇਸ ਮੌਕੇ ਉਨਾਂ ਦੇ ਨਾਲ ਤੇਜਿੰਦਰ ਸਿੰਘ ਖਹਿਰਾ ਵਾਇਸ ਪ੍ਰਧਾਨ ਯੂਥ , ਭੁਪਿੰਦਰ ਸਿੰਘ ਕੱਲਰ ਮਾਜਰੀ ਵਾਇਸ ਚੇਅਰਮੈਨ , ਕਰਮਜੀਤ ਸਿੰਘ ਅਲਹੋਰਾਂ ਪ੍ਰਧਾਨ ਆੜਤੀਆਂ ਐਸੋਸੀਏਸ਼ਨ , ਵਰਿੰਦਰ ਕੌਰ ਅਟਵਾਲ ਮੈਂਬਰ ਬਲਾਕ ਸੰਮਤੀ , ਕੁਲਵੰਤ ਸਿੰਘ ਅਟਵਾਲ ਸਰਪੰਚ , ਜਸਵੀਰ ਸਿੰਘ ਵਜੀਦਪੁਰ , ਬਹਾਦਰ ਸਿੰਘ ਸਰਪੰਚ , ਗੋਨਾ ਗਰਗ , ਰਣਜੀਤ ਸਿੰਘ ਜੱਜ ਸਰਪੰਚ, ਸਤਨਾਮ ਸਿੰਘ ਢੀਂਡਸਾ, ਗੁਰਮੀਤ ਸਿੰਘ ਸਾਬਕਾ ਸਰਪੰਚ, ਕਮਲਪ੍ਰੀਤ ਕੌਰ ਪੰਚ , ਰਾਮ ਰਤਨ ਸਿੰਘ , ਪਰਮਜੀਤ ਕੌਰ , ਮਨਦੀਪ ਕੌਰ , ਤਾਰਿੰਦਰ ਸਿੰਘ ਪੰਚ , ਬਲਦੇਵ ਸਿੰਘ , ਪਰਮਜੀਤ ਸਿੰਘ ਰਾਜਗੜ ਅਤੇ ਪਿੰਡ ਵਾਸੀ ਮੌਜੂਦ ਸਨ

# ਸਰਸਵਤੀ ਸਮਾਰਟ ਪਲੇਵੇਅ ਸਕੂਲ ਵਿਖੇ ਮਾਂ ਦਿਵਸ ਉਤਸ਼ਾਹ ਨਾਲ ਮਨਾਇਆ ਗਿਆ

**ਨਾਭਾ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਥਾਨਕ ਸਰਸਵਤੀ ਸਮਾਰਟ ਪਲੇਵੇਅ ਸਕੂਲ ਵਿਖੇ ਸਕੂਲ ਪ੍ਰਿੰਸੀਪਲ ਵਿਨੀਤਾ ਮਿੱਤਲ ਦੀ ਅਗਵਾਈ ਹੇਠ ਮਾਂ ਦਿਵਸ ਬਹੁਤ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ ਗਿਆ। ਵਿਦਿਆਰਥੀਆਂ ਦੀਆਂ ਮਾਵਾਂ ਲਈ ਇੱਕ ਵਿਸ਼ੇਸ਼ ਪ੍ਰੋਗਰਾਮ ਆਯੋਜਿਤ ਕੀਤਾ ਗਿਆ, ਜਿਸ ਵਿੱਚ ਸਾਰੀਆਂ ਮਾਵਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।



ਪ੍ਰੋਗਰਾਮ ਦੌਰਾਨ, ਰਿਸ਼ਿਤ ਸੇਠੀ, ਸ਼ਰਵਿਆ ਮਿੱਤਲ, ਅਨਯੇਸ਼ਾ ਸਿੰਗਲਾ, ਹਾਰਦਿਕ ਮਹੇਸ਼ਵਰੀ, ਸ਼ੌਰਿਆ ਗੁਪਤਾ, ਅਯਾਨ ਮੋਂਗਾ, ਕ੍ਰਿਤੀ ਬਾਂਸਲ, ਅੰਸ਼ਿਕਾ ਵਰਮਾ ਅਤੇ ਜਸਮੀਤ ਕੌਰ ਸਮੇਤ ਛੋਟੇ ਬੱਚਿਆਂ ਨੇ ਆਪਣੇ ਰੰਗੀਨ ਡਾਂਸ ਪ੍ਰਦਰਸ਼ਨਾਂ ਨਾਲ ਸਾਰਿਆਂ ਨੂੰ ਮੋਹਿਤ ਕੀਤਾ। ਦਰਸ਼ਕਾਂ ਨੇ ਬੱਚਿਆਂ ਦੇ ਪ੍ਰਦਰਸ਼ਨਾਂ ਦੀ ਬਹੁਤ ਪ੍ਰਸ਼ੰਸਾ ਕੀਤੀ। ਮਾਂ ਦਿਵਸ ਪ੍ਰੋਗਰਾਮ ਵਿੱਚ ਕਈ ਦਿਲਚਸਪ ਮੁਕਾਬਲੇ ਸ਼ਾਮਲ ਸਨ, ਜਿਨ੍ਹਾਂ ਵਿੱਚ ਇੱਕ ਡਾਂਸ ਮੁਕਾਬਲਾ, ਅੱਗ ਤੋਂ ਬਿਨਾਂ ਖਾਣਾ ਪਕਾਉਣਾ, ਇੱਕ ਗਾਇਨ ਮੁਕਾਬਲਾ, ਇੱਕ ਤੰਬੋਲਾ ਖੇਡ ਅਤੇ ਇੱਕ ਮਿੰਟ ਦਾ ਖੇਡ ਸ਼ਾਮਲ ਸੀ।

ਹਾਰਦਿਕ ਮਹੇਸ਼ਵਰੀ ਅਤੇ ਉਸਦੀ ਮਾਂ ਨੇ ਡਾਂਸ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਅਨਯੇਸ਼ਾ ਸਿੰਗਲਾ ਅਤੇ ਉਸਦੀ ਮਾਂ ਨੇ ਦੂਜਾ ਸਥਾਨ ਪ੍ਰਾਪਤ ਕੀਤਾ, ਅਤੇ ਗੁਣਵੀ ਅਤੇ ਉਸਦੀ ਮਾਂ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

ਕੁਕਿੰਗ ਵਿਦਾਊਟ ਫਾਇਰ÷ ਮੁਕਾਬਲੇ ਵਿੱਚ ਅਰਿਕਾ ਮਿੱਤਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦੋਂ ਕਿ ਵਾਣੀ ਡੋਡ ਅਤੇ ਗੀਨੂ ਸਿੰਗਲਾ ਕ੍ਰਮਵਾਰ ਦੂਜੇ ਅਤੇ ਤੀਜੇ ਸਥਾਨ 'ਤੇ ਰਹੀਆਂ। ਗਾਇਨ ਮੁਕਾਬਲੇ ਵਿੱਚ ਤੁਲਸੀ ਬਾਂਸਲ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ। ਸ਼੍ਰੀਮਤੀ ਸ਼ਾਹਿਦਾ ਪਰਵੀਨ ਨੂੰ ਸਰਵੋਤਮ ਮਾਂ ਦਾ ਪੁਰਸਕਾਰ ਦਿੱਤਾ ਗਿਆ। ਅਗਮਬੀਰ ਸਿੰਘ ਦੀ ਮਾਤਾ ਪਵਜੀਤ ਕੌਰ ਨੇ ਇੱਕ ਮਿੰਟ ਗੇਮ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ।

ਸ਼੍ਰਵਿਆ ਮਿੱਤਲ ਅਤੇ ਉਸਦੀ ਮਾਤਾ ਨੇ ਰੈਂਪ ਸ਼ੋਅ ਮੁਕਾਬਲੇ ਵਿੱਚ ਪਹਿਲਾ ਸਥਾਨ ਪ੍ਰਾਪਤ ਕੀਤਾ, ਅਤੇ ਦਿਵਯਾਂਸ਼ ਸਿੰਘ ਅਤੇ ਉਸਦੀ ਮਾਤਾ ਨੇ ਦੂਜਾ ਸਥਾਨ ਪ੍ਰਾਪਤ ਕੀਤਾ। ਸਾਰੀਆਂ ਮਾਵਾਂ ਨੇ ਪ੍ਰੋਗਰਾਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਮੈਡਮ ਨੀਰਾ ਗੋਇਲ, ਮੈਡਮ ਸਪਨਾ ਰੋਮਾਨਾ ਅਤੇ ਸਟਾਫ ਮੈਂਬਰਾਂ ਨੇ ਬਹੁਤ ਜ਼ਿੰਮੇਵਾਰੀ ਨਾਲ ਜੱਜਾਂ ਵਜੋਂ ਸੇਵਾ ਨਿਭਾਈ। ਜੇਤੂਆਂ ਨੂੰ ਇਨਾਮਾਂ ਨਾਲ ਸਨਮਾਨਿਤ ਕੀਤਾ ਗਿਆ।

ਇਸ ਮੌਕੇ 'ਤੇ ਬੱਚਿਆਂ ਨੇ ਆਪਣੀਆਂ ਮਾਵਾਂ ਲਈ ਬਣਾਏ ਸੁੰਦਰ ਕਾਰਡ ਵੀ ਪੇਸ਼ ਕੀਤੇ, ਜਿਨ੍ਹਾਂ ਦੀ ਸਾਰਿਆਂ ਨੇ ਬਹੁਤ ਪ੍ਰਸ਼ੰਸਾ ਕੀਤੀ। ਪ੍ਰੋਗਰਾਮ ਦੀ ਪ੍ਰਭਾਵਸ਼ਾਲੀ ਢੰਗ ਨਾਲ ਮੇਜ਼ਬਾਨੀ ਸਕੂਲ ਪ੍ਰਿੰਸੀਪਲ ਮੈਡਮ ਵਿਨੀਤਾ ਮਿੱਤਲ ਦੁਆਰਾ ਬਾਖੂਬ ਕੀਤੀ ਗਈ

# ਨਸ਼ਿਆਂ ਵਿਰੁੱਧ ਸ਼ੁਰੂ ਕੀਤੀ ਦਸਖ਼ਹਤ ਮੁਹਿੰਮ ਦੋਰਾਨ ਨੋਜਵਾਨਾਂ ਵੱਲੋਂ ਵੱਧ ਚੜ੍ਹਕੇ ਸਹਿਯੋਗ ਕਰਨ ਲਈ ਅੱਗੇ ਆਉਣਾ ਸ਼ਲਾਘਾਯੋਗ ਕਦਮ: ਸੁਖਜਿੰਦਰ ਬਾਜਵਾ

**ਪਟਿਆਲਾ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਵੱਲੋਂ ਪੰਜਾਬ ਅਤੇ ਪਟਿਆਲਾ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ, ਪਾਵਰ ਹਾਊਸ ਯੂਥ ਕਲੱਬ, ਯੁਵਕ ਸੇਵਾਵਾਂ ਕਲੱਬ ਦੀਪ ਨਗਰ ਦੇ ਸਹਿਯੋਗ ਨਾਲ ਅਤੇ ਡਾਇਰੈਕਟਰ ਜਨਰਲ ਆਫ਼ ਪੁਲਿਸ ਗੌਰਵ ਯਾਦਵ, ਸਪੈਸ਼ਲ ਡਾਇਰੈਕਟਰ ਜਨਰਲ ਆਫ਼ ਪੁਲਿਸ ਕਾਮਿਊਨਟੀ ਅਫੇਅਰ ਗੁਰਪ੍ਰੀਤ ਕੌਰ ਦਿਓ, ਡੀ ਆਈ ਜੀ ਪਟਿਆਲਾ ਰੇਂਜ ਕੁਲਦੀਪ ਸਿੰਘ ਚਾਹਲ , ਐਸ ਐਸ ਪੀ ਪਟਿਆਲਾ ਵਰੁਣ ਸ਼ਰਮਾ, ਐਸ ਪੀ ਹੈਡਕੁਆਰਟਰ -ਕਮ-ਕਮਾਊਨਟੀ ਅਫਸਰ ਵੈਭਵ ਚੋਧਰੀ ਦੀ ਸਰਪ੍ਰਸਤੀ ਹੇਠ ਪੰਜਾਬ ਪੁਲਿਸ ਵੱਲੋਂ ਸ਼ੁਰੂ ਕੀਤੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਅਤੇ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਨਸ਼ਿਆਂ ਵਿਰੁੱਧ ਜਾਗਰੂਕਤਾ ਸੈਮੀਨਾਰ ਅਤੇ ਨਸ਼ਿਆਂ ਵਿਰੁੱਧ ਨੋਜਵਾਨਾਂ ਨੂੰ ਜਾਗਰੂਕ ਕਰਨ ਲਈ ਦਸਤਖ਼ਤ ਮੁਹਿੰਮ ਦਾ ਆਯੋਜਨ ਕੀਤਾ ਗਿਆ। ਜਿਸ ਵਿਚ ਮੁੱਖ ਮਹਿਮਾਨ ਸੁਖਜਿੰਦਰ ਸਿੰਘ ਬਾਜਵਾ ਇੰਚਾਰਜ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ ਨੇ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ, ਮੈਂਬਰ ਜ਼ਿਲ੍ਹਾ ਸਾਂਝ ਕੇਂਦਰ, ਮੈਂਬਰ ਜ਼ਿਲ੍ਹਾ ਯੁਵਾ ਸਾਂਝ ਕਮੇਟੀ, ਮੈਂਬਰ ਵੂਮੈਨ ਕੌਸਲਿੰਗ ਸੈਲ ਨੇ ਕੀਤੀ। ਇਸ ਮੌਕੇ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸ਼ਾ ਮੁਕਤ ਭਾਰਤ ਅਭਿਆਨ ਨੇ ਸਾਰੇ ਆਏਂ ਹੋਏ ਮਹਿਮਾਨਾਂ ਨੂੰ ਜੀ ਆਇਆਂ ਕਿਹਾ ਗਿਆ। ਇਸ ਮੌਕੇ ਵਿਸ਼ੇਸ਼ ਤੌਰ ਤੇ ਰਿਟਾਇਰ ਐਸ ਡੀ ਓ ਵਿਨੇ ਸ਼ਰਮਾ,ਰੁਦਰਪ੍ਰਤਾਪ ਸਿੰਘ ਬੀ ਸੀ ਏ ਵਿਦਿਆਰਥੀ ਗੋਰਮਿੰਟ ਬਿਕਰਮ ਕਾਲਜ ਆਫ ਕਾਮਰਸ, ਹਰਮਨਜੀਤ ਸਿੰਘ ਰੰਧਾਵਾ, ਗੁਰਜੀਤ ਸਿੰਘ ਲੱਕੀ ਹਰਦਾਸਪੁਰ, ਤੇਜਿੰਦਰ ਮਡੋੜ, ਜੁਗਰਾਜ ਚਹਿਲ, ਕੁਲਦੀਪ ਸਿੰਘ, ਕਿਰਨਾਂ ਦੇਵੀ ਅਮਰਜੀਤ ਸਿੰਘ ਲੰਗ, ਗੁਰਲੀਨ ਕੌਰ ਢੀਂਡਸਾ ਨੇ ਵੀ ਸ਼ਿਰਕਤ ਕੀਤੀ।ਇਸ ਮੌਕੇ ਸੁਖਜਿੰਦਰ ਸਿੰਘ ਬਾਜਵਾ ਅਤੇ ਪਰਮਿੰਦਰ ਭਲਵਾਨ ਨੇ ਕਿਹਾ ਕਿ ਔਰਤਾਂ ਅਤੇ ਲੜਕੀਆਂ ਅਤੇ ਨੋਜਵਾਨਾਂ ਵੱਲੋਂ ਨਸ਼ਿਆਂ ਵਿਰੁੱਧ ਲਾਮਬੰਦ ਹੋ ਕੇ ਅੱਗੇ ਆਉਣਾ ਸ਼ਲਾਘਾਯੋਗਗ ਉਪਰਲਾ ਹੈ। ਉਹਨਾਂ ਕਿਹਾ ਕਿ ਨਸ਼ੇ ਕਰਨ ਵਾਲਾ ਹਰ ਵਿਅਕਤੀ ਸ਼ੁਰੂ ਵਿੱਚ ਆਪਣੇ ਆਪ ਨੂੰ ਲੁਕਾਉਂਦਾ ਹੈ , ਫਿਰ ਉਸਦਾ ਪਰਿਵਾਰ ਵੀ ਇਸ ਨੂੰ ਲੁਕਾਉਣ ਦੀ ਕੋਸ਼ਿਸ਼ ਕਰਦਾ ਹੈ ,ਕਿਉਂ ਕਿ ਉਹ ਜਾਣਦੇ ਹਨ ਕਿ ਨਸ਼ਾ ਲੈਣ ਵਾਲੇ ਨੂੰ ਲੋਕ ਨਫਰਤ ਕਰਦੇ ਹਨ। ਇਸ ਲਈ ਸਭ ਤੋਂ ਪਹਿਲਾਂ ਸਾਨੂੰ ਚਾਹੀਦਾ ਹੈ ਕਿ ਅਸੀਂ ਨਸ਼ਾ ਕਰਨ ਵਾਲਿਆਂ ਨੂੰ ਨਫਰਤ ਨਾ ਕਰੀਏ, ਸਗੋਂ ਉਨ੍ਹਾਂ ਦੀ ਨਸ਼ਾ ਛੱਡਣ ਵਿੱਚ ਮੱਦਦ ਕਰੀਏ । ਜੇਕਰ ਤੁਸੀਂ ਕਿਸੇ ਨੂੰ ਨਸ਼ੇ ਵਿੱਚ ਜਾਣ ਤੋਂ ਰੋਕ ਲਿਆ ਜਾਂ ਨਸ਼ਾ ਕਰਦੇ ਵਿਅਕਤੀ ਨੂੰ ਇਲਾਜ ਲਈ ਸਿਹਤ ਕੇਂਦਰ ਲਿਜਾ ਕੇ ਇਲਾਜ ਕਰਵਾ ਦਿੱਤਾ ਤਾਂ ਸਮਝੋ ਤੁਸੀਂ ਕਿਸੇ ਦੀ ਜਾਨ ਬਚਾ ਲਈ। ਉਹਨਾਂ ਕਿਹਾ ਕਿ ਹਰ ਵਿਅਕਤੀ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਨਸ਼ੇ ਦੀ ਆਦਤ ਨਾ ਸਿਰਫ ਉਨ੍ਹਾਂ ਦੇ ਸਰੀਰ ਅਤੇ ਦਿਮਾਗ ਨੂੰ ਬਹੁਤ ਪ੍ਰਭਾਵਿਤ ਕਰਦੀ ਹੈ, ਸਗੋਂ ਉਨ੍ਹਾਂ ਦੇ ਉੱਜਵਲ ਭਵਿੱਖ ਨੂੰ ਵੀ ਖਤਮ ਕਰ ਦਿੰਦੀ ਹੈ। ਉਹਨਾਂ ਕਿਹਾ ਕਿ ਨਸ਼ਾ ਇੱਕ ਮਿੱਠਾ ਜ਼ਹਿਰ ਹੈ ਜਿਸ ਨਾਲ ਸ਼ਰੀਰ ਵਿਚ ਕੁੱਝ ਸਮੇਂ ਲਈ ਤਾਂ ਚੁਸਤੀ ਆ ਜਾਂਦੀ ਹੈ ਪਰ ਇਹ ਹੌਲੀ-ਹੌਲੀ ਸ਼ਰੀਰ ਦੇ ਅੰਦਰੂਨੀ ਅੰਗਾਂ ਨੂੰ ਖਤਮ ਕਰ ਰਿਹਾ ਹੁੰਦਾ ਹੈ, ਨਸ਼ਿਆਂ ਦੇ ਕਾਰਣ ਕੈਂਸਰ,ਦਿਲ ਦੀ ਬਿਮਾਰੀ,ਦਿਮਾਗ ਦੀ ਨਾੜੀ ਦਾ ਫੱਟਣਾ, ਗੁਰਦੇ ਖਰਾਬ ਹੋਣਾ, ਏਡਜ਼, ਪੀਲੀਆ ਆਦਿ ਵਰਗੀਆਂ ਭਿਆਨਕ ਬਿਮਾਰੀਆਂ ਨਸ਼ਾ ਕਰਨ ਵਾਲਿਆਂ ਨੂੰ ਹੋ ਰਹੀਆਂ ਹਨ।ਇਸ ਮੌਕੇ ਨਸ਼ਿਆਂ ਦੀਆਂ ਵੱਖ ਵੱਖ ਕਿਸਮਾਂ,ਨਸ਼ਾ ਲੱਗਣ ਦੇ ਕਾਰਨ ਵੱਖ-ਵੱਖ ਨਸ਼ੀਲੇ ਪਦਾਰਥਾਂ ਦੇ ਸਰੀਰ ਉਪਰ ਪੈਣ ਵਾਲੇ ਪ੍ਰਭਾਵਾਂ ਅਤੇ ਇਹਨਾਂ ਤੋਂ ਛੁਟਕਾਰੇ ਸਬੰਧੀ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਗਈ। ਇਸ ਮੌਕੇ ਪ੍ਰੋਗਰਾਮ ਦੇ ਅਖੀਰ ਵਿੱਚ ਨਸ਼ੇ ਨਾ ਕਰਨ, ਨਸ਼ੇ ਕਰਨ ਵਾਲਿਆਂ ਦੀ ਨਸ਼ਾ ਛੁਡਾਉਣ ਵਿੱਚ ਮੱਦਦ ਕਰਨ ਅਤੇ ਲੋਕਾਂ ਨੂੰ ਜਾਗਰੂਕ ਕਰਨ ਸਬੰਧੀ ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਵਲੋਂ ਸਹੁੰ ਵੀ ਚੁਕਾਈ ਗਈ । ਯੂਥ ਆਗੂ ਰੁਦਰਪ੍ਰਤਾਪ ਸਿੰਘ ਵੱਲੋਂ ਡਰੱਗ ਫਰੀ ਵਲੱਡ ਕੈਲੋਫੋਰਨੀਆਂ ਵੱਲੋਂ ਨਸ਼ਿਆਂ ਵਿਰੁੱਧ ਜਾਗਰੂਕ ਕਰਨ ਲਈ ਕਿਤਾਬਾਂ ਵੰਡੀਆਂ ਗਈਆਂ। ਇਸ ਮੌਕੇ ਪੰਜਾਬ ਪੁਲਿਸ ਪਟਿਆਲਾ ਵੱਲੋਂ ਸਮਾਜ ਸੇਵੀ ਸੰਸਥਾਵਾਂ ਦੇ ਸਹਿਯੋਗ ਨਾਲ ਨਸ਼ਿਆਂ ਵਿਰੁੱਧ ਦਸਖ਼ਹਤ ਮੁਹਿੰਮ ਦੀ ਵੀ ਸ਼ੁਰੂਆਤ ਕੀਤੀ ਗਈ।




# ਲਾਵਾਂ ਮੌਕੇ ਵਿਆਹ ਤੋਂ ਇਨਕਾਰ

**ਮਾਛੀਵਾੜਾ ਸਾਹਿਬ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਲਾਕੇ ਦੇ ਇੱਕ ਪਿੰਡ ਵਿੱਚ ਲਾਵਾਂ ਤੋਂ ਪਹਿਲਾਂ ਕੁੜੀ ਨੇ ਅਚਾਨਕ ਮੁੰਡੇ ਨਾਲ ਵਿਆਹ ਤੋਂ ਇਨਕਾਰ ਕਰ ਦਿੱਤਾ। ਇਸ ਕਾਰਨ ਦੋਵੇਂ ਪਰਿਵਾਰਾਂ ਦੇ ਮੈਂਬਰ ਨਿਰਾਸ਼ ਹੋ ਗਏ। ਜਾਣਕਾਰੀ ਅਨੁਸਾਰ ਮਾਛੀਵਾੜਾ ਇਲਾਕੇ ਨਾਲ ਸਬੰਧਤ ਇੱਕ ਪਿੰਡ ਦਾ ਲੜਕਾ ਵਿਦੇਸ਼ ਤੋਂ ਆਇਆ ਸੀ। ਉਸ ਦੇ ਪਰਿਵਾਰ ਵੱਲੋਂ ਨੌਜਵਾਨ ਦਾ ਇੱਕ ਲੜਕੀ ਨਾਲ ਰਿਸ਼ਤਾ ਪੱਕਾ ਕਰ ਕੇ ਵਿਆਹ ਦੀਆਂ ਤਿਆਰੀਆਂ ਸ਼ੁਰੂ ਕੀਤੀਆਂ ਗਈਆਂ ਸਨ। ਸ਼ਗਨ ਅਤੇ ਹੋਰ ਰੀਤੀ-ਰਿਵਾਜ਼ਾਂ ਤੋਂ ਬਾਅਦ ਅੱਜ ਇੱਕ ਪੈਲੇਸ ਵਿੱਚ ਵਿਆਹ ਰੱਖਿਆ ਗਿਆ ਸੀ। ਪੈਲੇਸ ਵਿੱਚ ਜਾਣ ਤੋਂ ਪਹਿਲਾਂ ਲੜਕਾ ਅਤੇ ਲੜਕੀ ਦੋਵਾਂ ਦੀਆਂ ਲਾਵਾਂ ਹੋਣੀਆਂ ਸਨ। ਦੋਵੇਂ ਪਰਿਵਾਰਾਂ ਦੇ ਮੈਂਬਰ ਗੁਰੂ ਘਰ ਪੁੱਜੇ। ਗੁਰੂ ਘਰ ਵਿੱਚ ਕੁੜੀ ਨੇ ਅਚਾਨਕ ਲਾਵਾਂ ਤੋਂ ਪਹਿਲਾਂ ਵਿਆਹ ਕਰਵਾਉਣ ਤੋਂ ਇਨਕਾਰ ਕਰ ਦਿੱਤਾ। ਲੜਕੀ ਦੇ ਪਰਿਵਾਰਕ ਮੈਂਬਰਾਂ ਨੇ ਬਹੁਤ ਕੋਸ਼ਿਸ਼ ਕੀਤੀ ਕਿ ਇਹ ਵਿਆਹ ਸਿਰੇ ਚੜ੍ਹ ਜਾਵੇ ਪਰ ਲੜਕੀ ਬਜ਼ਿੱਦ ਰਹੀ। ਅਖੀਰ ਲੜਕੇ ਦਾ ਪਰਿਵਾਰ ਨਿਰਾਸ਼ ਹੋ ਕੇ ਗੁਰੂ ਘਰ ਤੋਂ ਹੀ ਵਾਪਸ ਪਰਤ ਗਿਆ। ਕੁੜੀ ਦੇ ਵਿਆਹ ਤੋਂ ਇਨਕਾਰ ਕਰਨ ਦੇ ਕਾਰਨ ਸਪੱਸ਼ਟ ਨਹੀਂ ਹੋ ਸਕੇ।ਵਿਆਹ ਸਮਾਗਮ ਲਈ ਕੁੜੀ ਦੇ ਪਰਿਵਾਰ ਵੱਲੋਂ ਇਲਾਕੇ ਦਾ ਵੱਡਾ ਮੈਰਿਜ ਪੈਲੇਸ ਬੁੱਕ ਕੀਤਾ ਹੋਇਆ ਸੀ। ਇੱਥੇ ਲੜਕੇ ਅਤੇ ਲੜਕੀ ਦੋਵਾਂ ਦੇ ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ ਵਿਆਹ ਵਿੱਚ ਸ਼ਾਮਲ ਹੋਣ ਲਈ ਪੁੱਜੇ ਹੋਏ ਸਨ। ਮੈਰਿਜ ਪੈਲੇਸ ਵਿੱਚ ਪੁੱਜੇ ਬਰਾਤੀ ਅਤੇ ਰਿਸ਼ਤੇਦਾਰ ਸਵੇਰੇ ਨਾਸ਼ਤੇ ਵਿੱਚ ਪਕੌੜੇ ਅਤੇ ਤਰ੍ਹਾਂ-ਤਰ੍ਹਾਂ ਦੇ ਪਕਵਾਨ ਖਾ ਕੇ ਇੰਤਜ਼ਾਰ ਕਰ ਰਹੇ ਸਨ ਕਿ ਕਦੋਂ ਲਾੜਾ-ਲਾੜੀ ਲਾਵਾਂ ਲੈ ਕੇ ਆਉਣ। ਮਲਵਈ ਗਿੱਧੇ ਵਾਲੀ ਟੀਮ ਵੀ ਜੋੜੀ ਦੀ ਉਡੀਕ ਕਰ ਰਹੀ ਸੀ ਪਰ ਜਦੋਂ ਮੈਰਿਜ ਪੈਲੇਸ ਵਿੱਚ ਖ਼ਬਰ ਪੁੱਜੀ ਕਿ ਗੁਰੂ ਘਰ ਵਿੱਚ ਕੁੜੀ ਨੇ ਵਿਆਹ ਤੋਂ ਇਨਕਾਰ ਕਰ ਦਿੱਤਾ ਤਾਂ ਸਾਰੇ ਨਿਰਾਸ਼ ਹੋ ਕੇ ਘਰਾਂ ਨੂੰ ਪਰਤ ਗਏ।

# ਪ੍ਰਿੰਸੀਪਲ ਸਰਲਾ ਭਟਨਾਗਰ ਨੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਦਿਆਂ ਦੀਆਂ ਸ਼ੁਭਕਾਮਨਾਵਾਂ



**ਪਟਿਆਲਾ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਵੀਰ ਹਕੀਕਤ ਰਾਏ ਮਾਡਲ ਸੀਨੀਅਰ ਸੈਕੰਡਰੀ ਸਕੂਲ, ਪਟਿਆਲਾ ਨੇ ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਜਮਾਤ ਦੇ ਐਲਾਨੇ ਨਤੀਜਿਆਂ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 100 ਫੀਸਦੀ ਨਤੀਜਾ ਦਰਜ ਕੀਤਾ ਹੈ। ਸਕੂਲ ਦੇ ਪ੍ਰੀਖਿਆ ਵਿੱਚ ਸ਼ਾਮਲ ਹੋਏ ਸਾਰੇ 81 ਵਿਦਿਆਰਥੀਆਂ ਨੇ ਸਫਲਤਾ ਹਾਸਲ ਕਰਕੇ ਸਕੂਲ ਦੀ ਸ਼ਾਨ ਵਿੱਚ ਵਾਧਾ ਕੀਤਾ।ਸਕੂਲ ਦੇ ਹੋਣਹਾਰ ਵਿਦਿਆਰਥੀ ਭਗਵੰਤ ਮਾਨ ਸਿੰਘ ਨੇ 94.8 ਫੀਸਦੀ ਅੰਕ ਪ੍ਰਾਪਤ ਕਰਕੇ ਪਹਿਲਾ ਸਥਾਨ ਹਾਸਲ ਕੀਤਾ। ਰਿਤਵਿਕ ਨੇ 90.5 ਫੀਸਦੀ ਅੰਕਾਂ ਨਾਲ ਦੂਜਾ ਅਤੇ ਇੰਦੂ ਨੇ 89.4 ਫੀਸਦੀ ਅੰਕ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਇਸ਼ੂ, ਯੋਗਿਤਾ, ਈਸ਼ਾ ਵਰਮਾ, ਦਿਸ਼ਾ, ਸੌਰਵ, ਮਨਜਿੰਦਰ, ਯਾਸ਼ਿਕਾ, ਯਸ਼ ਅਤੇ ਮਾਹੀ ਸਮੇਤ ਕੁੱਲ 12 ਵਿਦਿਆਰਥੀਆਂ ਨੇ 80 ਫੀਸਦੀ ਤੋਂ ਵੱਧ ਅੰਕ ਹਾਸਲ ਕਰਕੇ ਆਪਣੀ ਯੋਗਤਾ ਦਾ ਸ਼ਾਨਦਾਰ ਪ੍ਰਦਰਸ਼ਨ ਕੀਤਾ।ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸਰਲਾ ਭਟਨਾਗਰ ਨੇ ਵਿਦਿਆਰਥੀਆਂ ਨੂੰ ਸਨਮਾਨਿਤ ਕਰਦਿਆਂ ਉਨ੍ਹਾਂ ਦੀ ਮਿਹਨਤ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੀ ਇਸ ਸਫਲਤਾ ਪਿੱਛੇ ਅਧਿਆਪਕਾਂ ਦੀ ਨਿਰੰਤਰ ਮਿਹਨਤ ਅਤੇ ਮਾਪਿਆਂ ਦਾ ਸਹਿਯੋਗ ਮਹੱਤਵਪੂਰਨ ਰਿਹਾ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਵੀ ਮਿਹਨਤ ਅਤੇ ਅਨੁਸ਼ਾਸਨ ਨਾਲ ਅੱਗੇ ਵਧਣ ਲਈ ਪ੍ਰੇਰਿਤ ਕੀਤਾ।

# ਸੀਬੀਆਈ ਵੱਲੋਂ ਪੰਜਾਬ ਵਿਜੀਲੈਂਸ ਅਧਿਕਾਰੀਆਂ ਦੇ ਨਾਂ 'ਤੇ ਰਿਸ਼ਵਤ ਮੰਗਣ ਵਾਲੇ ਤਿੰਨ ਅਧਿਕਾਰੀ ਗ੍ਰਿਫਤਾਰ

**ਚੰਡੀਗੜ੍ਹ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਜਾਂਚ ਬਿਊਰੋ (ਸੀਬੀਆਈ) ਨੇ 20 ਲੱਖ ਰੁਪਏ ਦੇ ਰਿਸ਼ਵਤ ਕਾਂਡ ਚ ਤਿੱਕੜੀ ਨੂੰ ਗ੍ਰਿਫ਼ਤਾਰ ਕੀਤਾ ਹੈ ਜਿਨ੍ਹਾਂ 'ਚ ਦੋ ਦਲਾਲ ਅਤੇ ਉਨ੍ਹਾਂ ਦਾ ਇੱਕ ਸਹਿਯੋਗੀ ਸ਼ਾਮਲ ਹੈ। ਸੀਬੀਆਈ ਨੇ ਇਸ ਬਾਰੇ ਰਸਮੀ ਐਲਾਨ ਕਰ ਦਿੱਤਾ ਹੈ । ਇਹ ਮਾਮਲਾ ਪੰਜਾਬ ਵਿਜੀਲੈਂਸ ਬਿਊਰੋ ਵਿੱਚ ਤਾਇਨਾਤ ਅਧਿਕਾਰੀਆਂ ਵੱਲੋਂ ਗੈਰ-ਕਾਨੂੰਨੀ ਰਿਸ਼ਵਤ ਦੀ ਮੰਗ ਕੀਤੇ ਜਾਣ ਨਾਲ ਜੁੜਿਆ ਹੋਇਆ ਹੈ ।ਸੀਬੀਆਈ ਦੇ ਬੁਲਾਰੇ ਨੇ ਕਿਹਾ ਕਿ ਸੀਬੀਆਈ ਕੋਲ ਪੰਜਾਬ ਰਾਜ ਟੈਕਸ ਅਧਿਕਾਰੀ ਵੱਲੋਂ ਸ਼ਿਕਾਇਤ ਦਰਜ ਕਰਵਾਈ ਗਈ ਸੀ ਕਿ ਵਿਕਾਸ ਉਰਫ਼ ਵਿੱਕੀ ਗੋਇਲ ਅਤੇ ਉਸਦੇ ਪੁੱਤਰ ਰਾਘਵ ਗੋਇਲ ਨੇ ਡਾਇਰੈਕਟਰ ਜਨਰਲ, ਵਿਜੀਲੈਂਸ ਪੰਜਾਬ ਦੇ ਦਫ਼ਤਰ ਵਿੱਚ ਉਸਦੇ ਵਿਰੁੱਧ ਲੰਬਿਤ ਸ਼ਿਕਾਇਤ ਨੂੰ ਬੰਦ ਕਰਨ ਲਈ 20 ਲੱਖ ਰੁਪਏ ਦੀ ਮੰਗ ਕੀਤੀ ਹੈ। ਦੋਵੇਂ ਦਲਾਲ ਵਿਜੀਲੈਂਸ ਦੇ ਸੀਨੀਅਰ ਅਧਿਕਾਰੀਆਂ ਦੇ ਵਿਚੋਲੇ ਵਜੋਂ ਕੰਮ ਕਰ ਰਹੇ ਸਨ, ਜਿਨ੍ਹਾਂ ਵਿੱਚ ਵਿਜੀਲੈਂਸ ਦੇ ਮੁੱਖ ਡਾਇਰੈਕਟਰ ਦਾ ਗੀਡਰ ਓ.ਪੀ. ਰਾਣਾ ਵੀ ਸ਼ਾਮਲ ਹੈ ।

ਇਸ ਤਿਕੜੀ ਨੇ ਨਿੱਜੀ ਤੌਰ 'ਤੇ ਸ਼ਿਕਾਇਤਕਰਤਾ ਨੂੰ ਭਰੋਸਾ ਦਿੱਤਾ ਸੀ ਕਿ ਰਿਸ਼ਵਤ ਦੇਣ ਤੋਂ ਬਾਅਦ ਉਸਦਾ ਮਾਮਲਾ ਖਤਮ ਕਰ ਦਿੱਤਾ ਜਾਵੇਗਾ। ਬਾਅਦ 'ਚ ਮੁਲਜ਼ਮਾਂ ਨੇ ਬਾਅਦ ਵਿੱਚ ਰਿਸ਼ਵਤ ਦੀ ਰਕਮ 20 ਲੱਖ ਰੁਪਏ ਤੋਂ



ਘਟਾ ਕੇ 13 ਲੱਖ ਰੁਪਏ ਕਰ ਦਿੱਤੀ। ਇਸਦੇ ਨਾਲ ਹੀ ਵਿਜੀਲੈਂਸ ਗੀਡਰ ਰਾਣਾ ਨੂੰ ਦਿੱਤਾ ਜਾਣ ਵਾਲਾ ਇੱਕ ਸੈਮਸੰਗ ਗਲੈਕਸੀ ਜ਼ੈੱਡ ਫੋਲਡ 7 ਮੋਬਾਈਲ ਫੋਨ ਵੀ ਦਿੱਤਾ ਗਿਆ ।

ਸੀਬੀਆਈ ਨੇ 11 ਮਈ ਨੂੰ ਚੰਡੀਗੜ੍ਹ ਵਿਖੇ ਲਾਏ ਗਏ ਟਰੈਪ ਦੌਰਾਨ, ਗੋਇਲ ਪਰਿਵਾਰ ਦੇ ਇੱਕ ਸਾਥੀ ਅੰਕਿਤ ਵਧਵਾ ਨੂੰ ਮੁਲਜ਼ਮਾਂ ਵੱਲੋਂ ਸ਼ਿਕਾਇਤਕਰਤਾ ਤੋਂ 13 ਲੱਖ ਰੁਪਏ ਨਕਦ ਅਤੇ ਮੋਬਾਈਲ ਫੋਨ ਲੈਂਦੇ ਹੋਏ ਰੰਗੇ ਹੱਥੀਂ ਫੜ ਲਿਆ ਗਿਆ । ਸੀ ਬੀ ਆਈ ਟੀਮ ਨੇ ਰਿਸ਼ਵਤ ਦੀ ਰਕਮ ਅਤੇ ਮੋਬਾਈਲ ਫੋਨ ਦੋਵੇਂ ਮੌਕੇ 'ਤੇ ਬਰਾਮਦ ਕਰ ਲਏ। ਸੀਬੀਆਈ ਟੀਮ ਨੇ ਪੰਜਾਬ-ਹਰਿਆਣਾ ਸਰਹੱਦ 'ਤੇ ਅੰਬਾਲਾ ਨੇੜੇ ਰਾਘਵ ਗੋਇਲ, ਵਿਕਾਸ ਉਰਫ਼ ਵਿੱਕੀ ਗੋਇਲ ਅਤੇ ਦੋ ਗੰਨਮੈਨਾਂ ਨੂੰ ਫੜ ਲਿਆ ਜਦੋਂ ਕਿ ਗੀਡਰ ਰਾਣਾ ਹਾਲੇ ਫਰਾਰ ਹੈ।

# ਈਡੀ ਦੀ ਕਾਰਵਾਈ ਖ਼ਿਲਾਫ਼ ਹਾਈ ਕੋਰਟ ਪਹੁੰਚੇ ਸੰਜੀਵ ਅਰੋੜਾ

**ਚੰਡੀਗੜ੍ਹ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਕੈਬਨਿਟ ਮੰਤਰੀ ਸੰਜੀਵ ਅਰੋੜਾ ਨੇ ਆਪਣੀ ਗ੍ਰਿਫ਼ਤਾਰੀ ਦੇ ਦੋ ਦਿਨਾਂ ਬਾਅਦ ਹਾਈ ਕੋਰਟ ਵਿੱਚ ਪਟੀਸ਼ਨ ਦਾਇਰ ਕੀਤੀ ਹੈ। ਉਨ੍ਹਾਂ ਨੇ ਈਡੀ (54) ਦੀ ਇਸ ਕਾਰਵਾਈ ਨੂੰ ÷ਸਿਆਸੀ ਬਦਲਾਖੋਰੀ ਦੀ ਸਭ ਤੋਂ ਵੱਡੀ ਮਿਸਾਲ÷ ਦੱਸਦਿਆਂ ਆਪਣੀ ਹਿਰਾਸਤ ਨੂੰ ਗੈਰ-ਕਾਨੂੰਨੀ ਤੇ ਗੈਰ-ਸੰਵਿਧਾਨਕ ਕਰਾਰ ਦਿੰਦਿਆਂ ਤੁਰੰਤ ਰਿਹਾਈ ਦੀ ਮੰਗ ਕੀਤੀ ਹੈ।

ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਇਸ ਮਾਮਲੇ ਦੀ ਅਗਲੀ ਸੁਣਵਾਈ 14 ਮਈ ਨੂੰ ਨਿਰਧਾਰਤ ਕੀਤੀ ਹੈ।

ਅਦਾਲਤ ਵਿੱਚ ਮੰਤਰੀ ਦੇ ਵਕੀਲ ਨੇ ਦਲੀਲ ਦਿੱਤੀ ਕਿ ਸੰਜੀਵ ਅਰੋੜਾ ਨੂੰ ਸਵੇਰੇ 7 ਵਜੇ ਹੀ ਹਿਰਾਸਤ ਵਿੱਚ ਲੈ ਲਿਆ ਗਿਆ ਸੀ, ਜਦੋਂ ਕਿ ਗ੍ਰਿਫ਼ਤਾਰੀ ਦੇ ਅਧਿਕਾਰਤ ਕਾਗਜ਼ ਸ਼ਾਮ 4 ਵਜੇ ਦਿੱਤੇ ਗਏ।

ਉਨ੍ਹਾਂ ਕਿਹਾ ਕਿ ਜਾਂਚ ਅਧਿਕਾਰੀ ਨੇ ਦੁਪਹਿਰ 3:25 ਵਜੇ ਅਰੋੜਾ ਦੇ ਬਿਆਨ ਪੜ੍ਹਨੇ ਸ਼ੁਰੂ ਕੀਤੇ ਅਤੇ ਮਹਿਜ਼ 35 ਮਿੰਟਾਂ ਵਿੱਚ 17 ਪੰਨਿਆਂ ਦੀ ਵਿਸਥਾਰਤ ਰਿਪੋਰਟ ਤਿਆਰ ਕਰਕੇ ਗ੍ਰਿਫ਼ਤਾਰੀ ਦਿਖਾ ਦਿੱਤੀ। ਵਕੀਲ ਮੁਤਾਬਕ ਇੰਨੇ ਘੱਟ ਸਮੇਂ ਵਿੱਚ ਸੁਤੰਤਰ ਤੌਰ 'ਤੇ ਬਿਆਨ ਪੜ੍ਹਨਾ ਅਤੇ ਇੰਨੀ ਲੰਬੀ ਰਿਪੋਰਟ ਤਿਆਰ ਕਰਨਾ ਅਸੰਭਵ ਹੈ, ਜਿਸ ਤੋਂ ਸਾਫ਼ ਹੁੰਦਾ ਹੈ ਕਿ ਇਹ ਕਾਰਵਾਈ ਪਹਿਲਾਂ ਤੋਂ ਮਿੱਥੀ ਹੋਈ ਸੀ।

ਸੰਜੀਵ ਅਰੋੜਾ ਨੇ ਕਿਹਾ ਕਿ ਉਹ 'ਹੈਂਪਟਨ ਸਕਾਈ ਰਿਐਲਟੀ ਲਿਮਟਿਡ' ਦੇ ਸਾਬਕਾ ਚੇਅਰਮੈਨ ਰਹੇ ਹਨ ਅਤੇ ਉਨ੍ਹਾਂ ਦੀ ਕੰਪਨੀ ਦਾ ਮੋਬਾਈਲ ਨਿਰਯਾਤ ਦਾ ਕਾਰੋਬਾਰ ਪੂਰੀ ਤਰ੍ਹਾਂ ਪਾਰਦਰਸ਼ੀ ਅਤੇ ਕਾਨੂੰਨੀ ਸੀ। ਉਨ੍ਹਾਂ ਸਪੱਸ਼ਟ ਕੀਤਾ ਕਿ ਵਿਧਾਇਕ ਤੇ ਮੰਤਰੀ ਬਣਨ ਤੋਂ ਬਾਅਦ ਉਨ੍ਹਾਂ ਨੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਸੀ ਅਤੇ ਉਹ ਰੋਜ਼ਾਨਾ ਦੇ ਕੰਮਾਂ ਵਿੱਚ ਸ਼ਾਮਲ ਨਹੀਂ ਸਨ।

ਉਨ੍ਹਾਂ ਨੇ ਈਡੀ ਵੱਲੋਂ ਕੋਈ ਵੀ ਇਤਰਾਜ਼ਯੋਗ ਚੀਜ਼ ਬਰਾਮਦ ਨਾ ਹੋਣ ਦਾ ਦਾਅਵਾ ਕਰਦਿਆਂ ਗੁਰੂਗ੍ਰਾਮ ਅਦਾਲਤ ਵੱਲੋਂ ਦਿੱਤੇ ਗਏ 16 ਮਈ ਤੱਕ ਦੇ ਰਿਮਾਂਡ ਨੂੰ ਰੱਦ ਕਰਨ ਦੀ ਅਪੀਲ ਕੀਤੀ ਹੈ।

# ਪਿਆਸੇ ਰਾਜਸਥਾਨ ਦੀ ਪੰਜਾਬ ਵੱਲ ਝਾਕ

**ਫਰੀਦਕੋਟ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਫਰੀਦਕੋਟ ਖੇਤਰ ਵਿੱਚ ਰਾਜਸਥਾਨ ਫੀਡਰ ਨਹਿਰ ਦੇ ਪੁਨਰ-ਨਿਰਮਾਣ ਅਤੇ ਰੀਲਾਈਨਿੰਗ (ਦੁਬਾਰਾ ਪੱਕਾ ਕਰਨ) ਦੇ ਕੰਮ ਨੂੰ ਪੂਰਾ ਕਰਨ ਵਿੱਚ ਹੋਈ ਦੇਰੀ ਕਾਰਨ ਰਾਜਸਥਾਨ ਨੂੰ ਪਾਣੀ ਦੀ ਸਪਲਾਈ ਪਿਛਲੇ ਲਗਪਗ 45 ਦਿਨਾਂ ਤੋਂ ਪੂਰੀ ਤਰ੍ਹਾਂ ਬੰਦ ਹੈ, ਜਿਸ ਨਾਲ ਪੱਛਮੀ ਰਾਜਸਥਾਨ ਵਿੱਚ ਪੀਣ ਵਾਲੇ ਪਾਣੀ ਅਤੇ ਸਿੰਚਾਈ ਦਾ ਗੰਭੀਰ ਸੰਕਟ ਪੈਦਾ ਹੋ ਗਿਆ ਹੈ।



ਨਹਿਰੀ ਪਾਣੀ, ਜੋ ਕਿ 11 ਮਈ ਦੀ ਸ਼ਾਮ ਨੂੰ ਛੱਡਿਆ ਜਾਣਾ ਤੈਅ ਸੀ, ਅਜੇ ਤੱਕ ਸ਼ੁਰੂ ਨਹੀਂ ਹੋ ਸਕਿਆ ਹੈ ਕਿਉਂਕਿ ਨਹਿਰ ਦੀ ਲਾਈਨਿੰਗ ਅਤੇ ਫਲੋਰਿੰਗ (ਫਰਸ਼) ਦਾ ਵੱਡਾ ਹਿੱਸਾ ਅਜੇ ਵੀ ਅਧੂਰਾ ਹੈ। ਰਾਜਸਥਾਨ ਦੇ ਅਧਿਕਾਰੀ ਪਾਣੀ ਦੀ ਸਪਲਾਈ ਜਲਦੀ ਤੋਂ ਜਲਦੀ ਬਹਾਲ ਕਰਨ ਲਈ ਪੰਜਾਬ ਸਰਕਾਰ 'ਤੇ ਲਗਾਤਾਰ ਦਬਾਅ ਪਾ ਰਹੇ ਹਨ।

ਪੱਛਮੀ ਰਾਜਸਥਾਨ ਦੇ ਲਗਪਗ 12 ਜ਼ਿਲ੍ਹੇ ਪੀਣ ਵਾਲੇ ਪਾਣੀ ਅਤੇ ਸਿੰਚਾਈ ਲਈ ਰਾਜਸਥਾਨ ਫੀਡਰ ਨਹਿਰ ਅਤੇ ਇੰਦਰਾ ਗਾਂਧੀ ਨਹਿਰ ਪ੍ਰਣਾਲੀ 'ਤੇ ਬਹੁਤ ਜ਼ਿਆਦਾ ਨਿਰਭਰ ਕਰਦੇ ਹਨ। ਇਹ ਨਹਿਰੀ ਨੈੱਟਵਰਕ, ਜੋ ਭਾਰਤ ਦੇ ਸਭ ਤੋਂ ਵੱਡੇ ਸਿੰਚਾਈ ਪ੍ਰੋਜੈਕਟਾਂ ਵਿੱਚੋਂ ਇੱਕ ਹੈ, ਫਿਰੋਜ਼ਪੁਰ ਜ਼ਿਲ੍ਹੇ ਦੇ ਹਰੀਕੇ ਬੈਰਾਜ ਤੋਂ ਸਤਲੁਜ-ਬਿਆਸ ਦਾ ਪਾਣੀ ਥਾਰ ਮਾਰੂਥਲ ਦੇ ਡੂੰਘੇ ਖੇਤਰਾਂ ਤੱਕ ਲੈ ਕੇ ਜਾਂਦਾ ਹੈ।

ਰਾਜਸਥਾਨ ਨਹਿਰਾਂ ਦੇ ਸਾਬਕਾ ਮੁੱਖ ਇੰਜੀਨੀਅਰ ਵਿਨੋਦ ਮਿੱਤਲ ਨੇ ਦੱਸਿਆ ਕਿ ਲੰਬੇ ਸਮੇਂ ਤੋਂ ਬੰਦੀ ਕਾਰਨ ਰੇਗਿਸਤਾਨੀ ਜ਼ਿਲ੍ਹਿਆਂ ਵਿੱਚ ਰੋਜ਼ਾਨਾ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋਇਆ ਹੈ। ਉਨ੍ਹਾਂ ਕਿਹਾ, ਲੋਕਾਂ ਨੂੰ ਲਗਪਗ ਦੋ ਮਹੀਨੇ ਪੁਰਾਣਾ ਸਟੋਰ ਕੀਤਾ ਪਾਣੀ ਪੀਣ ਲਈ ਸੀਮਤ ਮਾਤਰਾ ਵਿੱਚ ਵਰਤਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਡਾਇਰੀਆ ਅਤੇ ਪਾਣੀ ਤੋਂ ਹੋਣ ਵਾਲੀਆਂ ਹੋਰ ਬਿਮਾਰੀਆਂ ਦਾ ਖਤਰਾ ਮੰਡਰਾ ਰਿਹਾ ਹੈ।

ਮਿੱਤਲ ਨੇ ਅੱਗੇ ਕਿਹਾ ਕਿ ਸਭ ਤੋਂ ਵੱਧ ਮਾਰ ਪਸ਼ੂਆਂ 'ਤੇ ਪੈ ਰਹੀ ਹੈ ਜੋ ਪਾਣੀ ਦੀ ਭਾਰੀ ਕਿੱਲਤ ਦਾ ਸਾਹਮਣਾ ਕਰ ਰਹੇ ਹਨ। ਉਨ੍ਹਾਂ ਕਿਹਾ, ਪਾਣੀ ਦੀ ਸਪਲਾਈ ਵਿੱਚ ਲੰਬੇ ਸਮੇਂ ਤੋਂ ਪੈ ਰਹੇ ਵਿਘਨ ਕਾਰਨ ਪਸ਼ੂ ਪਿਆਸ ਨਾਲ ਮਰ ਰਹੇ ਹਨ।

ਨਹਿਰੀ ਵਿਭਾਗ ਬੀਕਾਨੇਰ ਦੇ ਮੁੱਖ ਇੰਜੀਨੀਅਰ ਵਿਵੇਕ ਗੋਇਲ ਨੇ ਇਸ ਦੇਰੀ ਲਈ ਪੰਜਾਬ ਦੇ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾਂ ਕਿਹਾ, ਕੰਮ ਵਿੱਚ ਦੇਰੀ ਪੰਜਾਬ ਸਰਕਾਰ ਦੀ ਜ਼ਿੰਮੇਵਾਰੀ ਹੈ। ਰਾਜਸਥਾਨ ਇਸ ਕਾਰਨ ਦੁੱਖ ਭੋਗ ਰਿਹਾ ਹੈ। ਹਾਲਾਂਕਿ ਪਾਣੀ ਛੱਡਣ ਦਾ ਸਮਾਂ 11 ਮਈ ਨਿਰਧਾਰਤ ਕੀਤਾ ਗਿਆ ਸੀ, ਪਰ ਸਾਨੂੰ ਭਰੋਸਾ ਦਿੱਤਾ ਗਿਆ ਹੈ ਕਿ ਇਹ 13 ਮਈ ਦੀ ਸ਼ਾਮ ਤੱਕ ਸ਼ੁਰੂ ਹੋ ਜਾਵੇਗਾ।

ਹਾਲਾਂਕ ਮੰਗਲਵਾਰ ਸ਼ਾਮ 5.10 ਵਜੇ ਫਰੀਦਕੋਟ ਵਿੱਚ ਨਹਿਰ ਦੇ ਕੰਮ ਵਾਲੀ ਥਾਂ ਦੀ ਜਾਂਚ ਤੋਂ ਸੰਕੇਤ ਮਿਲਿਆ ਹੈ ਕਿ ਕੰਮ ਪੂਰਾ ਹੋਣ ਵਿੱਚ ਹੋਰ ਸਮਾਂ ਲੱਗ ਸਕਦਾ ਹੈ ਕਿਉਂਕਿ ਕਈ ਥਾਵਾਂ 'ਤੇ ਸਾਈਡਵਾਲ ਲਾਈਨਿੰਗ ਅਤੇ ਫਲੋਰਿੰਗ ਅਜੇ ਵੀ ਅਧੂਰੀ ਸੀ।

ਪੰਜਾਬ ਵਿੱਚ ਨਹਿਰ ਦੇ ਸੁਪਰਡੈਂਟ ਇੰਜੀਨੀਅਰ ਸੰਦੀਪ ਗੋਇਲ ਨੇ ਵੇਰਵੇ ਦੇਣ ਤੋਂ ਇਨਕਾਰ ਕਰ ਦਿੱਤਾ ਅਤੇ ਕੰਮ ਪੂਰਾ ਕਰਨ ਵਿੱਚ ਹੋਈ ਦੇਰੀ ਬਾਰੇ ਕੋਈ ਟਿੱਪਣੀ ਕਰਨ ਤੋਂ ਮਨਾਂ ਕਰਦਿਆਂ ਕਿਹਾ ਕਿ ਅਸੀਂ ਜਲਦੀ ਤੋਂ ਜਲਦੀ ਪਾਣੀ ਛੱਡ ਦੇਵਾਂਗੇ।

ਪੰਜਾਬ ਦੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਵੀ ਚੱਲ ਰਹੇ ਕੰਮ ਦਾ ਜਾਇਜ਼ਾ ਲਿਆ ਹੈ ਅਤੇ ਅਧਿਕਾਰੀਆਂ ਨੂੰ ਇਸ ਮਹੱਤਵਪੂਰਨ ਪ੍ਰੋਜੈਕਟ ਨੂੰ ਜਲਦੀ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਹਨ।

ਮੰਤਰੀ ਨੇ ਕਿਹਾ ਕਿ ਮੌਜੂਦਾ ਨਹਿਰੀ ਬੰਦੀ ਦੌਰਾਨ ਰਾਜਸਥਾਨ ਫੀਡਰ ਦੇ ਲਗਪਗ 16.62 ਕਿਲੋਮੀਟਰ ਬਾਕੀ ਬਚੇ ਹਿੱਸੇ ਨੂੰ ਲਗਪਗ 170 ਕਰੋੜ ਰੁਪਏ ਦੀ ਲਾਗਤ ਨਾਲ ਦੁਬਾਰਾ ਪੱਕਾ ਕੀਤਾ ਜਾ ਰਿਹਾ ਹੈ। ਉਨ੍ਹਾਂ ਅੱਗੇ ਕਿਹਾ ਕਿ ਫਰੀਦਕੋਟ ਨੇੜਲੇ 12.5 ਕਿਲੋਮੀਟਰ ਹਿੱਸੇ ਨੂੰ ਕੰਕਰੀਟ ਦੀ ਬਜਾਏ ਇੱਟਾਂ ਨਾਲ ਪੱਕਾ ਕੀਤਾ ਜਾ ਰਿਹਾ ਹੈ, ਜੋ ਕਿ ਸਥਾਨਕ ਨਿਵਾਸੀਆਂ ਅਤੇ ਕਿਸਾਨਾਂ ਦੀ ਮੰਗ 'ਤੇ ਕੀਤਾ ਗਿਆ ਹੈ ਤਾਂ ਜੋ ਜ਼ਮੀਨੀ ਪਾਣੀ ਦੇ ਰੀਚਾਰਜ ਦੀ ਸਹੂਲਤ ਮਿਲ ਸਕੇ ਅਤੇ ਵਾਤਾਵਰਣ ਦਾ ਸੰਤੁਲਨ ਬਣਿਆ ਰਹੇ।

## CBI ਨੇ ਪੇਪਰ ਲੀਕ ਮਾਮਲੇ ਵਿੱਚ ਐੱਫਆਈਆਰ ਦਰਜ ਕੀਤੀ

**ਨਵੀਂ ਦਿੱਲੀ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਬੀਆਈ ਨੇ ਮੰਗਲਵਾਰ ਨੂੰ 3 ਮਈ ਨੂੰ ਹੋਈ ਨੀਟ (”7) 2026 ਦੀ ਪ੍ਰੀਖਿਆ ਦੇ ਕਥਿਤ ਪੇਪਰ ਲੀਕ ਮਾਮਲੇ ਵਿੱਚ ਐੱਫਆਈਆਰ ਦਰਜ ਕੀਤੀ ਹੈ। ਮੈਡੀਕਲ ਕਾਲਜਾਂ ਵਿੱਚ ਅੰਡਰਗ੍ਰੈਜੂਏਟ ਕੋਰਸਾਂ ਵਿੱਚ ਦਾਖ਼ਲਾ ਲੈਣ ਦੇ ਚਾਹਵਾਨ ਵਿਦਿਆਰਥੀਆਂ ਲਈ ਇਹ ਪ੍ਰੀਖਿਆ ਨੈਸ਼ਨਲ ਟੈਸਟਿੰਗ ਏਜੰਸੀ (©“1) ਦੁਆਰਾ ਲੀਕ ਹੋਣ ਦੇ ਦੋਸ਼ ਸਾਹਮਣੇ ਆਉਣ ਤੋਂ ਬਾਅਦ ਰੱਦ ਕਰ ਦਿੱਤੀ ਗਈ ਸੀ। ਸਰਕਾਰ ਨੇ ਪ੍ਰੀਖਿਆ ਨਾਲ ਜੁੜੇ ਦੋਸ਼ਾਂ ਦੀ ਵਿਆਪਕ ਜਾਂਚ ਲਈ ਮਾਮਲਾ ਸੀਬੀਆਈ ਨੂੰ ਸੌਂਪ ਦਿੱਤਾ ਹੈ।

ਐੱਨਟੀਏ ਅਨੁਸਾਰ ਕਥਿਤ ਧਾਂਦਲੀ ਦੀ ਗਤੀਵਿਧੀ ਬਾਰੇ ਜਾਣਕਾਰੀ 7 ਮਈ ਦੀ ਸ਼ਾਮ ਨੂੰ ਪ੍ਰਾਪਤ ਹੋਈ ਸੀ, ਜੋ ਕਿ ਪ੍ਰੀਖਿਆ ਤੋਂ ਚਾਰ ਦਿਨ ਬਾਅਦ ਸੀ, ਅਤੇ ÷ਸੁਤੰਤਰ ਪੁਸ਼ਟੀ ਅਤੇ ਲੋੜੀਂਦੀ ਕਾਰਵਾਈ÷ ਲਈ 8 ਮਈ ਦੀ ਸਵੇਰ ਨੂੰ ਕੇਂਦਰੀ ਏਜੰਸੀਆਂ ਨੂੰ ਭੇਜ ਦਿੱਤੀ ਗਈ ਸੀ।ਐੱਨਟੀਏ ਨੇ ਕਿਹਾ, ÷ਕੇਂਦਰੀ ਏਜੰਸੀਆਂ ਦੇ ਤਾਲਮੇਲ ਵਿੱਚ ਐੱਨਟੀਏ ਵੱਲੋਂ ਬਾਅਦ ਵਿੱਚ ਜਾਂਚੇ ਗਏ ਇਨਪੁਟਸ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਸਾਂਝੀ ਕੀਤੀ ਗਈ ਜਾਂਚ ਦੇ ਨਤੀਜਿਆਂ ਦੇ ਅਧਾਰ 'ਤੇ ਨੈਸ਼ਨਲ ਟੈਸਟਿੰਗ ਏਜੰਸੀ ਨੇ ਭਾਰਤ ਸਰਕਾਰ ਦੀ ਮਨਜ਼ੂਰੀ ਨਾਲ 3 ਮਈ 2026 ਨੂੰ ਆਯੋਜਿਤ ਨੀਟ (”7) 2026 ਦੀ ਪ੍ਰੀਖਿਆ ਨੂੰ ਰੱਦ ਕਰਨ ਅਤੇ ਪ੍ਰੀਖਿਆ ਨੂੰ ਉਨ੍ਹਾਂ ਤਰੀਕਾਂ 'ਤੇ ਦੁਬਾਰਾ ਕਰਵਾਉਣ ਦਾ ਫੈਸਲਾ ਕੀਤਾ ਹੈ ਜਿਨ੍ਹਾਂ ਦੀ ਸੂਚਨਾ ਵੱਖਰੇ ਤੌਰ 'ਤੇ ਦਿੱਤੀ ਜਾਵੇਗੀ।÷ਇਹ ਪ੍ਰੀਖਿਆ 3 ਮਈ ਨੂੰ ਭਾਰਤ ਦ551 ਸ਼ਹਿਰਾਂ ਅਤੇ ਵਿਦੇਸ਼ਾਂ ਦੇ 14 ਸ਼ਹਿਰਾਂ ਵਿੱਚ ਹੋਈ ਸੀ। ਪ੍ਰੀਖਿਆ ਐੱਨਟੀਏ ਦੁਆਰਾ ਦੇਸ਼ ਭਰ ਦੇ ਕੇਂਦਰਾਂ ਵਿੱਚ ਲਗਭਗ 23 ਲੱਖ ਰਜਿਸਟਰਡ ਉਮੀਦਵਾਰਾਂ ਲਈ ਆਯੋਜਿਤ ਕੀਤੀ ਗਈ ਸੀ।

# ਭਾਰੀ ਬਰਫਬਾਰੀ ਤੋਂ ਬਾਅਦ 42 ਦਿਨਾਂ ਬਾਅਦ ਮੁੜ ਖੁੱਲ੍ਹਿਆ ਹਾਈਵੇਅ



**ਮੰਡੀ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਬਾਰਡਰ ਰੋਡਜ਼ ਆਰਗੇਨਾਈਜ਼ੇਸ਼ਨ (BRO) ਨੇ ਅੱਜ 427 ਕਿਲੋਮੀਟਰ ਲੰਬੇ ਮਨਾਲੀ-ਲੇਹ ਹਾਈਵੇਅ ਨੂੰ ਮੁੜ ਬਹਾਲ ਕਰ ਦਿੱਤਾ ਹੈ। ਬੇਹੱਦ ਖ਼ਰਾਬ ਮੌਸਮ ਦੇ ਬਾਵਜੂਦ ਲਗਾਤਾਰ 42 ਦਿਨਾਂ ਤੱਕ ਬਰਫ਼ ਹਟਾਉਣ ਦੀ ਮੁਹਿੰਮ ਤੋਂ ਬਾਅਦ ਇਹ ਰਸਤਾ ਖੋਲ੍ਹਿਆ ਗਿਆ ਹੈ। ਹਿਮਾਲਿਆ ਦੇ ਉੱਚੇ ਇਲਾਕਿਆਂ ਵਿੱਚ ਸੰਪਰਕ ਜੋੜਨ ਦੀ ਦਿਸ਼ਾ ਵਿੱਚ ਇਹ ਇੱਕ ਅਹਿਮ ਕਦਮ ਹੈ।

ਇਸ ਅਹਿਮ ਹਾਈਵੇਅ ਨੂੰ ਬਹਾਲ ਕਰਨ ਦਾ ਕੰਮ 27 ਮਾਰਚ ਨੂੰ ਸ਼ੁਰੂ ਹੋਇਆ ਸੀ। BRO ਦੀਆਂ ਟੀਮਾਂ ਨੇ ਭਾਰੀ ਬਰਫ਼ਬਾਰੀ, ਬਰਫ਼ਾਨੀ ਤੂਫ਼ਾਨਾਂ ਅਤੇ ਜਮਾ ਦੇਣ ਵਾਲੇ ਤਾਪਮਾਨ ਦਾ ਸਾਹਮਣਾ ਕਰਦਿਆਂ ਅੱਜ ਇਹ ਕੰਮ ਮੁਕੰਮਲ ਕਰ ਲਿਆ। ਇਸ ਰਸਤੇ ਦੇ ਖੁੱਲ੍ਹਣ ਨਾਲ ਆਮ ਲੋਕਾਂ ਦੀ ਆਵਾਜਾਈ ਅਤੇ ਫ਼ੌਜੀ ਸਾਜ਼ੋ-ਸਾਮਾਨ ਦੀ ਸਪਲਾਈ ਬਹਾਲ ਹੋਵੇਗੀ।

ਇਸ ਪ੍ਰਾਪਤੀ ਦਾ ਜਸ਼ਨ ਮਨਾਉਣ ਲਈ ਹਿਮਾਲਿਆ ਪ੍ਰਦੇਸ਼ ਅਤੇ ਲੱਦਾਖ ਦੀ ਸਰਹੱਦ 'ਤੇ ਸਥਿਤ 'ਸਰਚੂ' ਵਿਚ ਇਕ ਵਿਸ਼ੇਸ਼ ÷ਗੋਲਡਨ ਹੈਂਡਸ਼ੇਕ ਸੈਰੇਮਨੀ÷ ਕਰਵਾਈ ਗਈ। ਇੱਥੇ 'ਪ੍ਰੋਜੈਕਟ ਦੀਪਕ' ਅਤੇ 'ਪ੍ਰੋਜੈਕਟ ਹਿਮਾਂਕ' ਦੇ ਅਧਿਕਾਰੀ ਆਪਸ ਵਿੱਚ ਮਿਲੇ। ਦੱਸ ਦੇਈਏ ਕਿ ਮਨਾਲੀ ਤੋਂ ਸਰਚੂ ਤੱਕ ਦੇ ਹਿੱਸੇ ਦੀ ਜ਼ਿੰਮੇਵਾਰੀ ਪ੍ਰੋਜੈਕਟ ਦੀਪਕ ਕੋਲ ਹੈ, ਜਦਕਿ ਸਰਚੂ ਤੋਂ ਲੇਹ ਤੱਕ ਦੇ ਰਸਤੇ ਦੀ ਦੇਖਭਾਲ ਪ੍ਰੋਜੈਕਟ ਹਿਮਾਂਕ ਕਰਦਾ ਹੈ। ਅਧਿਕਾਰੀਆਂ ਨੇ ਦੱਸਿਆ ਕਿ ਆਉਣ ਵਾਲੇ ਦਿਨਾਂ ਵਿੱਚ ਲਾਹੌਲ-ਸਪਿਤੀ ਪ੍ਰਸ਼ਾਸਨ ਨਾਲ ਸਾਂਝੀ ਮੀਟਿੰਗ ਅਤੇ ਜਾਂਚ ਤੋਂ ਬਾਅਦ ਹੀ ਗੱਡੀਆਂ ਦੀ ਆਵਾਜਾਈ ਦੀ ਇਜਾਜ਼ਤ ਦਿੱਤੀ ਜਾਵੇਗੀ।BRO ਅਧਿਕਾਰੀਆਂ ਅਨੁਸਾਰ ਦਾਰਚਾ ਤੋਂ ਅੱਗੇ ਲੇਹ ਵੱਲ 16,040 ਫੁੱਟ ਦੀ ਉਚਾਈ 'ਤੇ ਸਥਿਤ 'ਬਾਰਾਲਾਚਾ ਪਾਸ' ਤੋਂ ਬਰਫ਼ ਹਟਾਉਣਾ ਤਾਂ ਔਖਾ ਕੰਮ ਸੀ। ਕਰਮਚਾਰੀਆਂ ਨੇ ਹੱਡ ਚੀਰਵੀਂ ਠੰਢ ਵਿੱਚ ਲਗਾਤਾਰ 42 ਦਿਨ ਕੰਮ ਕੀਤਾ।

ਇਸ ਸਾਲ ਮੌਸਮ ਬਹੁਤ ਜ਼ਿਆਦਾ ਖ਼ਰਾਬ ਸੀ ਜਿਸ ਕਾਰਨ ਕੰਮ ਵਿੱਚ ਕਈ ਰੁਕਾਵਟਾਂ ਆਈਆਂ। ਮਨਾਲੀ-ਸਰਚੂ ਮਾਰਗ 'ਤੇ 26 ਅਜਿਹੀਆਂ ਥਾਵਾਂ ਹਨ ਜਿੱਥੇ ਬਰਫ਼ਾਨੀ ਤੂਫ਼ਾਨ ਆਉਣ ਦਾ ਖ਼ਤਰਾ ਬਣਿਆ ਰਹਿੰਦਾ ਹੈ। ਖ਼ਰਾਬ ਮੌਸਮ ਕਾਰਨ ਟੀਮਾਂ ਨੂੰ ਘੱਟੋ-ਘੱਟ 6 ਵਾਰ ਕੰਮ ਰੋਕ ਕੇ ਪਿੱਛੇ ਹਟਣਾ ਪਿਆ ਅਤੇ ਮੁੜ ਤੋਂ ਕੰਮ ਸ਼ੁਰੂ ਕਰਨਾ ਪਿਆ।

BRO ਨੇ ਇਸ ਸਫ਼ਲਤਾ ਦਾ ਸਿਹਰਾ ਆਪਣੇ ਜਵਾਨਾਂ ਅਤੇ ਅਧਿਕਾਰੀਆਂ ਦੀ ਦਲੇਰੀ ਅਤੇ ਦ੍ਰਿੜਤਾ ਨੂੰ ਦਿੱਤਾ ਹੈ। ਉਨ੍ਹਾਂ ਦੱਸਿਆ ਕਿ ਖ਼ਤਰਨਾਕ ਇਲਾਕਿਆਂ ਵਿੱਚ ਕੰਮ ਕਰਦੇ ਸਮੇਂ ਮਸ਼ੀਨਰੀ ਅਤੇ ਕਰਮਚਾਰੀਆਂ ਦੀ ਸੁਰੱਖਿਆ ਲਈ ਵਿਸ਼ੇਸ਼ ਰਣਨੀਤੀਆਂ ਅਪਣਾਈਆਂ ਗਈਆਂ ਸਨ। ਇਸ ਹਾਈਵੇਅ ਦੇ ਖੁੱਲ੍ਹਣ ਨਾਲ ਗਰਮੀਆਂ ਦੇ ਸੀਜ਼ਨ ਤੋਂ ਪਹਿਲਾਂ ਲੱਦਾਖ ਖੇਤਰ ਵਿੱਚ ਸੈਰ-ਸਪਾਟਾ, ਆਵਾਜਾਈ ਅਤੇ ਜ਼ਰੂਰੀ ਵਸਤਾਂ ਦੀ ਸਪਲਾਈ ਨੂੰ ਵੱਡਾ ਹੁਲਾਰਾ ਮਿਲੇਗਾ।

# ਵਿਸ਼ੇਸ਼ ਕੈਂਪਾਂ ਦਾ ਉਦੇਸ਼ ਲੋਕਾਂ ਵਿੱਚ ਅੱਖਾਂ ਦੀ ਸਿਹਤ ਪ੍ਰਤੀ ਜਾਗਰੂਕਤਾ ਵਧਾਉਣੀ : ਸਿਵਲ ਸਰਜਨ

**ਪਟਿਆਲਾ, 13 ਮਈ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ.ਬਲਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਖਾਂ ਦੀ ਸਿਹਤ ਬਾਰੇ ਜਾਗਰੂਕਤਾ ਫੈਲਾਉਣ ਅਤੇ ਲੋਕਾਂ ਨੂੰ ਮੁਫ਼ਤ ਅੱਖਾਂ ਦੀ ਜਾਂਚ ਸੇਵਾਵਾਂ ਪ੍ਰਦਾਨ ਕਰਨ ਦੇ ਉਦੇਸ਼ ਨਾਲ ਪਿੰਡ ਹਿਆਣਾ ਕਲਾਂ ਵਿਖੇ ਆਈ ਸਕਰੀਨਿੰਗ ਕੈਂਪ ਲਗਾਇਆ ਗਿਆ।



ਸਿਵਲ ਸਰਜਨ ਪਟਿਆਲਾ ਡਾ.ਸ਼ੈਲੀ ਜੇਤਲੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਇਸ ਕੈਂਪ ਵਿੱਚ ਸਥਾਨਕ ਨਿਵਾਸੀਆਂ ਨੇ ਵੱਡੀ ਗਿਣਤੀ ਵਿੱਚ ਭਾਗ ਲਿਆ ਅਤੇ ਲੋਕਾਂ ਨੇ ਮਾਹਿਰ ਡਾਕਟਰਾਂ ਵੱਲੋਂ ਕੀਤੀ ਗਈ ਸੰਪੂਰਨ ਅੱਖਾਂ ਦੀ ਜਾਂਚ ਦਾ ਲਾਭ ਲਿਆ। ਕੈਂਪ ਦੌਰਾਨ ਨਜ਼ਰ ਦੀ ਜਾਂਚ, ਮੋਤੀਆਬਿੰਦ, ਗਲੂਕੋਮਾ ਅਤੇ ਰਿਫਰੈਕਟਿਵ ਗਲਤੀਆਂ ਵਰਗੀਆਂ ਆਮ ਬਿਮਾਰੀਆਂ ਦੀ ਸਕ੍ਰੀਨਿੰਗ ਕੀਤੀ ਗਈ ਅਤੇ ਅੱਖਾਂ ਦੀ ਸੰਭਾਲ ਬਾਰੇ ਸਲਾਹ ਦਿੱਤੀ ਗਈ।

ਸੀਨੀਅਰ ਮੈਡੀਕਲ ਅਫਸਰ ਡਾ.ਮੋਨਿਕਾ ਸੂਦ ਨੇ ਦੱਸਿਆ ਕਿ ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ ਅਤੇ ਲੋੜਵੰਦਾਂ ਨੂੰ ਮੁਫਤ ਦਵਾਈਆਂ ਅਤੇ ਐਨਕਾਂ ਵੰਡੀਆਂ ਗਈਆਂ। ਇਸ ਬਾਰੇ ਡਾ.ਮੋਨਿਕਾ ਸੂਦ ਨੇ ਦੱਸਿਆ ਕਿ ਲਗਾਏ ਜਾ ਰਹੇ ਵਿਸ਼ੇਸ਼ ਕੈਂਪਾਂ ਤਹਿਤ ਅੱਜ ਪਿੰਡ ਹਿਆਣਾ ਕਲਾਂ ਵਿਖੇ 83 ਮਰੀਜ਼ਾਂ ਦੀਆਂ ਅੱਖਾਂ ਦੀ ਜਾਂਚ ਕੀਤੀ ਗਈ। ਇਨ੍ਹਾਂ ਵਿੱਚੋਂ 38 ਦੇ ਲਗਭਗ ਲੋੜਵੰਦਾਂ ਨੂੰ ਐਨਕਾਂ ਵੀ ਵੰਡੀਆਂ ਗਈਆਂ ਅਤੇ 8 ਮਰੀਜ਼ਾਂ ਨੂੰ ਮਾਤਾ ਕੁਸ਼ੱਲਿਆ ਹਸਪਤਾਲ ਵਿਖੇ ਰੈਫਰ ਕੀਤਾ ਗਿਆ। ਇਸ ਮੌਕੇ ਉਹਨਾਂ ਨੇ ਜਾਣਕਾਰੀ ਦਿੱਤੀ ਕਿ ਆਉਂਦੇ ਦਿਨਾਂ ਵਿੱਚ ਵੀ ਇਹ ਵਿਸ਼ੇਸ਼ ਕੈਂਪ ਜਾਰੀ ਰਹਿਣਗੇ, ਜਿਸ ਤਹਿਤ ਮਿਤੀ 13 ਮਈ ਨੂੰ ਪਿੰਡ ਹਿਆਣਾ ਖੁਰਦ ਵਿਖੇ ਅੱਖਾਂ ਦੀ ਜਾਂਚ ਦਾ ਮੁਫਤ ਵਿਸ਼ੇਸ਼ ਕੈਂਪ ਲੱਗੇਗਾ। ਜਿਸ ਵਿੱਚ ਵੱਧ ਤੋਂ ਵੱਧ ਲੋਕਾਂ ਨੂੰ ਸ਼ਮੂਲੀਅਤ ਕਰਕੇ ਇਨ੍ਹਾਂ ਕੈਂਪਾਂ ਦਾ ਲਾਹਾ ਲੈਣਾ ਚਾਹੀਦਾ ਹੈ। ਕੈਂਪ ਲਈ ਸਥਾਨਕ ਆਗੂਆਂ ਵੱਲੋਂ ਵਿਸ਼ੇਸ਼ ਸਹਿਯੋਗ ਦਿੱਤਾ ਗਿਆ। ਇਸ ਕੈਂਪ ਦੇ ਦੌਰਾਨ ਮਰੀਜਾਂ ਦੇ ਮੁੱਖ ਮੰਤਰੀ ਸਿਹਤ ਬੀਮਾ ਯੋਜਨਾ ਅਧੀਨ ਸਿਹਤ ਕਾਰਡ ਵੀ ਬਣਾਏ ਗਏ। ਇਸ ਮੌਕੇ ਅੱਖਾਂ ਦੇ ਮਾਹਿਰ ਡਾ.ਗੁਰਪ੍ਰੀਤ ਸਿੰਘ, ਹਰਨਿਆਣ ਸਿੰਘ ਅਪਥੈਲਮਿਕ ਅਫਸਰ ਸਮੇਤ ਸਮੂਹ ਸਿਹਤ ਕਰਮਚਾਰੀ ਹਾਜ਼ਰ ਸਨ।

## ਏਅਰ ਇੰਡੀਆ ਨੇ ਪਾਬੰਦੀ ਜੂਨ ਦੇ ਅੰਤ ਤੱਕ ਵਧਾਈ

**ਯੇਰੂਸ਼ਲਮ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਏਅਰ ਇੰਡੀਆ ਨੇ ਮੰਗਲਵਾਰ ਨੂੰ ਐਲਾਨ ਕੀਤਾ ਹੈ ਕਿ ਪੱਛਮੀ ਏਸ਼ੀਆ ਵਿੱਚ ਬਣੀ ਅਨਿਸ਼ਚਿਤਤਾ ਦੀ ਸਥਿਤੀ ਦੇ ਮੱਦੇਨਜ਼ਰ ਉਹ ਤਲ ਅਵੀਵ-ਦਿੱਲੀ ਮਾਰਗ 'ਤੇ ਆਪਣੀਆਂ ਉਡਾਣਾਂ ਦੀ ਮੁਅੱਤਲੀ ਨੂੰ ਜੂਨ ਦੇ ਅੰਤ ਤੱਕ ਵਧਾ ਰਹੀ ਹੈ। ਏਅਰਲਾਈਨ ਦੇ ਇਜ਼ਰਾਈਲ ਸੰਚਾਲਨ ਦੇ ਮੁਖੀ ਇੱਕ ਸੀਨੀਅਰ ਅਧਿਕਾਰੀ ਨੇ ਇਸ ਫੈਸਲੇ ਦੀ ਪੁਸ਼ਟੀ ਕੀਤੀ ਹੈ।ਇਸ ਤੋਂ ਪਹਿਲਾਂ ਅਪਰੈਲ ਵਿੱਚ ਭਾਰਤੀ ਏਅਰਲਾਈਨ ਕੰਪਨੀ ਨੇ ਮਈ ਦੇ ਅੰਤ ਤੱਕ ਆਪਣੀਆਂ ਉਡਾਣਾਂ ਨੂੰ ਰੋਕਣ ਦਾ ਐਲਾਨ ਕੀਤਾ ਸੀ ਪਰ ਹੁਣ ਹਾਲਾਤ ਨੂੰ ਦੇਖਦੇ ਹੋਏ ਇਸ ਨੂੰ ਹੋਰ ਅੱਗੇ ਵਧਾਉਣ ਦਾ ਫੈਸਲਾ ਕੀਤਾ ਗਿਆ ਹੈ। ਹਾਲਾਂਕਿ ਅਮਰੀਕਾ ਅਤੇ ਇਰਾਨ ਵਿਚਾਲੇ ਜੰਗਬੰਦੀ ਵਰਗੀ ਸਥਿਤੀ ਕੁਝ ਸਮੇਂ ਤੋਂ ਬਣੀ ਹੋਈ ਹੈ, ਫਿਰ ਵੀ ਪੱਛਮੀ ਏਸ਼ੀਆ ਦੇ ਹਾਲਾਤ ਪੂਰੀ ਤਰ੍ਹਾਂ ਸਥਿਰ ਨਹੀਂ ਹਨ। ਇਸੇ ਅਨਿਸ਼ਚਿਤਤਾ ਕਾਰਨ ਜ਼ਿਆਦਾਤਰ ਏਅਰਲਾਈਨ ਕੰਪਨੀਆਂ ਤਲ ਅਵੀਵ ਮਾਰਗ 'ਤੇ ਆਪਣੀਆਂ ਸੇਵਾਵਾਂ ਬੰਦ ਰੱਖਣ ਲਈ ਮਜਬੂਰ ਹੋਈਆਂ ਹਨ।ਮੌਜੂਦਾ ਸਮੇਂ ਵਿੱਚ ਐਲ ਅਲ, ਇਸਰਾਏਅਰ, ਅਰਕੀਆ ਅਤੇ ਏਅਰ ਹਾਈਫਾ ਵਰਗੀਆਂ ਇਜ਼ਰਾਈਲੀ ਹਵਾਈ ਸੇਵਾਵਾਂ ਤੋਂ ਇਲਾਵਾ, ਸਿਰਫ਼ ਕੁਝ ਹੀ ਅੰਤਰਰਾਸ਼ਟਰੀ ਏਅਰਲਾਈਨਾਂ ਨੇ ਆਪਣਾ ਕੰਮਕਾਜ ਦੁਬਾਰਾ ਸ਼ੁਰੂ ਕੀਤਾ ਹੈ।

# ਦੇਸ਼ ਵਿਆਪੀ ਤਾਲਾਬੰਦੀ ਫਿਰ ?

**ਨਵੀਂ ਦਿੱਲੀ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਧਾਨ ਮੰਤਰੀ ਮੋਦੀ ਦੇ ਤਾਜ਼ਾ ਬਿਆਨਾਂ ਤੋਂ ਬਾਅਦ ਦੇਸ਼ ਵਿੱਚ ਲੌਕਡਾਊਨ ਨੂੰ ਲੈ ਕੇ ਵੱਖ ਵੱਖ ਤਰ੍ਹਾ ਦੀਆਂ ਅਫ਼ਵਾਹਾਂ ਸਾਹਮਣੇ ਆ ਰਹੀਆਂ ਸਨ। ਹਾਲਾਂਕਿ ਇਸ ਸਬੰਧ ਕੇਂਦਰੀ ਮੰਤਰੀ ਹਰਦੀਪ ਸਿੰਘ ਪੁਰੀ ਨੇ ਮੰਗਲਵਾਰ ਨੂੰ ਤਾਜ਼ਾ ਬਿਆਨ ਦਿੱਤਾ ਹੈ। ਉਹ ਇੱਥੇ ਇੱਕ ਸੀਆਈਆਈ (CII) ਪ੍ਰੋਗਰਾਮ ਵਿੱਚ ਪੁੱਜੇ ਹੋਏ ਸਨ।

ਇਸ ਦੌਰਾਨ ਸੰਬੋਧਨ ਕਰਦਿਆਂ ਕੇਂਦਰੀ ਪੈਟਰੋਲੀਅਮ ਮੰਤਰੀ ਹਰਦੀਪ ਸਿੰਘ ਪੁਰੀ ਨੇ ਅੱਜ ਲੌਕਡਾਊਨ ਦੀ ਗੱਲ ਨੂੰ ਪੂਰੀ ਤਰ੍ਹਾਂ ਝੂਠੀ ਅਤੇ ਇੱਕ ਅਫਵਾਹ ਕਰਾਰ ਦਿੱਤਾ ਅਤੇ ਕਿਹਾ ਕਿ ਭਾਰਤ ਕੋਲ ਬਾਲਣ ਦੀ ਪੂਰੀ ਸਪਲਾਈ ਹੈ।ਪੁਰੀ ਨੇ ਇੱਕ ਸੀਆਈਆਈ (399) ਪ੍ਰੋਗਰਾਮ ਵਿੱਚ ਕਿਹਾ ਦੇਸ਼ ਵਿੱਚ ਕਿਸੇ ਵੀ ਪੈਟਰੋਲੀਅਮ ਉਤਪਾਦ ਦੀ ਕੋਈ ਕਮੀ ਨਹੀਂ ਹੈ। ਭਾਰਤ ਕੋਲ 60 ਦਿਨਾਂ ਦਾ ਕੱਚਾ ਤੇਲ, 60 ਦਿਨਾਂ ਦੀ ਐੱਲਐੱਨਜੀ (LNG) ਅਤੇ 45 ਦਿਨਾਂ ਦੇ ਐੱਲਪੀਜੀ (LPG) ਭੰਡਾਰ ਉਪਲਬਧ ਹਨ। ਪੱਛਮੀ ਏਸ਼ੀਆ ਵਿੱਚ ਤਣਾਅ ਦੇ ਵਿਚਕਾਰ, ਨਿਰਵਿਘਨ ਸਪਲਾਈ ਯਕੀਨੀ ਬਣਾਉਣ ਲਈ, ਭਾਰਤ ਨੇ ਬੇਮਿਸਾਲ ਤਰੀਕੇ ਨਾਲ ਆਪਣੇ ਰੋਜ਼ਾਨਾ ਐੱਲਪੀਜੀ ਉਤਪਾਦਨ (35,000 ਟਨ ਤੋਂ ਵਧਾ ਕੇ 54,000 ਟਨ) ਵਿੱਚ ਵਾਧਾ ਕੀਤਾ ਹੈ।”ਹਾਲਾਂਕਿ ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਜੇ ਕੱਚੇ ਤੇਲ ਦੀਆਂ ਕੀਮਤਾਂ ਉੱਚੀਆਂ ਰਹਿੰਦੀਆਂ ਹਨ ਅਤੇ ਰਿਟੇਲ ਬਾਲਣ ਦੀਆਂ ਕੀਮਤਾਂ ਉਹੀ ਰਹਿੰਦੀਆਂ ਹਨ ।

# ਗੁਰਦੁਆਰਾ ਬੰਗਲਾ ਸਾਹਿਬ ਵਿਖੇ ਇਤਿਹਾਸਕ ਲਾਇਬ੍ਰੇਰੀ ਦਾ ਨਵੀਨੀਕਰਨ: ਹਰਮੀਤ ਸਿੰਘ ਕਾਲਕਾ

**ਨਵੀਂ ਦਿੱਲੀ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**



ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਰਦਾਰ ਹਰਮੀਤ ਸਿੰਘ ਕਾਲਕਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਗੁਰਦੁਆਰਾ ਬੰਗਲਾ ਸਾਹਿਬ ਵਿਖੇ ਸਥਿਤ ਪੁਰਾਤਨ ਅਤੇ ਇਤਿਹਾਸਕ ਮਹੱਤਤਾ ਵਾਲੀ ਲਾਇਬ੍ਰੇਰੀ ਦਾ ਵੱਡੇ ਪੱਧਰ 'ਤੇ ਨਵੀਨੀਕਰਨ ਸੰਗਤ ਦੇ ਸਹਿਯੋਗ ਨਾਲ ਸਫਲਤਾਪੂਰਵਕ ਕੀਤਾ ਗਿਆ ਹੈ। ਉਨਾਂ ਕਿਹਾ ਕਿ ਇਹ ਲਾਇਬ੍ਰੇਰੀ ਸਿੱਖ ਇਤਿਹਾਸ ਅਤੇ ਵਿਰਾਸਤ ਦਾ ਅਨਮੋਲ ਖ਼ਜ਼ਾਨਾ ਹੈ, ਜਿਸ ਵਿੱਚ ਸਦੀਆਂ ਪੁਰਾਣੀਆਂ ਕਿਤਾਬਾਂ ਅਤੇ ਦੁਰਲਭ ਪਾਠ ਸਮੱਗਰੀ ਸੰਭਾਲੀ ਹੋਈ ਸੀ।

ਸਰਦਾਰ ਕਾਲਕਾ ਨੇ ਕਿਹਾ ਕਿ ਨਵੀਨੀਕਰਨ ਤੋਂ ਬਾਅਦ ਇਹ ਲਾਇਬ੍ਰੇਰੀ ਇੱਕ ਆਧੁਨਿਕ ਗਿਆਨ ਕੇਂਦਰ ਵਜੋਂ ਉਭਰੀ ਹੈ, ਜਿੱਥੇ ਪੁਰਾਤਨ ਗ੍ਰੰਥਾਂ ਦੇ ਨਾਲ-ਨਾਲ ਨਵੀਂ ਸਿੱਖਿਆ ਪ੍ਰਣਾਲੀ ਨਾਲ ਸੰਬੰਧਿਤ ਕਿਤਾਬਾਂ ਵੀ ਸ਼ਾਮਲ ਹਨ। ਉਨਾਂ ਕਿਹਾ ਕਿ ਇੱਥੇ ਗੁਰਬਾਣੀ, ਸਿੱਖ ਇਤਿਹਾਸ, ਵਿਆਖਿਆਤਮਕ ਸਾਹਿਤ ਅਤੇ ਪੁਰਾਤਨ ਅਖਬਾਰਾਂ ਦਾ ਵਿਸ਼ਾਲ ਸੰਕਲਨ ਮੌਜੂਦ ਹੈ, ਜੋ ਪੰਥ ਦੀ ਰੋਜ਼ਮਰਰਾ ਇਤਿਹਾਸਕ ਯਾਤਰਾ ਨੂੰ ਜੀਵੰਤ ਢੰਗ ਨਾਲ ਦਰਸਾਉਂਦਾ ਹੈ।

ਉਨ੍ਹਾਂ ਦੱਸਿਆ ਕਿ ਆਧੁਨਿਕ ਯੁੱਗ ਦੀ ਲੋੜ ਨੂੰ ਸਮਝਦਿਆਂ ਲਾਇਬ੍ਰੇਰੀ ਵਿੱਚ ਇੰਟਰਨੈਟ ਸਹੂਲਤ ਅਤੇ ਆਧੁਨਿਕ ਕੰਪਿਊਟਰ ਪ੍ਰਣਾਲੀ ਸਥਾਪਿਤ ਕੀਤੀ ਗਈ ਹੈ, ਜਿਸ ਨਾਲ ਪਾਠਕ ਆਨਲਾਈਨ ਅਧਿਐਨ, ਖੋਜ ਅਤੇ ਆਰਟੀਫਿਸ਼ਅਲ ਇੰਟੈਲੀਜੈਂਸ ਦੇ ਰਾਹੀਂ ਜਾਣਕਾਰੀ ਪ੍ਰਾਪਤ ਕਰ ਸਕਦੇ ਹਨ। ਇਹ ਵਿਵਸਥਾ ਵਿਦਿਆਰਥੀਆਂ ਅਤੇ ਖੋਜਕਰਤਿਆਂ ਲਈ ਵਿਸ਼ੇਸ਼ ਤੌਰ 'ਤੇ ਲਾਭਕਾਰੀ ਸਾਬਤ ਹੋਵੇਗੀ।

ਸਰਦਾਰ ਕਾਲਕਾ ਨੇ ਕਿਹਾ ਕਿ ਇਹ ਲਾਇਬ੍ਰੇਰੀ ਸਿਰਫ ਕਿਤਾਬਾਂ ਦਾ ਭੰਡਾਰ ਨਹੀਂ, ਸਗੋਂ ਸਾਡੀ ਧਾਰਮਿਕ ਅਤੇ ਸੱਭਿਆਚਾਰਕ ਵਿਰਾਸਤ ਨੂੰ ਸਮਝਣ ਦਾ ਇੱਕ ਪ੍ਰਮੁੱਖ ਕੇਂਦਰ ਹੈ। ਇੱਥੇ ਸੰਭਾਲੇ ਗਏ ਪੁਰਾਤਨ ਵੋਲਿਊਮ ਅਤੇ ਦਸਤਾਵੇਜ਼ ਸਾਡੀ ਸਿੱਖ ਕੌਮ ਦੇ ਇਤਿਹਾਸਕ ਪਲਾਂ ਦੀ ਗਵਾਹੀ ਦਿੰਦੇ ਹਨ ਅਤੇ ਨਵੀਂ ਪੀੜ੍ਹੀ ਨੂੰ ਆਪਣੇ ਮੂਲਾਂ ਨਾਲ ਜੋੜਦੇ ਹਨ।ਉਨ੍ਹਾਂ ਸੰਗਤ ਨੂੰ ਬੇਨਤੀ ਕੀਤੀ ਕਿ ਜਿਹੜੇ ਲੋਕ ਪੜ੍ਹਨ ਦੀ ਰੁਚੀ ਰੱਖਦੇ ਹਨ ਜਾਂ ਆਪਣੇ ਗਿਆਨ ਵਿੱਚ ਵਾਧਾ ਕਰਨਾ ਚਾਹੁੰਦੇ ਹਨ, ਉਹ ਗੁਰਦੁਆਰਾ ਬੰਗਲਾ ਸਾਹਿਬ ਦੇ ਦਫ਼ਤਰ ਕੰਪਲੈਕਸ ਨਾਲ ਸਥਿਤ ਇਸ ਆਧੁਨਿਕ ਲਾਇਬ੍ਰੇਰੀ ਦਾ ਲਾਭ ਜ਼ਰੂਰ ਲੈਣ। ਖ਼ਾਸ ਕਰਕੇ ਬੱਚਿਆਂ ਅਤੇ ਨੌਜਵਾਨਾਂ ਲਈ ਇੱਥੇ ਮੁੱਢਲੀ ਸਿੱਖਿਆ ਤੋਂ ਲੈ ਕੇ ਉੱਚ ਪੱਧਰ ਤੱਕ ਦੀਆਂ ਕਿਤਾਬਾਂ ਉਪਲਬਧ ਹਨ, ਜੋ ਉਨ੍ਹਾਂ ਦੇ ਭਵਿੱਖ ਨੂੰ ਨਵੀਂ ਦਿਸ਼ਾ ਦੇਣਗੀਆਂ।

ਉਨ੍ਹਾਂ ਕਿਹਾ ਕਿ ਗੁਰਦੁਆਰਾ ਬੰਗਲਾ ਸਾਹਿਬ ਹੁਣ ਸਿਰਫ ਆਧਿਆਤਮਿਕ ਕੇਂਦਰ ਹੀ ਨਹੀਂ, ਸਗੋਂ ਗਿਆਨ, ਖੋਜ ਅਤੇ ਆਧੁਨਿਕ ਸਿੱਖਿਆ ਦਾ ਇੱਕ ਪ੍ਰਕਾਸ਼-ਪੁੰਜ ਬਣਦਾ ਜਾ ਰਿਹਾ ਹੈ। ਉਨ੍ਹਾਂ ਸਾਰੀਆਂ ਸੰਗਤਾਂ ਨੂੰ ਅਪੀਲ ਕੀਤੀ ਕਿ ਦਰਸ਼ਨ ਕਰਨ ਦੇ ਨਾਲ-ਨਾਲ ਇਸ ਵਿਲੱਖਣ ਲਾਇਬ੍ਰੇਰੀ ਦਾ ਵੀ ਦੌਰਾ ਕਰਕੇ ਇਸ ਦੇ ਵਿਸ਼ਾਲ ਗਿਆਨ-ਭੰਡਾਰ ਤੋਂ ਲਾਭ ਪ੍ਰਾਪਤ ਕਰਨ।

# ਡੀਐਸਜੀਐਮਸੀ ਵੱਲੋਂ ਸਿੱਖਿਆ ਸੇਵਾ ਕਾਊਂਟਰ ਸਥਾਪਿਤ: ਹਰਮੀਤ ਸਿੰਘ ਕਾਲਕਾ

**ਨਵੀਂ ਦਿੱਲੀ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਬੰਗਲਾ ਸਾਹਿਬ ਦੇ ਬਾਹਰ ਇੱਕ ਵਿਸ਼ੇਸ਼ ਸੇਵਾ ਕਾਊਂਟਰ ਸਥਾਪਿਤ ਕੀਤਾ ਗਿਆ ਹੈ, ਜਿਸਦਾ ਉਦੇਸ਼ ਲੋੜਵੰਦ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਪਰਿਵਾਰਾਂ ਦੇ ਬੱਚਿਆਂ ਨੂੰ ਸਿੱਖਿਆ ਨਾਲ ਜੋੜਨਾ ਅਤੇ ਉਨ੍ਹਾਂ ਦੀਆਂ ਮੁੱਢਲੀਆਂ ਵਿਦਿਅਕ ਲੋੜਾਂ ਨੂੰ ਪੂਰਾ ਕਰਨਾ ਹੈ।

ਉਨ੍ਹਾਂ ਦੱਸਿਆ ਕਿ ਇਸ ਸੇਵਾ ਕਾਊਂਟਰ 'ਤੇ ਸੰਗਤਾਂ ਵੱਲੋਂ ਦਾਨ ਕੀਤੀ ਗਈ ਵੱਖ-ਵੱਖ ਤਰ੍ਹਾਂ ਦੀ ਵਿਦਿਅਕ ਸਮੱਗਰੀ ਰੱਖੀ ਗਈ ਹੈ, ਿ ਜਸ ਵਿੱਚ ਕਿਤਾਬਾਂ, ਕਾਪੀਆਂ, ਪੈਨਸਲਾਂ, ਰਬੜ, ਸ਼ਾਰਪਨਰ, ਡਾਇਰੀਆਂ, ਸਕੂਲ ਬੈਗ ਅਤੇ ਹੋਰ ਜ਼ਰੂਰੀ ਪਾਠ ਸਮੱਗਰੀ ਸ਼ਾਮਲ ਹੈ। ਉਨਾਂ ਦਸਿਆ ਕਿ ਇਹ ਸਾਰੀ ਸਮੱਗਰੀ ਉਹਨਾਂ ਲੋੜਵੰਦ ਪਰਿਵਾਰਾਂ ਨੂੰ ਮੁਹੱਈਆ ਕਰਵਾਈ ਜਾਂਦੀ ਹੈ ਜੋ ਆਪਣੇ ਬੱਚਿਆਂ ਦੀ ਪੜ੍ਹਾਈ ਦਾ ਖਰਚਾ ਝੱਲਣ ਦੇ ਸਮਰੱਥ ਨਹੀਂ ਹਨ।



ਸਰਦਾਰ ਕਾਲਕਾ ਨੇ ਕਿਹਾ ਕਿ ਅੱਜ ਦੇ ਆਧੁਨਿਕ ਯੁੱਗ ਵਿੱਚ ਸਿੱਖਿਆ ਮਨੁੱਖੀ ਜੀਵਨ ਦੀ ਸਭ ਤੋਂ ਵੱਡੀ ਜ਼ਰੂਰਤ ਬਣ ਚੁੱਕੀ ਹੈ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਆਪਣੀ ਸਮਾਜਿਕ ਅਤੇ ਪੰਥਕ ਜ਼ਿੰਮੇਵਾਰੀ ਨੂੰ ਨਿਭਾਉਂਦਿਆਂ ਇਸ ਮਹੱਤਵਪੂਰਨ ਪ੍ਰੋਜੈਕਟ ਦੀ ਸ਼ੁਰੂਆਤ ਕਰ ਰਹੀ ਹੈ।

ਉਨ੍ਹਾਂ ਕਿਹਾ ਕਿ ਜੇਕਰ ਕੌਮ ਨੂੰ ਤਰੱਕੀ ਦੇ ਰਾਹ 'ਤੇ ਲੈ ਕੇ ਜਾਣਾ ਹੈ ਤਾਂ ਸਾਡੇ ਬੱਚਿਆਂ ਨੂੰ ਉੱਚ ਗੁਣਵੱਤਾ ਵਾਲੀ ਸਿੱਖਿਆ ਨਾਲ ਜੋੜਨਾ ਬਹੁਤ ਜ਼ਰੂਰੀ ਹੈ।

ਉਨ੍ਹਾਂ ਅੱਗੇ ਕਿਹਾ ਕਿ ਇਹ ਕੋਸ਼ਿਸ਼ ਸਿਰਫ਼ ਇਕ ਸੇਵਾ ਨਹੀਂ, ਸਗੋਂ ਸਮਾਜ ਨੂੰ ਗਿਆਨ ਦੀ ਰੌਸ਼ਨੀ ਨਾਲ ਰੋਸ਼ਨ ਕਰਨ ਦਾ ਇਕ ਪਵਿੱਤਰ ਉਪਰਾਲਾ ਹੈ। ਉਨ੍ਹਾਂ ਨੇ ਖੁਸ਼ੀ ਪ੍ਰਗਟ ਕਰਦਿਆਂ ਕਿਹਾ ਕਿ ਸੰਗਤ ਵੱਲੋਂ ਇਸ ਸੇਵਾ ਲਈ ਬੇਹੱਦ ਉਤਸ਼ਾਹ ਨਾਲ ਯੋਗਦਾਨ ਦਿੱਤਾ ਜਾ ਰਿਹਾ ਹੈ। ਕੋਈ ਕਿਤਾਬਾਂ ਦਾਨ ਕਰ ਰਿਹਾ ਹੈ, ਕੋਈ ਕਾਪੀਆਂ, ਸਕੂਲ ਬੈਗ ਜਾਂ ਹੋਰ ਵਿਦਿਅਕ ਸਮੱਗਰੀ ਦੇ ਕੇ ਇਸ ਮਹਾਨ ਕਾਰਜ ਵਿੱਚ ਆਪਣਾ ਹਿੱਸਾ ਪਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਦਿੱਲੀ। ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਕੰਮ ਸਿਰਫ਼ ਇਸ ਸੇਵਾ ਦਾ ਸੁਚੱਜਾ ਪ੍ਰਬੰਧ ਕਰਨਾ ਹੈ,

ਜਦਕਿ ਇਸ ਸੇਵਾ ਦੀ ਅਸਲ ਤਾਕਤ ਸੰਗਤ ਦਾ ਦਸਵੰਧ ਅਤੇ ਸੇਵਾ ਭਾਵਨਾ ਹੈ।

ਜਿਵੇਂ ਸੰਗਤਾਂ ਲੰਗਰ, ਠੰਡੇ ਮਿੱਠੇ ਜਲ, ਆਈਸਕ੍ਰੀਮ ਜਾਂ ਹੋਰ ਸੇਵਾਵਾਂ ਵਿੱਚ ਯੋਗਦਾਨ ਪਾਉਂਦੀਆਂ ਹਨ, ਉਸੇ ਤਰ੍ਹਾਂ ਹੁਣ ਸਿੱਖਿਆ ਦਾਨ ਨੂੰ ਵੀ ਇੱਕ ਮਹਾਨ ਸੇਵਾ ਵਜੋਂ ਅਪਣਾਇਆ ਜਾ ਰਿਹਾ ਹੈ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਸੰਗਤ ਨੂੰ ਅਪੀਲ ਕਰਦਿਆਂ ਕਿਹਾ ਕਿ ਜਿਹੜੇ ਵੀ ਸੱਜਣ ਚਾਹੁੰਦੇ ਹਨ ਕਿ ਉਨ੍ਹਾਂ ਦਾ ਦਸਵੰਧ ਸਹੀ ਅਤੇ ਲੋੜਵੰਦ ਥਾਵਾਂ 'ਤੇ ਲੱਗੇ, ਉਹ ਇਸ ਸਿੱਖਿਆ ਸੇਵਾ ਵਿੱਚ ਵੱਧ ਚੜ੍ਹ ਕੇ ਆਪਣਾ ਯੋਗਦਾਨ ਪਾਉਣ।

ਉਨ੍ਹਾਂ ਕਿਹਾ ਕਿ ਨਕਦ ਰਕਮ ਦੀ ਬਜਾਏ ਲੋਕ ਆਪਣੀ ਸਮਰੱਥਾ ਅਨੁਸਾਰ ਵਿਦਿਅਕ ਸਮੱਗਰੀ ਦਾਨ ਕਰ ਸਕਦੇ ਹਨ, ਤਾਂ ਜੋ ਵੱਧ ਤੋਂ ਵੱਧ ਲੋੜਵੰਦ ਬੱਚਿਆਂ ਤੱਕ ਸਹਾਇਤਾ ਪਹੁੰਚ ਸਕੇ।

ਉਨ੍ਹਾਂ ਦੱਸਿਆ ਕਿ ਇਸ ਪੂਰੀ ਵਿਵਸਥਾ ਨੂੰ ਪਾਰਦਰਸ਼ੀ ਅਤੇ ਸੁਚਾਰੂ ਢੰਗ ਨਾਲ ਚਲਾਉਣ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਉਨਾਂ ਕਿਹਾ ਕਿ ਸਮੱਗਰੀ ਦਾਨ ਕਰਨ ਵਾਲਿਆਂ ਦੀ ਵੀ ਵਿਉਂਤਬੰਦੀ ਨਾਲ ਐਂਟਰੀ ਕੀਤੀ ਜਾਂਦੀ ਹੈ

ਅਤੇ ਸਮੱਗਰੀ ਪ੍ਰਾਪਤ ਕਰਨ ਵਾਲੇ ਲੋੜਵੰਦ ਪਰਿਵਾਰਾਂ ਦਾ ਆਧਾਰ ਕਾਰਡ ਅਤੇ ਲੋੜ ਸੰਬੰਧੀ ਵੇਰਵਾ ਦਰਜ ਕਰਕੇ ਇਹ ਯਕੀਨੀ ਬਣਾਇਆ ਜਾਂਦਾ ਹੈ ਕਿ ਸਹਾਇਤਾ ਸਹੀ ਲੋੜਵੰਦ ਹੱਕਦਾਰ ਬਚਿਆ ਤੱਕ ਪਹੁੰਚੇ।

ਸਰਦਾਰ ਹਰਮੀਤ ਸਿੰਘ ਕਾਲਕਾ ਨੇ ਸੰਗਤ ਨੂੰ ਬੇਨਤੀ ਕੀਤੀ ਕਿ ਉਹ ਇਸ ਮਹਾਨ ਸਿੱਖਿਆ ਸੇਵਾ ਮੁਹਿਮ ਵਿੱਚ ਆਪਣਾ ਯੋਗਦਾਨ ਪਾ ਕੇ ਲੋੜਵੰਦ ਬੱਚਿਆਂ ਦੇ ਭਵਿੱਖ ਨੂੰ ਰੌਸ਼ਨ ਕਰਨ ਵਿੱਚ ਸਾਥ ਦੇਣ।

# ਸਾਡੀ ਉਂਗਲ ਹਾਲੇ ਵੀ ਬੰਦੂਕ ਦੇ ਘੋੜੇ 'ਤੇ: ਇਰਾਨ

**ਤਹਿਰਾਨ, 13 ਮਈ**
**-ਕੌਮੀ ਪੱਤ੍ਰਿਕਾ ਬਿਊਰੋ-**

ਇਰਾਨ ਨੇ ਚਿਤਾਵਨੀ ਦਿੱਤੀ ਹੈ ਕਿ ਤਹਿਰਾਨ 'ਹਾਲੇ ਵੀ ਬੰਦੂਕ ਦੇ ਘੋੜੇ 'ਤੇ ਉਂਗਲ ਰੱਖੀ ਬੈਠਾ ਹੈ ਅਤੇ ਗੱਲਬਾਤ ਰਾਹੀਂ ਸਮਝੌਤੇ ਦੀ ਉਡੀਕ ਕਰ ਰਿਹਾ ਹੈ'।

ਇਹ ਬਿਆਨ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਸ ਬਿਆਨ ਤੋਂ ਕੁਝ ਘੰਟੇ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਜੰਗਬੰਦੀ ਆਖ਼ਰੀ ਸਾਹਾਂ 'ਤੇ ਹੈ। ਉਨ੍ਹਾਂ ਇਰਾਨ ਦੀ ਸ਼ਾਂਤੀ ਸਬੰਧੀ 14 ਨੁਕਾਤੀ ਤਜਵੀਜ਼ ਨੂੰ 'ਕੂੜੇ ਦਾ ਢੇਰ' ਕਰਾਰ ਦਿੱਤਾ ਸੀ।

ਇਰਾਨੀ ਸਰਕਾਰ ਦੀ ਤਰਜਮਾਨ ਫ਼ਾਤਿਮਾ ਮੋਹਾਜੇਰਾਨੀ ਨੇ ਦੇਸ਼ ਦੇ ਫ਼ੌਜੀ ਰਵੱਈਏ ਨੂੰ 'ਚੌਕਸੀ ਭਰੀ ਤਿਆਰੀ' ਦੱਸਿਆ। ਇਰਾਨੀ ਸਟੂਡੈਂਟਸ ਨਿਊਜ਼ ਏਜੰਸੀ ਨੇ ਉਨ੍ਹਾਂ ਦੇ ਹਵਾਲੇ ਨਾਲ ਕਿਹਾ, “ਅਸੀਂ 40 ਦਿਨਾਂ ਤੱਕ ਦੁਨੀਆ ਦੀ ਸਭ ਤੋਂ ਵੱਡੀ ਫ਼ੌਜੀ ਤਾਕਤ ਨਾਲ ਲੜੇ ਹਾਂ। ਅਸੀਂ ਹਾਲੇ ਵੀ ਬੰਦੂਕ ਦਾ ਘੋੜਾ ਫੜੀ ਬੈਠੇ ਹਾਂ ਤੇ ਗੱਲਬਾਤ ਰਾਹੀਂ ਸਮਝੌਤੇ ਦੀ ਉਡੀਕ ਕਰ ਰਹੇ ਹਾਂ।” 28 ਫਰਵਰੀ ਤੋਂ ਸ਼ੁਰੂ ਹੋਈ ਭਿਆਨਕ ਜੰਗ ਦੇ 40 ਦਿਨਾਂ ਬਾਅਦ ਵਾਸ਼ਿੰਗਟਨ ਅਤੇ ਤਹਿਰਾਨ ਦਰਮਿਆਨ 8 ਅਪਰੈਲ ਨੂੰ



ਜੰਗਬੰਦੀ ਸ਼ੁਰੂ ਹੋਈ ਸੀ, ਜਿਸ ਲਈ ਗੱਲਬਾਤ ਹਾਲੇ ਵੀ ਪ੍ਰਕਿਰਿਆ ਅਧੀਨ ਹੈ। ਉਨ੍ਹਾਂ ਕਿਹਾ ਕਿ ਇਸਲਾਮਿਕ ਰਿਪਬਲਿਕ ਦੀ ਤਰਜੀਹ ਲਗਾਤਾਰ ਸੰਘਰਸ਼ ਦੀ ਥਾਂ ਸਫ਼ਾਰਤੀ ਹੱਲ ਵਿੱਚ ਹੈ। ਮੋਹਾਜੇਰਾਨੀ ਨੇ ਕਿਹਾ, “ਸਾਡਾ ਮੁੱਖ ਧਿਆਨ ਸਥਾਈ ਅਮਨ 'ਤੇ ਹੈ।”

ਜੰਗ ਦੌਰਾਨ ਲਾਈਆਂ ਗਈਆਂ ਸਖ਼ਤ ਡਿਜੀਟਲ ਪਾਬੰਦੀਆਂ ਦਾ ਜ਼ਿਕਰ ਕਰਦਿਆਂ ਮੋਹਾਜੇਰਾਨੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪ੍ਰਸ਼ਾਸਨ ਇੰਟਰਨੈਟ ਸੰਪਰਕ ਨੂੰ ਬੁਨਿਆਦੀ ਹੱਕ ਵਜੋਂ ਦੇਖਦਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਪਹੁੰਚ ਇੰਟਰਨੈਟ ਸਮੇਤ ਸਾਰੇ ਬੁਨਿਆਦੀ ਢਾਂਚੇ ਤੱਕ ਬਰਾਬਰ ਪਹੁੰਚ ਯਕੀਨੀ ਬਣਾਉਣ ਦੀ ਹੈ। ਉਹ ਇੰਟਰਨੈਟ ਪਹੁੰਚ ਨੂੰ ਸ਼ਹਿਰੀ ਹੱਕਾਂ ਵਜੋਂ ਮਾਨਤਾ ਦਿੰਦੇ ਹਨ।

*ਨਵੇਂ ਲੇਖਕਾਂ ਨੂੰ ਨਜ਼ਰ ਵਿਚ ਰੱਖਦੇ ਹੋਏ ਅਸੀਂ ਇਹ ਕਾਲਮ 'ਸੋਨ ਸੁਨਹਿਰੀ ਕਲਮਾਂ' ਸ਼ੁਰੂ ਕੀਤਾ ਹੈ। ਇਸ ਵਿਚ ਲੇਖਕ ਦੇ ਜੀਵਨ ਦੀ ਸੰਖੇਪ ਜਾਣਕਾਰੀ ਦੇ ਨਾਲ ਉਸ ਦੀਆਂ ਰਚਨਾਵਾਂ ਵੀ ਪਾਠਕਾਂ ਦੇ ਰੂਬਰੂ ਕਰਾਂਗੇ।*

## ਸੋਨ ਸੁਨਹਿਰੀ ਕਲਮਾਂ

## ਸੰਭਾਵਨਾਵਾਂ ਭਰਪੂਰ ਸ਼ਾਇਰ



**ਅਕਰਮ ਧੂਰਕੋਟ**
98156-07290

ਅਕਰਮ ਧੂਰਕੋਟ ਨਵੀਂ ਪੀੜ੍ਹੀ ਦਾ ਸੰਭਾਵਨਾਵਾਂ ਭਰਪੂਰ ਲੇਖਕ ਹੈ। ਭਾਵੇਂ ਉਹ ਮਿੰਨੀ ਕਹਾਣੀ ਤੇ ਲੇਖ ਵੀ ਲਿਖਦਾ ਹੈ ਪਰ ਜ਼ਿਆਦਾ ਤਵੱਜੋ ਕਵਿਤਾ ਵੱਲ ਹੈ। ਅਕਰਮ ਅਨੁਸਾਰ ਲਿਖਣ ਪੜ੍ਹਨ ਦੀ ਉਸ ਦੇ ਪਰਿਵਾਰ ਵਿਚ ਕੋਈ ਰਵਾਇਤ ਨਹੀਂ ਸੀ ਬਲਕਿ ਉਸ ਦੇ ਮਾਂ-ਬਾਪ ਪੜ੍ਹੇ ਲਿਖੇ ਵੀ ਨਹੀਂ ਸਨ। ਉਸ ਦਾ ਮੰਨਣਾ ਹੈ ਕਿ ਇਹ ਕੁਦਰਤ ਦੀ ਦੇਣ ਹੀ ਹੈ। ਵਿਚਾਰਧਾਰਕ ਪੱਖੋਂ ਪਾਸ਼ ਤੋਂ ਪ੍ਰਭਾਵਿਤ ਇਹ ਨੌਜਵਾਨ ਸ਼ਾਇਰ ਲੋਕਾਂ ਦੇ ਦੁੱਖਾਂ-ਦਰਦਾਂ, ਦੁਸ਼ਵਾਰੀਆਂ ਤੇ ਸਮਾਜ ਵਿਚ ਵਿਆਪਤ ਸਮੱਸਿਆਵਾਂ ਤੇ ਬੁਰਾਈਆਂ ਨੂੰ ਆਪਣੀ ਕਲਮ ਰਾਹੀਂ ਬਿਆਨ ਕਰਨ ਦੀ ਰੁਚੀ ਰੱਖਦਾ ਹੈ। ਉਸ ਦੀਆਂ ਕੁਝ ਰਚਨਾਵਾਂ ਦੋ ਸਾਂਝੀਆਂ ਕਾਵਿ ਪੁਸਤਕਾਂ ਵਿਚ ਸ਼ਾਮਲ ਹੋਈਆਂ ਹਨ। ਹੁਣ ਉਹ ਆਪਣੀ ਕਾਵਿ ਪੁਸਤਕ ਛਪਵਾਉਣ ਲਈ ਯਤਨਸ਼ੀਲ ਹੈ। ਉਸਾਰੂ ਸਾਹਿਤ ਵਿੱਚੋਂ ਉਸ ਨੇ ਵਰਤਾਰੇ ਨੂੰ ਸਮਝਣ ਦਾ ਸੁੱਚਜਾ ਦ੍ਰਿਸ਼ਟੀਕੋਣ ਧਾਰਨ ਕੀਤਾ ਹੈ। ਉਸ ਦੇ ਇਸੇ ਦ੍ਰਿਸ਼ਟੀਕੋਣ ਦਾ ਝਲਕਾਰਾ ਉਸ ਦੀਆਂ ਲਿਖਤਾਂ ਵਿੱਚੋਂ ਆਪ ਮੁਹਾਰੇ ਪੈਂਦਾ ਹੈ। ਅਕਰਮ ਖੁੱਲ੍ਹੀਆਂ ਕਵਿਤਾਵਾਂ ਲਿਖਦੈ ਤੇ ਛੰਦਬੱਧ ਵੀ। ਪੜ੍ਹਾਈ ਪੱਖੋਂ ਉਸ ਨੇ ਬੀਟੈੱਕ ਕੀਤੀ ਹੈ ਤੇ ਇਸ ਵੇਲੇ ਨਹਿਰੂ ਯੁਵਾ ਕੇਂਦਰ ਵਿਚ ਕਾਰਜਸ਼ੀਲ ਹੈ। ਪੇਸ਼ ਹਨ ਉਸ ਦੀਆਂ ਦੋ ਕਾਵਿ ਰਚਨਾਵਾਂ।

• **ਹਰਮੇਲ ਪਰੀਤ**
94173-33316

### ਕਵਿਤਾਵਾਂ

### ਮੁੱਕਦੀ ਗੱਲ

ਸੋਚਿਓ ਕਦੇ
ਆਉਣ ਵਾਲੀਆਂ ਨਸਲਾਂ ਨੂੰ
ਕੀ ਦਿਆਂਗੇ ਜਾਣ ਵੇਲੇ।
ਪੀਣ ਲਈ ਕਾਰਖ਼ਾਨਿਆਂ 'ਚੋਂ
ਨਿੱਕਲਦਾ ਤੇਜ਼ਾਬ।
ਚੱਬਣ ਲਈ ਲੋਹਾ
ਬੰਜ਼ਰ ਧਰਤੀ ਜਾਂ ਫਿਰ
ਪਲ-ਪਲ ਮੌਤ ਦਾ ਸਹਿਮ।
ਧਰਤੀ ਦੀ ਹਿੱਕ 'ਤੇ
ਧੜਾਧੜ ਸੁਰਾਖ਼ਾਂ ਦਾ ਇਜ਼ਾਫ਼ਾ
ਸਾਡੇ ਸਾਹਾਂ ਨੂੰ ਮਨਫ਼ੀ ਕਰ ਰਿਹੈ।
ਮੁਕਦੀ ਗੱਲ
ਸਾਡਾ ਜ਼ਮੀਰ ਡਿੱਗ ਚੁੱਕਿਐ
ਪਾਣੀ ਤੋਂ ਦੁੱਗਣਾ ਹੇਠਾਂ।



### ਮੌਤ ਦੇ ਅਰਥ

ਦੇਹਾਂ ਦਾ ਰਾਖ਼ ਹੋਣਾ ਜਾਂ
ਸਪੁਰਦ-ਇ-ਖ਼ਾਕ ਹੋਣਾ ਹੀ
ਮਨੁੱਖ ਦੀ ਮੌਤ ਨਹੀਂ।
ਕਾਮ ਦੀ ਲੋਰ ਵਿਚ
ਸੁਲਘਦੇ ਦੌਰ ਵਿਚ
ਧੀ ਦਾ ਅੰਗ-ਅੰਗ ਟੋਹਣਾ
ਬਾਪੂ ਤੋਂ ਦਰਿੰਦਾ ਹੋਣਾ।
ਇਹ ਕਿੰਨੀ ਭਿਆਨਕ ਦਰਿੰਦਗੀ ਏ
ਜੇ ਇਹ ਸਭ ਕੁਝ ਮੌਤ ਨਹੀਂ ਤਾਂ
ਮੌਤ ਲਈ ਸ਼ਰਮਿੰਦਗੀ ਏ।
ਏਡਜ਼ ਤੋਂ ਕਿਤੇ ਭਿਆਨਕ ਹੁੰਦੈ
ਥੋੜੀ ਗ਼ੈਰਤ ਦਾ ਸੌਣਾ
ਅਸੂਲਾਂ ਨਾਲ ਰੰਘ ਤੁਪ ਹੋਣਾ
ਹਰ ਕਿਸੇ ਲਈ
ਮੌਤ ਦੇ ਅਰਥ
ਅਰਥੀਆਂ ਤੱਕ ਸੀਮਿਤ ਨਹੀਂ ਹੁੰਦੇ।

ਸਾਡਾ ਪਤਾ ਹੈ-
**ਸੰਪਾਦਕ, ਪੰਜਾਬੀ ਜਾਗਰਣ, ਸੀ-120, ਫੋਕਲ ਪੁਆਇੰਟ ਐਕਸਟੈਂਸ਼ਨ, ਇੰਡਸਟਰੀਅਲ ਏਰੀਆ, ਜਲੰਧਰ।**
editormail@punjabi.jagran.com

**ਸਤਨਾਮ ਚੌਹਾਨ**

## ਮਕਾਨ, ਘਰ ਓਦੋਂ ਹੀ ਬਣਦਾ ਹੈ ਜਦੋਂ ਪਿਆਰ, ਮੁਹੱਬਤ, ਉਡੀਕ ਤੇ ਰਿਸ਼ਤਿਆਂ ਦਾ ਨਿੱਘ ਹੋਵੇ। ਘਰ ਉਦੋਂ ਘਰ ਨਹੀਂ ਰਹਿੰਦਾ ਜਦੋਂ ਕੋਈ ਪਤਨੀ ਖ਼ਾਤਿਰ ਮਾਂ-ਪਿਉ ਨੂੰ ਬਿਰਧ ਆਸ਼ਰਮ ਛੱਡ ਆਉਂਦਾ ਹੈ। ਉਦੋਂ ਘਰ ਦੀਆਂ ਕੰਧਾਂ ਹਟਕੋਰੇ ਭਰਦੀਆਂ ਹਨ...



# ਜਿੱਥੇ ਆ ਕੇ ਮਿਲੇ ਸਕੂਨ ਤੇ ਖ਼ੁਸ਼ੀ

ਸੂਰਜ ਜਦੋਂ ਸ਼ਾਮਾਂ ਨੂੰ ਆਪਣੀਆਂ ਕਿਰਨਾਂ ਸਮੇਟ ਕਿਤੇ ਹੋਰ ਬਖੇਰਨ ਜਾ ਰਿਹਾ ਹੁੰਦਾ ਤਾਂ ਹਰ ਪਸ਼ੂ-ਪੰਛੀ, ਆਪਣੇ-ਆਪਣੇ ਟਿਕਾਣੇ ਜਾਣ ਲਈ ਤੁਰ ਪੈਂਦਾ ਹੈ। ਕੁਦਰਤ ਨੇ ਹਰ ਜੀਵ-ਜੰਤੂ ਨੂੰ ਆਪਣਾ ਟਿਕਾਣਾ ਬਣਾਉਣ ਦੀ ਸੋਝੀ ਜਾਂ ਅਕਲ ਦਿੱਤੀ ਹੋਈ ਹੈ। ਇਸ ਟਿਕਾਣੇ ਨੂੰ ਘਰ ਕਿਹਾ ਜਾਂਦਾ ਹੈ। ਪੰਛੀ ਆਲ੍ਹਣੇ ਬਣਾਉਂਦੇ ਹਨ, ਕੱਖਾਂ-ਕਾਨਿਆਂ ਨੂੰ ਜੋੜ ਕੇ। ਮਨੁੱਖ ਘਰ ਬਣਾਉਂਦਾ ਹੈ, ਮਿੱਟੀ, ਇੱਟਾਂ, ਲੱਕੜ ਤੇ ਸੀਮਿੰਟ ਦਾ।

### ਸਵੈ-ਸੁਰੱਖਿਆ

ਪੰਛੀ ਤੀਲਾ-ਤੀਲਾ ਇਕੱਠਾ ਕਰ ਕੇ ਦਰੱਖ਼ਤਾਂ ਦੀਆਂ ਟਾਹਣੀਆਂ ਅਤੇ ਹੋਰ ਕਈ ਥਾਵਾਂ 'ਤੇ, ਜਿੱਥੇ ਉਹ ਖ਼ੁਦ ਨੂੰ ਸੁਰੱਖਿਅਤ ਮਹਿਸੂਸ ਕਰਦੇ ਹਨ, ਆਲ੍ਹਣਾ ਬਣਾਉਂਦੇ ਹਨ। ਮਨੁੱਖ ਆਪਣਾ ਘਰ, ਕਈ ਤਰ੍ਹਾਂ ਨਾਲ ਬਣਾਉਂਦਾ ਹੈ। ਸੋਹਣੀਆਂ-ਸੋਹਣੀਆਂ ਕੋਠੀਆਂ ਦੇ ਰੂਪ ਵਿਚ। ਪਰ ਅੱਜ ਤੋਂ ਕਈ ਵਰ੍ਹੇ ਪਹਿਲਾਂ ਜੋ ਘਰ ਹੁੰਦੇ ਸਨ ਉਹ ਸਿਰਫ਼ ਮਿੱਟੀ ਤੇ ਗਾਰੇ ਨਾਲ ਬਣਾਏ ਜਾਂਦੇ। ਬਾਲੇ ਲਟੈਣਾ ਦੀਆਂ ਛੱਤਾਂ ਹੁੰਦੀਆਂ ਸਨ। ਕੱਚੇ ਘਰਾਂ ਵਿਚ ਬਹੁਤ ਰੌਣਕਾਂ ਹੁੰਦੀਆਂ ਸਨ। ਲੋਕਾਂ ਵਿਚ ਅਪਣੱਤ ਤੇ ਪਿਆਰ ਹੁੰਦਾ ਸੀ। ਫਿਰ ਤਰੱਕੀ ਹੋਈ, ਪੱਕੇ ਘਰ ਬਣ ਗਏ, ਬਾਲਿਆਂ/ਸ਼ਤੀਰਾਂ ਦੀਆਂ ਛੱਤਾਂ ਲੈਂਟਰ ਵਿਚ ਤਬਦੀਲ ਹੋ ਗਈਆਂ। ਵੱਡੇ-ਵੱਡੇ ਮਹਿਲ/ਬੰਗਲੇ ਬਣਾ ਲਏ ਲੋਕਾਂ ਨੇ।

### ਅਪਣੱਤ

ਘਰ ਕੋਠੀ/ਬੰਗਲਾ, ਹਵੇਲੀ ਨੂੰ ਤਾਂ ਹੀ ਕਿਹਾ ਜਾ ਸਕਦਾ ਹੈ ਜੇਕਰ ਇਨ੍ਹਾਂ ਵਿਚ ਖ਼ੁਸ਼ੀਆਂ, ਚਾਅ, ਹਾਸੇ, ਡੁੱਲ੍ਹ-ਡੁੱਲ੍ਹ ਪੈਂਦੇ ਹਨ। ਉਸ ਵੇਲੇ ਅਪਣੱਤ ਸੀ, ਪਿਆਰ ਸੀ, ਇਕ-ਦੂਜੇ ਲਈ ਜਾਨ ਹਾਜ਼ਿਰ ਸੀ, ਓਦੋਂ। ਕੋਠਾ ਕੱਚਾ ਹੁੰਦਾ ਸੀ ਬੇਸ਼ੱਕ ਪਰ ਰਿਸ਼ਤੇ ਪੱਕੇ ਹੁੰਦੇ ਸਨ। ਉਸ ਸਮੇਂ ਦੇ ਕੋਠਿਆਂ ਦੇ ਬਨੇਰੇ ਵੀ ਨਹੀਂ ਸਨ ਹੁੰਦੇ। ਇਕ ਕੋਠੇ ਚੜ੍ਹਨਾ ਤੇ ਕਈ ਨਾਲ ਵਾਲੇ ਕੋਠੇ ਵੀ ਟੱਪ ਆਉਣੇ। ਅੱਜ ਕੱਲ੍ਹ ਇਹ ਵਰਤਾਰਾ ਲੋਪ ਹੀ ਹੋ ਗਿਆ ਹੈ। ਹੁਣ ਹਰ ਘਰ ਦੇ ਬਨੇਰੇ ਉੱਚੇ ਹੋ ਗਏ ਹਨ। ਘਰਾਂ ਦੇ ਬਾਹਰ ਘੰਟੀਆਂ ਲੱਗੀਆਂ ਹੋਈਆਂ। ਜੇ ਕਿਸੇ ਦੇ ਘਰ ਜਾਣਾ ਹੋਵੇ ਪਹਿਲਾਂ ਤਾਂ ਪੁੱਛਣਾ ਪੈਂਦਾ ਫੋਨ ਕਰ ਕੇ ਜਾਂ ਫਿਰ ਘੰਟੀ ਵਜਾ ਕੇ ਅਗਲੇ ਨੂੰ ਬੁਲਾਉਣਾ ਪੈਂਦਾ ਹੈ। ਪਹਿਲਾਂ ਘਰਾਂ ਦੇ ਦਰਵਾਜ਼ੇ ਸਦਾ ਆਏ-ਗਏ ਲਈ ਖੁੱਲ੍ਹੇ ਹੁੰਦੇ ਸਨ। ਕਾਂ ਬੋਲਣ 'ਤੇ ਸੋਚਿਆ ਜਾਂਦਾ ਕਿ ਅੱਜ ਕੋਈ ਪ੍ਰਾਹੁਣਾ ਆਏਗਾ। ਕਾਵਾਂ ਨੂੰ ਚੂਰੀਆਂ ਪਾਉਣੀਆਂ ਕਿ ਪ੍ਰਾਹੁਣਾ ਪਿਆਰਾ ਹੋਵੇ ਕੋਈ। ਇਹ ਅਪਣੱਤ ਨਾਲ ਭਰੇ ਘਰਾਂ ਦੀਆਂ ਨਿਸ਼ਾਨੀਆਂ ਸਨ।

### ਘਰ ਦਾ ਸੁਪਨਾ

ਘਰ ਇਕ ਸੁਪਨਾ ਹੁੰਦਾ ਹਰ ਵਿਅਕਤੀ ਦਾ। ਹਰ ਕੋਈ ਚਾਹੁੰਦਾ ਉਸ ਕੋਲ ਆਪਣਾ ਘਰ ਹੋਵੇ। ਜਿੱਥੇ ਉਹ ਸਕੂਨ ਤੇ ਖ਼ੁਸ਼ੀ ਨਾਲ ਰਹਿ ਸਕੇ। ਛੋਟੇ ਹੁੰਦੇ ਕੁੜੀਆਂ ਘਰ-ਘਰ ਖੇਡਦੀਆਂ। ਉਹ ਸੱਚੀ-ਮੁੱਚੀ ਘਰ ਚਿਤਵ ਕੇ, ਨਿੱਕੇ-ਨਿੱਕੇ ਭਾਂਡੇ, ਨਿੱਕ-ਸੁੱਕ ਸਾਰਾ ਘਰ ਵਰਗਾ ਬਣਾਉਂਦੀਆਂ ਆਪ ਹੀ ਖਿਲਾਰਾ ਪਾ ਕੇ ਫਿਰ ਆਪ ਹੀ ਸੁਆਣੀਆਂ ਦੀ ਤਰ੍ਹਾਂ ਉਸ ਖਿਲਾਰੇ ਨੂੰ ਸਮੇਟ ਲੈਂਦੀਆਂ। ਇਸ ਤਰਾਂ ਬਾਲ ਮਨ ਵਿਚ ਹੀ ਘਰ ਦੀ ਪ੍ਰਵਿਰਤੀ ਜਾਗ ਪੈਂਦੀ ਸੀ। ਇਨ੍ਹਾਂ ਘਰਾਂ ਵਿਚ ਜੋ ਕਲਪਨਾ ਦੇ ਬੀਜ ਹੁੰਦੇ, ਉਹ ਕੁਝ ਸਮੇਂ ਬਾਅਦ ਹਕੀਕਤ ਵਿਚ ਬਦਲ ਜਾਂਦੇ।

### ਬਰਕਤ

ਘਰ ਔਰਤ ਨਾਲ ਹੀ ਘਰ, ਘਰ ਬਣਦਾ ਹੈ। ਉਹ ਚਾਹੇ ਤਾਂ ਘਰ ਨੂੰ ਸਵਰਗ ਬਣਾ ਸਕਦੀ, ਜੇ ਚਾਹੇ ਤਾਂ ਸੂਈ ਨਾਲ ਵੀ ਢਾਹ ਸਕਦੀ। ਸਿਆਣੇ ਕਹਿੰਦੇ ਹਨ, ਜੇ ਔਰਤ ਸਿਆਣੀ ਹੋਵ ਤਾਂ ਸਾਰੇ ਘਰ ਨੂੰ ਜੋੜਕੇ ਰੱਖ ਸਕਦੀ ਹੈ। ਸਾਰੇ ਜੀਆਂ 'ਚ ਪਿਆਰ, ਅਪਣੱਤ ਭਰ ਸਕਦੀ ਹੈ ਪਰ ਕਈ ਘਰਾਂ ਵਿਚ ਔਰਤਾਂ ਦੇ ਕਾਰਨ ਘਰ, ਘਰ ਨਾ ਹੋ ਕੇ ਉਜਾੜ ਲੱਗਦੇ ਨੇ। ਕਹਿੰਦੇ ਹਨ ਜਿੱਥੇ ਲੜਾਈ-ਝਗੜਾ ਹੋਵੇ ਉੱਥੇ ਬਰਕਤ ਨਹੀਂ ਰਹਿੰਦੀ। ਕਿਸੇ ਜੀਅ ਦੇ ਚਿਹਰੇ 'ਤੇ ਰੌਣਕ ਨਹੀਂ ਰਹਿੰਦੀ। ਹਰ ਕੋਈ ਮੁਰਝਾਇਆ ਜਿਹਾ ਤੇ ਮੱਥੇ ਸੌ ਤਿਊੜੀਆਂ ਲੈ ਕੇ ਫਿਰਦਾ। ਜਿਸ ਘਰ ਵਿਚ ਇਕ-ਦੂਜੇ ਦਾ ਬੋਲ ਭੁੰਞੇ ਨਹੀਂ ਡਿੱਗਣ ਦਿੱਤਾ ਜਾਂਦਾ, ਉਹ ਘਰ ਅਸਲੀ ਘਰ ਹੁੰਦਾ, ਸਹੀ ਅਰਥਾਂ ਵਿਚ। ਘਰ ਹਰ ਬੰਦੇ ਦੀ ਮੁੱਢਲੀ ਲੋੜ ਹੈ। ਜਦੋਂ ਅਸੀਂ ਕਿਸੇ ਬਿਗਾਨੇ ਸ਼ਹਿਰ ਜਾਂਦੇ ਹਾਂ ਤਾਂ ਚਿਤਵ ਕੇ ਦੇਖੋ, ਜੇ ਕੋਈ ਟਿਕਾਣਾ ਨਾ ਹੋਵੇ ਤਾਂ ਤਾਂ ਕੀ ਗੁਜ਼ਰਦੀ ਹੈ ਦਿਲ 'ਤੇ।

### ਬੰਗਲੇ ਉਸਾਰਨ ਵਾਲੇ

ਘਰ ਤੇ ਹਵੇਲੀਆਂ ਤੇ ਬੰਗਲੇ ਉਸਾਰਨ ਵਾਲੇ ਮਜ਼ਦੂਰ, ਮਿਸਤਰੀਆਂ ਦੇ ਕਈ ਵਾਰ ਆਪਣੇ ਘਰ ਨਹੀਂ ਹੁੰਦੇ। ਉਹ ਵਿਚਾਰੇ ਸਾਰੀ ਉਮਰ ਲੋਕਾਂ ਦੇ ਘਰ ਹੀ ਬਣਾਉਂਦੇ ਰਹਿੰਦੇ ਹਨ ਪਰ ਉਨ੍ਹਾਂ ਦਾ ਆਪਣਾ ਘਰ ਕਦੇ ਨਹੀਂ ਬਣਦਾ। ਘਰ ਉਦੋਂ ਵੀ ਘਰ ਨਹੀਂ ਰਹਿੰਦੇ ਜਦੋਂ ਕੋਈ ਪਤਨੀ ਖ਼ਾਤਿਰ ਆਪਣੇ ਰੱਬ ਵਰਗੇ ਮਾਂ-ਪਿਉ ਨੂੰ ਬਿਰਧ ਆਸ਼ਰਮ ਛੱਡ ਆਉਂਦੇ ਹਨ। ਉਦੋਂ ਘਰ ਦੀਆਂ ਕੰਧਾਂ ਹਟਕੋਰੇ ਭਰਦੀਆਂ। ਹਰ ਕਿਸੇ ਕੋਲ ਆਪਣਾ ਘਰ ਜ਼ਰੂਰ ਹੋਣਾ ਚਾਹੀਦਾ। ਮਕਾਨ, ਘਰ ਓਦੋਂ ਹੀ ਬਣਦਾ ਹੈ ਜਦੋਂ ਪਿਆਰ, ਮੁਹੱਬਤ, ਉਡੀਕ ਤੇ ਰਿਸ਼ਤਿਆਂ ਦਾ ਨਿੱਘ ਹੋਵੇ। ਜਿੱਥੇ ਸ਼ਾਮ ਨੂੰ ਘਰ ਵਾਪਸ ਮੁੜਨ ਨੂੰ ਜੀਅ ਆਪ-ਮੁਹਾਰੇ ਕਰੇ। •

98886-15531

## ਪੱਤਰ ਹਰੇ ਕਚੂਰ

## ਲੋਕਾਂ ਦੀ ਗੱਲ ਕਰਨ ਵਾਲਾ ਸ਼ਾਇਰ



**ਦਿਲਜੀਤ ਬੰਗੀ**
95014-55994

ਮਨ ਦੀ ਗੱਲ ਨੂੰ ਲੈਅ ਬੱਧ ਢੰਗ ਨਾਲ ਕਹਿਣਾ ਅਤੇ ਤਾਲ ਨਾਲ ਤਾਲ ਮਿਲਾ ਕੇ ਲੋਕ ਮਨਾਂ ਵਿਚ ਵਸ ਜਾਣਾ ਇੰਨਾ ਸੌਖਾ ਕਾਰਜ ਨਹੀਂ ਹੁੰਦਾ ਜਿੰਨਾ ਕਿ ਸਾਨੂੰ ਵੇਖਣ ਨੂੰ ਲੱਗਦਾ ਹੈ ਪਰ ਦਿਲਜੀਤ ਬੰਗੀ ਨੂੰ ਇਹ ਕਾਰਜ ਕਰਨਾ ਅਤੇ ਨਿਭਾਉਣਾ ਬਾਖ਼ੂਬੀ ਆਉਂਦਾ ਹੈ। ਉਸ ਦੇ ਸਾਹਿਤਕ ਸਫ਼ਰ ਦੀ ਗੱਲ ਕਰੀਏ ਤਾਂ ਲਿਖਣ ਦਾ ਸ਼ੌਕ ਉਸ ਦਾ ਬਚਪਨ ਤੋਂ ਹੀ ਨਾਲ ਤੁਰਿਆ ਆ ਰਿਹਾ ਹੈ। ਦਿਲਜੀਤ ਸਾਹਿਤਿਕ ਸਭਾਵਾਂ ਦਾ ਵੀ ਸਰਗਰਮ ਮੈਂਬਰ ਹੈ। ਅੱਜ-ਕੱਲ੍ਹ ਉਹ ਗੀਤਕਾਰੀ ਦੇ ਨਾਲ-ਨਾਲ ਕਵਿਤਾਵਾਂ ਵੀ ਲਿਖ ਰਿਹਾ ਹੈ। ਉਹ ਪੰਜਾਬੀ ਦੇ ਸਾਰੇ ਹੀ ਪ੍ਰਮੁੱਖ ਅਖ਼ਬਾਰਾਂ ਅਤੇ ਰਸਾਲਿਆਂ ਵਿਚ ਲਗਾਤਾਰ ਆਪਣੀ ਹਾਜ਼ਰੀ ਲਵਾ ਰਿਹਾ ਹੈ। ਦਿਲਜੀਤ ਕਹਿੰਦਾ ਹੈ ਕਿ ਉਸ ਦੀ ਹਮੇਸ਼ਾਂ ਹੀ ਇਹ ਕੋਸ਼ਿਸ਼ ਹੁੰਦੀ ਹੈ ਕਿ ਉਹ ਜੋ ਵੀ ਰਚਨਾ ਰਚੇ ਅਜਿਹੀ ਹੋਵੇ ਜੋ ਲੋਕ ਮਨਾਂ ਦੇ ਨੇੜੇ ਅਤੇ ਸਮਾਜ ਨੂੰ ਕੋਈ ਸੇਧ ਦੇਣ ਵਾਲਾ ਕੰਮ ਕਰੇ। ਅਓ ਮਾਣਦੇ ਹਾਂ ਉਸ ਦੀ ਰਚਨਾ ਦਾ ਆਨੰਦ :

• **ਕੁਲਦੀਪ ਸਿੰਘ ਬੰਗੀ**
79890-47757

### ਕਵਿਤਾ

### ਬਾਤ ਪੰਜਾਬ ਦੀ

ਆਓ ਬਾਤ ਪਾਈਏ ਮਿੱਤਰੋ ਪੰਜਾਬ ਦੀ,
ਸਤਲੁਜ ਬਿਆਸ ਰਾਵੀ ਤੇ ਚਨਾਬ ਦੀ।
ਵੇਖੀਂ ਕਿਤੇ ਜੇਹਲਮ ਨਾ ਗੁੱਸਾ ਕਰ ਜੇ,
ਸਿੰਧ ਨਾ ਵਿਚਾਰਾ 'ਕੱਲਾ ਹਉਕਾ ਭਰ ਜੇ।
ਨਨਕਾਣਾ ਸਾਹਿਬ ਨਾਨਕ ਦੇ ਓਟ ਦੀ,
ਝੰਗ ਮੁਲਤਾਨ ਤੇ ਸਿਆਲਕੋਟ ਦੀ।
ਬੜੀ ਐ ਸਤਾਉਂਦੀ ਯਾਦ ਪੰਜਾ ਸਾਹਿਬ ਦੀ,
ਆਓ ਬਾਤ ਪਾਈਏ ਮਿੱਤਰੋ ਪੰਜਾਬ ਦੀ।
ਸਤਲੁਜ ਬਿਆਸ ਰਾਵੀ ਤੇ ਚਨਾਬ ਦੀ,
ਦੁੱਲ੍ਹਾ ਭੱਟੀ ਲੂਣਾ ਰਾਜੇ ਸਲਵਾਨ ਦੀ।
ਜਤੀ-ਸਤੀ ਨਾਥ ਪੂਰਨ ਮਹਾਨ ਦੀ,
ਬੁੱਲ੍ਹਾ, ਬਾਹੂ, ਪੀਲੂ ਸਾਡੇ ਸਾਂਝੇ ਦੋਵਾਂ ਦੇ।
ਸੱਸੀ ਸਾਹਿਬਾਂ ਸੋਹਣੀ ਹੀਰ ਰਾਂਝੇ ਦੋਵਾਂ ਦੇ,
ਗੁੱਸੇ ਗਿਲੇ ਭੁੱਲ ਛੱਡੀਏ ਨਾਰਾਜ਼ਗੀ।
ਈਰਖਾ ਦਵੈਤ ਬੰਦੇ ਤਾਈਂ ਮਾਰਦੀ,
ਛੇੜ 'ਦਿਲਜੀਤ' ਕੋਈ ਸੁਰ ਪਿਆਰ ਦੀ।
ਨਫ਼ਰਤ ਨਾਲ ਦਿਲ ਸਾੜ ਲਾਉਂਗੇ,
ਵੱਸਦਿਆਂ ਘਰਾਂ ਨੂੰ ਉਜਾੜ ਲਾਉਂਗੇ।
ਲੱਗਦੀ ਨਾ ਯਾਰੋ ਗੱਲ ਇਹ ਹਿਸਾਬ ਦੀ,
ਆਓ ਬਾਤ ਪਾਈਏ ਮਿੱਤਰੋ ਪੰਜਾਬ ਦੀ।



# ਰੁੱਤਾਂ ਨੇ ਜਿਨ੍ਹਾਂ ਦਾ ਸੁਭਾਅ ਘੜਿਆ

ਪੰਜਾਬ ਫ਼ਾਰਸੀ ਭਾਸ਼ਾ ਦਾ ਸ਼ਬਦ ਹੈ ਜਿਸ ਦਾ ਅਰਥ ਹੈ ਪੰਜ ਪਾਣੀ ਅਤੇ ਇਸ ਦਾ ਸ਼ਾਬਦਿਕ ਅਰਥ ਹੈ ਪੰਜ ਦਰਿਆਵਾਂ ਦੀ ਧਰਤੀ। ਇਹ ਪੰਜ ਦਰਿਆ ਹਨ : ਸਤਲੁਜ, ਬਿਆਸ, ਰਾਵੀ, ਚਨਾਬ ਤੇ ਜੇਹਲਮ।

ਇੱਥੋਂ ਦੀਆਂ ਰੁੱਤਾਂ ਨੇ ਇੱਥੋਂ ਦੇ ਵਸਨੀਕਾਂ ਦਾ ਸੁਭਾਅ ਘੜਿਆ ਹੈ। ਜਿੱਥੇ ਕੜਕਦੀ ਧੁੱਪ ਤੇ ਵਗਦੀਆਂ ਲੂਹਾਂ ਨੇ ਕਣਕਾਂ ਦੀ ਵਾਢੀ ਕਰਦੇ ਪੰਜਾਬੀਆਂ ਨੂੰ ਬਹੁਤ ਅਣਖੀਲਾ ਗਰਮ ਖ਼ੂਨ ਦਿੱਤਾ ਹੈ। ਪੋਹ ਮਾਘ ਦੇ ਕੱਕਰ-ਪਾਲੇ ਨੇ ਖੇਤਾਂ ਨੂੰ ਪਾਣੀ ਲਾਉਂਦੇ ਕਿਸਾਨਾਂ ਨੂੰ ਪਹਾੜ ਜਿੱਡਾ ਜੇਰਾ ਤੇ ਸਖ਼ਤ-ਜਾਨ ਬਣਾਇਆ ਹੈ। ਇੱਥੋਂ ਦੀ ਬਹਾਰ ਵਿਚ ਖਿੜਦੇ ਸਰ੍ਹੋਂ ਦੇ ਫੁੱਲ ਚਿਹਰੇ 'ਤੇ ਹੁਸਨ ਦਾ ਰੂਹਾਨੀ ਖੇੜਾ ਪੈਦਾ ਕਰਦੇ ਹਨ। ਭਾਦੋਂ ਦੀਆਂ ਘਟਾਵਾਂ ਅਤੇ ਗਰਮੀ ਦਾ ਉਤਰਾਅ-ਚੜ੍ਹਾਅ ਜ਼ਿੰਦਗੀ ਦੀਆਂ ਤਲਖ਼ ਸਚਾਈਆਂ ਵਿਚ ਜੂਝਦੇ ਰਹਿਣ ਦਾ ਨਿਸ਼ਚਾ ਪੈਦਾ ਕਰਦੇ ਹਨ। ਸੌਣ ਦੀਆਂ ਘਟਾਵਾਂ ਵਿਚ ਅਥਰੀ ਜਵਾਨੀ ਨੱਚ ਉੱਠਦੀ ਹੈ। ਜਦੋਂ ਪੱਤਝੜ ਦੀ ਰੁੱਤੇ ਰੁੱਖ ਰੁੰਡ-ਮਰੁੰਡ ਹੁੰਦੇ ਹਨ ਤਾਂ ਵਧਦੀਆਂ ਕਣਕਾਂ ਨਾਲ ਮਿਲ ਕੇ ਇਹ ਰੁੱਤ ਪੰਜਾਬੀਆਂ ਨੂੰ ਹਰ ਮੁਸ਼ਕਿਲ, ਕਹਿਰ ਵਿੱਚੋਂ ਜੇਤੂ ਹੋ ਕੇ ਨਿਕਲਣ ਦੀ ਤਾਕਤ ਦਿੰਦੀ ਹੈ। •

ਜਿਹੋ-ਜਿਹੀ ਧਰਤੀ ਹੋਵੇ ਉਹੋ ਜਿਹਾ ਖਾਣ-ਪੀਣ ਦਾ ਢੰਗ ਵੀ ਰਚਿਆ ਜਾਂਦਾ ਹੈ। ਪੰਜਾਬੀਆਂ ਨੂੰ ਮਾਣ ਹੈ ਇੱਥੇ ਵਰਗਾ ਕੁਦਰਤੀ ਵੰਨ-ਸੁਵੰਨਾ ਭੋਜਨ ਕਿਤੇ ਵੀ ਨਹੀਂ ਮਿਲਦਾ। ਇੱਥੋਂ ਦੇ ਦੁੱਧ, ਦਹੀਂ, ਲੱਸੀ, ਮੱਖਣ ਦੀ ਤਾਂ ਧਾਕ ਹੈ ਹੀ ਪਰ ਇੱਥੋਂ ਵਰਗੀ ਚਾਹ ਵੀ ਕੋਈ ਨਹੀਂ ਬਣਾ ਸਕਦਾ। ਪੰਜਾਬੀਆਂ ਦੀ ਭੋਜਨ ਬਣਾਉਣ ਦੀ ਕਲਾ ਵੀ ਕਮਾਲ ਦੀ ਹੈ। ਮੱਕੀ, ਬਾਜਰੇ, ਵੇਸਣ, ਕਣਕ ਦੀਆਂ ਰੋਟੀਆਂ, ਸਰ੍ਹੋਂ, ਪਾਲਕ ਦਾ ਸਾਗ, ਕਾਲੇ ਛੋਲੇ, ਕਾਬਲੀ ਛੋਲੇ, ਮੋਠ, ਅਰਹਰ, ਮੂੰਗੀ, ਮਸਰੀ, ਰਾਜਮਾਂਹ, ਮਾਂਹ ਕਾਲੇ ਅਦਿ ਦਾਲਾਂ ਵੀ ਇਸੇ ਧਰਤੀ ਦੀ ਪੈਦਾਇਸ਼ ਹਨ। ਘੀਆ ਕੱਦੂ, ਚੱਪਣ ਕੱਦੂ, ਟਿੰਡੇ, ਭਿੰਡੀਆਂ, ਤੋਰੀ, ਫਲੀਆਂ, ਆਲੂ, ਸ਼ਲਗਮ, ਸ਼ਿਮਲਾ ਮਿਰਚ, ਬੈਂਗਣ, ਟਮਾਟਰ, ਕਟਲ, ਹਰੀ ਮਿਰਚ, ਧਨੀਆਂ, ਪੁਦੀਨਾ, ਕਕੜੀਆਂ, ਖੀਰੇ ਆਦਿ ਵੀ ਇਹ ਧਰਤੀ ਮਾਣ ਨਾਲ ਪੈਦਾ ਕਰਦੀ ਹੈ। ਜਿੱਥੇ ਇੰਨਾ ਕੁਝ ਹੋਵੇ ਉੱਥੇ ਫੇਰ ਕੁਝ ਮਿੱਠਾ ਵੀ ਹੋਣਾ ਚਾਹੀਦਾ ਹੈ ਅਤੇ ਪੰਜਾਬ ਦੀ ਧਰਤੀ ਨੂੰ ਇਸ ਗੱਲ ਦਾ ਖ਼ਾਸ ਖ਼ਿਆਲ ਹੈ। ਇਸ ਧਰਤੀ ਤੇ ਤੂਤੀਆਂ, ਜਾਮਨਾਂ, ਬਿੱਲ, ਕੇਲੇ, ਖ਼ਰਬੂਜੇ, ਤਰਬੂਜ਼, ਅੰਬ, ਆੜੂ, ਸੰਤਰੇ, ਮਾਲਟੇ, ਚੀਕੂ, ਅੰਗੂਰ, ਲੀਚੀਆਂ, ਨਾਖਾਂ, ਅਮਰੂਦ, ਝਾੜ ਬੇਰ, ਲੀਲੂ ਬੇਰ, ਪਿਉਂਦੀ ਬੇਰ, ਕਰੀਰ ਆਦਿ ਮਿੱਠੇ ਫਲ ਪੈਦਾ ਹੁੰਦੇ ਹਨ। ਖਾਣ ਪੀਣ ਵਿਚ ਪੰਜਾਬੀਆਂ ਦੇ ਹੱਥਾਂ ਦੀ ਕਲਾਕਾਰੀ ਦਾ ਤਾਂ ਕੋਈ ਜਵਾਬ ਹੀ ਨਹੀਂ। ਖੋਆ ਮਾਰਨਾ, ਸ਼ਰਦਾਈ ਰਗੜਨੀ, ਜਰਦਾ (ਭੁੱਜੇ ਮਿੱਠੇ ਚੌਲ), ਗੁੱਲਗਲੇ, ਮਾਹਲ ਪੂੜੇ, ਖੀਰ, ਨਵੀਂ ਸੂਈ ਮੱਝ ਦੇ ਦੁੱਧ ਦੀ ਬੌਹਲੀ, ਕਲਾਕੰਦ, ਲੱਡੂ, ਬਾਲੋਸ਼ਾਹੀਆਂ, ਕਈ ਪ੍ਰਕਾਰ ਦੀ ਚੱਟਣੀ, ਪਕੌੜੇ, ਮੁਰਗੇ ਅਤੇ ਬੱਕਰੇ, ਕੋਈ ਵੀ ਪਕਵਾਨ ਹੋਵੇ ਇਨ੍ਹਾਂ ਵਰਗਾ ਕੋਈ ਨਹੀਂ ਬਣਾ ਸਕਦਾ। ਦੇਸੀ ਘਿਓ ਤਾਂ ਜਿਵੇਂ ਬਣਿਆ ਹੀ ਇਨ੍ਹਾਂ ਲਈ ਹੈ। •

**ਗੁਰਜੰਟ ਸਿੰਘ**

### ਕਹਾਣੀ

# ਹਉਮੈ



**ਸੁਪਨੇ ਵਿਚ ਗੁੱਡੀ ਨੇ ਆਵਾਜ਼ ਦਿੱਤੀ। ਬਾਪੂ ਨੇ ਹੁੰਗਾਰਾ ਭਰਿਆ ਤਾਂ ਕਹਿਣ ਲੱਗੀ, 'ਬਾਪੂ ਲੈ ਆਇਆਂ ਬਦਲਾ! ਹੋ ਗਈ ਤੇਰੀ ਹਿੱਕ ਚੌੜੀ। ਮੈਨੂੰ ਤੇ ਮੇਰੇ ਪਤੀ ਨੂੰ ਮਾਰ ਕੇ...**

ਦੋਵਾਂ ਪੁੱਤਰਾਂ ਪਿੱਛੋਂ ਜਦ ਰਾਜਵੰਤ ਦੇ ਘਰ ਧੀ ਨੇ ਜਨਮ ਲਿਆ ਤਾਂ ਉਹ ਬਹੁਤ ਖ਼ੁਸ਼ ਹੋਈ। ਰੱਬ ਨੇ ਦੋ-ਦੋ ਪੁੱਤਰ ਦੇ ਕੇ ਝੋਲੀ ਪਹਿਲਾਂ ਹੀ ਖ਼ੁਸ਼ੀਆਂ ਨਾਲ ਭਰੀ ਹੋਈ ਸੀ। ਹੁਣ ਘਾਟਾ ਸੀ ਤਾਂ ਮਾਂ ਨਾਲ ਦੁੱਖ-ਸੁੱਖ ਕਰਨ ਵਾਲੀ ਇਕ ਧੀ ਦਾ ਜੋ ਅੱਜ ਪੂਰਾ ਹੋ ਗਿਆ ਸੀ। ਸਾਰਾ ਪਰਿਵਾਰ ਵੀ ਬਹੁਤ ਖ਼ੁਸ਼ ਸੀ ਚੰਗੀ ਜ਼ਮੀਨ ਜਾਇਦਾਦ ਹੋਣ ਕਰਕੇ ਪੈਸੇ ਦੀ ਕੋਈ ਕਮੀ ਨਹੀ ਸੀ। ਦਾਦੇ ਨਾਜਰ ਦੀ ਭੂਆ ਤੋਂ ਬਾਅਦ ਅੱਜ ਕਿੰਨੇ ਅਰਸੇ ਬਾਅਦ ਕਿਸੇ ਲੜਕੀ ਨੇ ਇਸ ਪਰਿਵਾਰ 'ਚ ਜਨਮ ਲਿਆ ਸੀ। ਸੋ ਗੁੱਡੀ ਸ਼ੁਰੂ ਤੋਂ ਹੀ ਸਭ ਦੀ ਲਾਡਲੀ ਬਣ ਗਈ। ਗੁੱਡੀ ਦੇ ਭਰਾ ਉਸ ਨਾਲੋਂ ਉਮਰ 'ਚ ਕਾਫ਼ੀ ਵੱਡੇ ਸਨ। ਸੋ ਗੁੱਡੀ ਦੀ 12 ਵੀਂ ਦੀ ਪੜ੍ਹਾਈ ਹੋਣ ਤਕ ਦੋਵਾਂ ਦੇ ਵਿਆਹ ਹੋ ਚੁੱਕੇ ਸਨ।

12ਵੀ ਜਮਾਤ ਕਰ ਗੁੱਡੀ ਸ਼ਹਿਰ ਕਾਲਜ ਪੜ੍ਹਨ ਲੱਗ ਗਈ। ਭਾਵੇਂ ਗੁੱਡੀ ਕਿਸੇ ਪਿੰਡ 'ਚੋਂ ਪੜ੍ਹ ਕੇ ਆਈ ਸੀ ਪਰ ਫਿਰ ਵੀ ਪੜ੍ਹਾਈ ਵਿਚ ਚੰਗੀ ਰੁਚੀ ਹੋਣ ਕਰਕੇ ਕਾਫ਼ੀ ਹੁਸ਼ਿਆਰ ਸੀ। ਕਾਲਜ ਵਿਚ ਵੀ ਗੁੱਡੀ ਸਭ ਦੀ ਹਰਮਨ ਪਿਆਰੀ ਹੋ ਗਈ ਸੀ।

ਜਦ ਗੁੱਡੀ ਨੇ ਬਚਪਨ ਤੋਂ ਜਵਾਨੀ ਵੱਲ ਪੁਲਾਂਘ ਭਰੀ ਤਾਂ ਜਵਾਨੀ ਦੀ ਦਹਲੀਜ਼ 'ਤੇ ਉਸ ਦਾ ਮੇਲ ਮੋਹਿਤ ਨਾਲ ਹੋਇਆ। ਮੋਹਿਤ ਉਸ ਦੇ ਨਾਲ ਹੀ ਜਮਾਤ ਵਿਚ ਪੜ੍ਹਦਾ ਸੀ। ਦੋਵਾਂ ਜੀਣ ਮਰਨ ਦੀਆਂ ਕਸਮਾਂ ਪੈ ਲਈਆਂ। ਗੁੱਡੀ ਦੀ ਮਾਂ ਰਾਜਵੰਤ ਨੂੰ ਕਿਸੇ ਗੱਲੋਂ ਸ਼ੱਕ ਹੋਇਆ ਤਾਂ ਧੀ ਨੂੰ ਬੁਲਾ ਸਾਰੀ ਗੱਲ ਪੁੱਛ ਲਈ। ਧੀ ਦੇ ਮੂੰਹੋਂ ਮੋਹਿਤ ਦਾ ਨਾਂ ਸੁਣਕੇ ਸੋਚਣ ਲੱਗੀ, 'ਚਲੋ ਗੁੱਡੀ ਦੇ ਭਰਾ ਪੜ੍ਹੇ ਲਿਖੇ ਨੇ ਤੇ ਗੁੱਡੀ ਨੂੰ ਪਿਆਰ ਵੀ ਬਹੁਤ ਕਰਦੇ ਸਨ ਇਸ ਕਰਕੇ ਮੰਨ ਉਹ ਵੀ ਗਏ। ਪਰ ਗੁੱਡੀ ਦਾ ਪਿਉ ਤੇ ਦਾਦਾ, ਪਿਛਲੇ ਖ਼ਿਆਲਾ ਵਾਲੇ ਨੇ, ਕੀ ਉਹ ਇਸ ਅੰਤਰਜਾਤੀ ਵਿਆਹ ਲਈ ਮੰਨ ਜਾਣਗੇ?

ਮਾਂ ਨੇ ਗੁੱਡੀ ਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਧੀ ਦੀ ਜ਼ਿੱਦ ਨੂੰ ਵੇਖ ਮਾਂ ਨੂੰ ਅੰਦਾਜ਼ਾ ਹੋ ਗਿਆਂ ਕਿ ਸਾਰੇ ਪਰਿਵਾਰ ਦਾ ਲਾਡਾਇਆ ਲਾਡ ਧੀ ਦੇ ਪਿਆਰ ਅੱਗੇ ਫਿੱਕਾ ਪੈ ਗਿਆ ਹੈ। ਗੱਲ ਪਿਉ ਅਤੇ ਦਾਦੇ ਤਕ ਪਹੁੰਚੀ। ਗੁੱਡੀ ਦਾ ਕਾਲਜ ਜਾਣਾ ਕੁਝ ਦਿਨਾਂ ਲਈ ਬੰਦ ਹੋ ਗਿਆ। ਫਿਰ ਕਦੀ ਮਾਂ ਤੇ ਕਦੀ ਭਾਬੀਆਂ ਦੇ ਤਰਲੇ ਮਿਨਤਾਂ ਕਰ ਪਿਉ ਤੇ ਭਰਾਵਾਂ ਨੂੰ ਕਾਲਜ ਜਾਣ ਖ਼ਾਤਿਰ ਮੁੜ ਰਾਜ਼ੀ ਕਰ ਲਿਆ। ਗੁੱਡੀ ਅਤੇ ਮੋਹਿਤ ਨੇ ਆਈਲੈਟਸ ਦਾ ਟੈਸਟ ਪਾਸ ਕਰ ਕੇ ਵਿਦੇਸ਼ ਦਾ ਵੀਜ਼ਾ ਲਵਾ ਲਿਆ।

ਰੱਬ ਜਿੱਡਾ ਜਿਗਰਾ ਕਰ ਗੁੱਡੀ ਨੇ ਘਰਦਿਆਂ ਤੋਂ ਚੋਰੀ ਕੋਰਟ ਮੈਰਿਜ ਕਰਾਈ ਅਤੇ ਦੋਵੇਂ ਆਸਟਰੇਲੀਆ ਦਾ ਜਹਾਜ਼ ਚੜ੍ਹ ਗਏ। ਉੱਥੇ ਜਾ ਗੁੱਡੀ ਨੇ ਮੋਹਿਤ ਨਾਲ ਰਲ ਨਵੀਂ ਜ਼ਿੰਦਗੀ ਸ਼ੁਰੂ ਕਰ ਦਿੱਤੀ। ਦੋਵੇਂ ਕੰਮ 'ਤੇ ਜਾਣ ਲੱਗੇ ਉੱਧਰ ਧੀ ਦੇ ਧੋਖਾ ਦੇ ਜਾਣ ਦਾ ਇਲਜ਼ਾਮ ਮਾਂ 'ਤੇ ਲਗਾ ਦਿੱਤਾ ਗਿਆ। ਭਾਬੀਆਂ ਦੇ ਤਾਹਨੇ-ਮਿਹਣਿਆਂ ਦੀ ਅੱਗ ਵਿਚ ਸਾਰਾ ਪਰਿਵਾਰ ਮੱਚਣ ਲੱਗਾ। ਸੱਥ ਵਿਚ ਵੱਧ ਚੜ੍ਹ ਕੇ ਗੱਲ ਕਰਨ ਵਾਲੇ ਨਜਾਰ ਹੋਰੀਂ ਅਕਸਰ ਚੁੱਪ ਰਹਿਣ ਲੱਗੇ।

ਡੇਢ ਕੁ ਸਾਲ ਬਾਅਦ ਗੁੱਡੀ ਨੂੰ ਰੱਬ ਨੇ ਧੀ ਦੀ ਦਾਤ ਬਖ਼ਸ਼ੀ। ਮਾਂ ਬਣ ਗਈ ਗੁੱਡੀ ਦਾ ਚਿੱਤ ਮਾਂ ਨੂੰ ਮਿਲਣ ਨੂੰ ਕੀਤਾ। ਕੰਮ ਤੋਂ ਛੁੱਟੀ ਮਿਲਦੇ-ਮਿਲਦੇ ਡੇਢ ਕੁ ਸਾਲ ਹੋਰ ਲੰਘ ਗਿਆ।

ਤਿੰਨ, ਸਾਢੇ ਤਿੰਨ ਸਾਲ ਬਾਅਦ ਗੁੱਡੀ ਅਤੇ ਮੋਹਿਤ ਪੰਜਾਬ ਪਰਤੇ। ਦੋਵੇਂ ਮੋਹਿਤ ਦੇ ਘਰ ਉਸ ਦੇ ਮਾਤਾ ਪਿਤਾ ਨਾਲ ਰਹਿਣ ਲੱਗੇ। ਮੋਹਿਤ ਦੇ ਮਾਂ ਬਾਪ ਨੂੰ ਬੁੱਢੀ ਉਮਰੇ ਪੋਤਰੀ ਦੇ ਰੂਪ ਵਿਚ ਜਿਵੇਂ ਕੋਈ ਖੇਡਣ ਨੂੰ ਖਿਡਾਉਣਾ ਮਿਲ ਗਿਆ ਸੀ।

ਗੁੱਡੀ ਨੇ ਮਾਂ ਨਾਲ ਸੰਪਰਕ ਬਣਾਇਆ ਅਤੇ ਮਿਲਣ ਦੀ ਇੱਛਾ ਜਤਾਈ। ਮਾਂ ਰਾਜਵੰਤ ਨੇ ਜਦ ਘਰ ਦੇ ਮੈਂਬਰਾਂ ਨਾਲ ਗੱਲ ਕੀਤੀ ਤਾਂ ਕੋਰੀ ਨਾਂਹ ਹੋਈ। ਮਾਂ ਦਾ ਦਿਲ ਤਾਂ ਮਾਂ ਦਾ ਹੁੰਦਾ ਹੈ।

ਮਾਂ ਬਟੀ ਨੇ ਰਲ ਮਾਸੀ ਦੇ ਘਰ ਮਿਲਣ ਦਾ ਟਾਇਮ ਪੱਕਾ ਕਰ ਲਿਆ, ਜਿਸ ਦੀ ਸੂਹ ਘਰ ਦੇ ਨਾਜਰ ਨੂੰ ਲੱਗ ਗਈ। ਉਸ ਨੇ ਮੁੰਡੇ ਅਤੇ ਪੋਤਰੇ ਬੁਲਾ ਅਣਖ ਨੂੰ ਵੱਜੀ ਸੱਟ ਦਾ ਬਦਲਾ ਲੈਣ ਲਈ ਕਿਹਾ। ਅਗਲੇ ਦਿਨ ਰਾਜਵੰਤ ਨੇ ਸ਼ਹਿਰ ਵਾਲੀ ਬੱਸ ਫੜੀ ਅਤੇ ਆਪਣੀ ਭੈਣ ਦੇ ਘਰ ਵਾਲੀ ਸੜਕੇ ਜਾ ਪਈ। ਆਟੋ ਵਾਲੇ ਥੋੜ੍ਹੀ ਦੂਰ ਜਾ ਇਕ ਗਲ਼ੀ ਅੱਗੇ ਬਰੇਕ ਮਾਰੀ। ਰਾਜਵੰਤ ਜਲਦੀ-ਜਲਦੀ ਉਤਰੀ ਅਤੇ ਆਪਣੀ ਭੈਣ ਦੇ ਘਰ ਜਾ ਵੜੀ। ਪਿੱਛੇ ਹੀ ਇਕ ਗੱਡੀ ਵਿੱਚੋਂ ਨਾਜਰ ਸਿੰਘ ਉਹਦਾ ਪੁੱਤ ਤੇ ਪੋਤਰੇ ਹਥਿਆਰ ਲੈ ਉਸੇ ਘਰ ਵਿਚ ਦਾਖ਼ਲ ਹੋ ਗਏ।

ਲਗਾਤਾਰ ਦੋ ਗੋਲੀਆਂ ਚੱਲੀਆਂ ਮਗਰੋਂ ਚੀਕਾਂ ਦਾ ਰੌਲਾ ਅਸਮਾਨ ਛੂਹਣ ਲੱਗਾ। ਮੋਹਿਤ ਅਤੇ ਗੁੱਡੀ ਦੀਆਂ ਲਹੂ ਨਾਲ ਲੱਥ ਪੱਥ ਹੋਈਆਂ ਲਾਸ਼ਾਂ ਫ਼ਰਸ਼ ਉੱਤੇ ਪਈਆਂ ਸਨ। ਰਾਜਵੰਤ ਕੰਧ ਨਾਲ ਲੱਗੀ ਛੋਟੀ ਕੁੜੀ ਨੂੰ ਕੁੱਛੜ ਚੁੱਕੀ ਚੁੱਪ-ਚਾਪ ਲਾਸ਼ਾਂ ਨੂੰ ਦੇਖ ਰਹੀ ਸੀ। ਮੁਕੱਦਮੇ ਚੱਲੇ ਪੂਰੀ ਜ਼ਮੀਨ ਵਿਕ ਗਈ। ਕਣਕ ਦੇ ਭਰੇ ਡਰੰਮ ਖ਼ਾਲੀ ਹੋ ਗਏ ਅਤੇ ਚੁੱਲ੍ਹਿਆਂ ਵਿਚ ਘਾਹ ਉੱਗਣ ਲੱਗਾ। ਜਵਾਈ ਧੀ ਦੀ ਮੌਤ ਤੋਂ ਬਾਅਦ ਰਾਜਵੰਤ ਦੇ ਮੂੰਹੋ ਕਦੇ ਆਵਾਜ਼ ਨਾ ਨਿਕਲੀ ਤੇ ਉਹ ਜਿਉਂਦੀ ਲਾਸ਼ ਬਣ ਗਈ। ਆਖਿਰ ਦੋ ਸਾਲ ਬਾਅਦ ਗੁੱਡੀ ਦੇ ਪਿਉ ਅਤੇ ਦੋਵੇਂ ਭਰਾਵਾਂ ਨੂੰ ਉਮਰ ਕੈਦ ਹੋ ਗਈ ਪਰ ਨਾਜਰ ਸਿੰਘ ਕਿਸੇ ਤਰ੍ਹਾਂ ਬੱਚ ਨਿਕਲਿਆ।

ਘਰ ਦੀ ਗ਼ਰੀਬੀ ਕਾਰਨ ਨਿੱਕੀ ਬਹੂ ਦੇ ਪੇਕੇ ਪਹਿਲਾਂ ਹੀ ਉਸ ਨੂੰ ਆਪਣੇ ਘਰ ਵਾਪਸ ਲੈ ਗਏ ਸਨ। ਫ਼ੈਸਲੇ ਦੀ ਆਖ਼ਰੀ ਤਰੀਕ ਸੁਣ ਜਦ ਨਾਜਰ ਪਿੰਡ ਮੁੜਿਆ ਆ ਰਿਹਾ ਸੀ ਤਾਂ ਗੁੱਡੀ ਦੇ ਜਨਮ ਤੋਂ ਲੈ ਹੁਣ ਤਕ ਸਾਰੀ ਰੀਲ ਉਹਦੀਆਂ ਅੱਖਾਂ ਅੱਗੇ ਘੁੰਮ ਰਹੀ ਸੀ। ਘਰ ਆ ਰਾਜਵੰਤ ਤੇ ਵੱਡੀ ਬਹੂ ਨੂੰ ਸਜ਼ਾ ਦੀ ਗੱਲ ਸੁਣਾ ਬਿਨਾਂ ਕੁਝ ਖਾਦੇ ਮੰਜੇ 'ਤੇ ਜਾ ਡਿੱਗਾ। ਸੋਚਾ-ਸੋਚਦੇ ਅੱਖ ਲੱਗ ਗਈ। ਸੁਪਨੇ ਵਿਚ ਗੁੱਡੀ ਨੇ ਆਵਾਜ਼ ਦਿੱਤੀ। ਬਾਪੂ ਨੇ ਹੁੰਗਾਰਾ ਭਰਿਆ ਤਾਂ ਕਹਿਣ ਲੱਗੀ ਬਾਪੂ ਲੈ ਆਇਆਂ ਬਦਲਾ! ਹੋ ਗਈ ਤੇਰੀ ਹਿੱਕ ਚੌੜੀ। ਮੈਨੂੰ ਤੇ ਮੇਰੇ ਪਤੀ ਨੂੰ ਮਾਰ ਕੇ, ਮੁੜ ਆਈ ਤੇਰੀ ਇੱਜ਼ਤ ਮੇਰੇ ਪਿਓ ਅਤੇ ਭਰਾਵਾਂ ਨੂੰ ਜੇਲ੍ਹ ਦੇ ਹਨੇਰੇ ਵਿਚ ਭੇਜ ਕੇ। ਸਾਫ਼ ਹੋ ਗਿਆ ਤੇਰੀ ਚਾਦਰ 'ਤੇ ਲੱਗਾ ਦਾਗ਼। ਮੇਰੀ ਅਣਭੋਲ ਬੱਚੀ ਦੇ ਸਿਰ ਤੋਂ ਮਾਂ-ਪਿਉ ਦਾ ਸਾਇਆ ਖੋਹ ਕੇ। ਹੋ ਗਈ ਤੇਰੀ ਫਿਰ ਤੋਂ ਪਿੰਡ ਵਿਚ ਆਵਾਜ਼ ਉੱਚੀ ਮੇਰੀ ਮਾਂ ਦੇ ਬੋਲ ਖੋਹ ਕੇ।

ਨਾਜਰ ਮੱਛਲੀ ਵਾਂਗ ਤੜਫ਼ ਰਿਹਾ ਸੀ। ਸਿਰਹਾਣੇ ਪਿਆ ਪਰਨਾ ਥੱਲੇ ਜਾ ਡਿੱਗਾ। ਨਾਜ਼ਰ ਨੂੰ ਅਧਰੰਗ ਦਾ ਅਟੈਕ ਆਇਆ ਅਤੇ ਸੱਜਾ ਪਾਸਾ ਖਲ੍ਹੋ ਗਿਆ। ਫੋਕੀ ਅਣਖ ਖ਼ਾਤਿਰ ਹੋਏ ਕਤਲਾਂ ਨੇ ਘਰ ਉਜਾੜ ਦਿੱਤਾ। ਦੋਵੇਂ ਭਰਾਵਾਂ ਅਤੇ ਪਿਓ ਨੂੰ ਕਾਨੂੰਨ ਨੇ ਸਜ਼ਾ ਦੇ ਦਿੱਤੀ ਅਤੇ ਨਾਜਰ ਨੂੰ ਰੱਬ ਨੇ ਪਰ ਵਿਚ ਰੁਲ਼ ਗਈਆਂ ਕੁਝ ਅਣਭੋਲ ਜਿੰਦੜੀਆਂ। ਗੁੱਡੀ ਦੀ ਵੱਡੀ ਭਾਬੀ, ਉਸ ਦੇ ਬੱਚੇ, ਗੁੱਡੀ ਦੀ ਕੁੜੀ ਅਤੇ ਉਸ ਦੀ ਮਾਂ ਅਤੇ ਰੁਲ਼ ਗਏ ਮੋਹਿਤ ਦੇ ਬੁੱਢੇ ਮਾਂ ਪਿਓ, ਜਿਨ੍ਹਾਂ ਦਾ ਮੋਹਿਤ ਦੇ ਬਿਨਾਂ ਹੋਰ ਕੋਈ ਨਹੀ ਸੀ। •

99141-25223

## ਭੋਜਨ ਦੀ ਥੁੜ

ਇਕ ਵਾਰੀ ਯੂਨੈਸਕੋ ਨੇ ਸਰਵੇਖਣ ਲਈ ਸਾਰੇ ਮਹਾਂਦੀਪਾਂ ਦੇ ਲੋਕਾਂ ਨੂੰ ਸੰਸਾਰ 'ਚ ਭੋਜਨ ਦੀ ਥੁੜ ਬਾਰੇ ਆਪਣਾ ਮੱਤ ਪ੍ਰਗਟਾਉਣ ਲਈ ਕਿਹਾ ਤਾਂ ਬੜੇ ਹੈਰਾਨੀਜਨਕ ਪ੍ਰਤੀਕਰਮ ਪ੍ਰਾਪਤ ਹੋਏ। ਅਫ਼ਰੀਕਾ 'ਚ ਕਿਸੇ ਨੂੰ ਪਤਾ ਹੀ ਨਹੀ ਸੀ ਕਿ ਭੋਜਨ ਕੀ ਹੁੰਦਾ ਹੈ। ਯੋਰਪ 'ਚ ਕਿਸੇ ਨੂੰ ਜਾਣਕਾਰੀ ਹੀ ਨਹੀ ਸੀ ਕਿ ਥੁੜ ਕੀ ਹੁੰਦੀ ਹੈ। ਚੀਨ ਅਤੇ ਪੂਰਬੀ ਯੋਰਪ ਦੇ ਦੇਸ਼ਾਂ 'ਚ ਕਿਸੇ ਨੂੰ ਪਤਾ ਨਹੀ ਸੀ ਕਿ ਮਤ ਪ੍ਰਗਟਾਉਣ ਦਾ ਭਾਵ ਕੀ ਸੀ। ਦੱਖਣੀ ਅਮਰੀਕਾ 'ਚ ਕੋਈ ਨਹੀ ਸੀ ਜਾਣਦਾ ਕਿ ਕਿਰਪਾਲਤਾ ਕਿਵੇਂ ਕੀਤੀ ਜਾਂਦੀ ਹੈ। ਅਮਰੀਕਾ 'ਚ ਕਿਸੇ ਨੂੰ ਸੋਝੀ ਨਹੀ ਸੀ ਕਿ ਸੰਸਾਰ ਤੋਂ ਕੀ ਭਾਵ ਹੈ। ਭਾਰਤ 'ਚ ਕਿਸੇ ਨੂੰ ਸਰਵੇਖਣ ਦੀ ਕੋਈ ਜਾਣਕਾਰੀ ਨਹੀਂ ਸੀ

• **ਨਰਿੰਦਰ ਸਿੰਘ ਕਪੂਰ**
98158-80435



# ਭਾਲਿਆਂ ਨਹੀਂ ਲੱਭਦਾ ਹੁਣ ਉਹ ਵੇਲਾ

**ਮਨਪ੍ਰੀਤ ਜਲਪੋਤ**



ਪਹਿਲੀ ਪੀੜ੍ਹੀ ਦੇ ਲੋਕ ਆਪਣੇ ਵੇਲਿਆਂ ਨੂੰ ਝੂਰਦੇ ਹੋਏ ਅਜੋਕੇ ਯੁੱਗ ਦੀ ਤਿੱਖੀ ਆਲੋਚਨਾ ਹੀ ਨਹੀਂ ਕਰ ਰਹੇ ਸਗੋਂ ਆਪਣੇ ਵਿਸਰ ਰਹੇ ਵਿਰਸੇ ਨੂੰ ਮੁੜ ਹਾਸਿਲ ਕਰਨ ਲਈ ਤਾਂਘ ਵੀ ਰਹੇ ਹਨ। ਜੇਕਰ ਪਹਿਲੇ ਅਤੇ ਅੱਜ ਦੇ ਸਮੇਂ ਦੀ ਤੁਲਨਾ ਕਰੀਏ ਤਾਂ ਇਲੈਕਟ੍ਰੋਨਿਕ ਯੁੱਗ ਨੇ ਸਾਨੂੰ ਕਾਫ਼ੀ ਸਹੂਲਤਾਂ ਮੁਹੱਈਆਂ ਕਰਵਾਈਆਂ ਹਨ ਪਰ ਜੋ ਅਨੰਦ ਭਾਰਤੀ ਸੰਸਕ੍ਰਿਤੀ ਵਿਚ ਹੈ ਉਹ ਪੱਛਮੀ ਸੱਭਿਆਚਾਰ ਵਿੱਚੋਂ ਨਹੀ ਲੱਭਦਾ।

ਮੋਬਾਈਲ ਦੀ ਆਮਦ ਨਾਲ ਬੇਸ਼ੱਕ ਮਨੁੱਖ ਵਿਸ਼ਵ ਨੂੰ ਪਿੰਡ ਸਮਝਣ ਲੱਗ ਪਿਆ ਹੈ ਜੋ ਘਰ ਬੈਠੇ ਹੀ ਮੋਬਾਈਲ ਰਾਹੀਂ ਵਿਦੇਸ਼ਾ ਵਿਚ ਬੈਠੇ ਆਪਣੇ ਦੋਸਤਾਂ, ਸ਼ੁਭ ਚਿੰਤਕਾਂ ਅਤੇ ਰਿਸਤੇਦਾਰਾਂ ਨਾਲ ਗੱਲਾਂ ਕਰ ਲੈਂਦੇ ਹਨ ਜਿਵੇਂ ਉਹ ਉਸ ਦੇ ਸਾਹਮਣੇ ਹੀ ਬੈਠੇ ਹੋਣ। ਬੋਲ-ਚਾਲ ਦੀਆਂ ਗੱਲਾਂ ਵਿਚ ਉਸ ਦੇ ਚਿਹਰੇ ਅਤੇ ਹਰਕਤਾਂ ਦੀ ਜਾਣਕਾਰੀ ਵੀ ਮਿਲ ਜਾਂਦੀ ਹੈ। ਅਜੋਕੇ ਯੁੱਗ ਨੇ ਬਹੁਤੇ ਮਨੋਰੰਜਨ ਦੇ ਸਾਧਨ ਵੀ ਖੋਹ ਲਏ ਹਨ। ਹੁਣ ਨਾ ਤਾਂ ਰੇਡੀਓ ਦੀ ਲੋੜ ਹੈ ਅਤੇ ਨਾ ਗੁੱਟਾਂ 'ਤੇ ਘੜੀਆਂ ਸਜਦੀਆਂ ਹਨ। ਨਾ ਹੀ ਟੀਵੀ ਅਤੇ ਟੇਪ ਰਿਕਾਰਡਰਾਂ ਦੀ ਜ਼ਰੂਰਤ ਹੈ। ਵਿਸ਼ਵ ਵਿੱਚੋਂ ਇਹ ਸਭ ਸਾਧਨ ਲੋਪ ਹੋ ਰਹੇ ਹਨ। ਇਹ ਸਭ ਕੁਝ ਆਦਮੀ ਨੂੰ ਮੋਬਾਈਲ ਵਿੱਚੋਂ ਹੀ ਮਿਲ ਜਾਂਦਾ ਹੈ। ਆਧੁਨਿਕ ਯੁੱਗ ਦਾ ਇਹ ਨਕਾਰਾਤਮਿਕ ਪ੍ਰਭਾਵ ਹੈ ਕਿ ਸਾਡੇ ਖਾਣ-ਪੀਣ ਦੀਆਂ ਚੀਜ਼ਾਂ ਵਿਚ ਵੀ ਢੇਰ ਅੰਤਰ ਆ ਗਿਆ ਹੈ। ਹੁਣ ਸਾਨੂੰ ਨਾ ਦਾਣੇ ਭੁਨਾਉਣ ਲਈ ਭੱਠੀਆਂ ਲੱਭਦੀਆਂ ਹਨ ਤੇ ਨਾ ਹੀ ਛੋਲਿਆਂ ਦੀਆਂ ਹੋਲਾਂ ਮਿਲਦੀਆਂ ਹਨ। ਉਨ੍ਹਾਂ ਦੀ ਥਾਂ ਸਭ ਬਜ਼ਾਰੂ ਚੀਜ਼ਾਂ ਹਾਵੀ ਹੋ ਗਈਆਂ ਹਨ।

ਟਰੈਕਟਰ-ਟਰਾਲੀਆਂ, ਇੰਜਣ ਅਤੇ ਖੇਤੀ ਦੇ ਆਧੁਨਿਕ ਸੰਦਾਂ ਨੇ ਹਲ਼ਾਂ, ਪੰਜਾਲੀਆਂ, ਬਲਦਾਂ ਦੀਆਂ ਜੋੜੀਆਂ, ਗੱਡਿਆਂ ਅਤੇ ਛਕੜਿਆਂ ਦੇ ਨਾਂ ਵੀ ਨਵੀ ਪੀੜ੍ਹੀ ਨੂੰ ਭੁੱਲਾ ਦਿੱਤੇ। ਘਰਾਂ ਵਿਚ ਬਜ਼ੁਰਗ ਜਦੋਂ ਆਪਣੇ ਵੇਲੇ ਦੇ ਤਿਉਹਾਰਾਂ, ਮੇਲਿਆਂ ਅਤੇ ਛਿੰਜਾ ਦੀ ਗੱਲ ਕਰਦੇ ਹਨ ਤਾਂ ਅਜੋਕੀ ਪੀੜ੍ਹੀ ਉਸ ਨੂੰ ਸੁਣਨ ਲਈ ਤਿਆਰ ਨਹੀਂ ਹੁੰਦੀ ਸਗੋਂ ਉਹ ਤਾਂ ਟੀਵੀ ਅਤੇ ਮੋਬਾਈਲ ਵੇਖਣ ਤੋਂ ਬਿਨਾਂ ਹੋਰ ਕਿਸੇ ਕੰਮ ਵਿਚ ਰੁਚੀ ਨਹੀਂ ਲੈਂਦੇ। ਜਿਸ ਕਾਰਨ ਹੁਣ ਅਤੇ ਪਹਿਲਾਂ ਦੇ ਮਾਹੌਲ ਵਿਚ ਕਾਫ਼ੀ ਅੰਤਰ ਹੋ ਗਿਆ ਹੈ। ਸੁਆਣੀਆਂ ਵੱਲੋਂ ਚਰਖੇ ਕੱਤਣੇ, ਕੱਚੀਆਂ ਕੰਧਾ ਲਿਪਣੀਆਂ, ਇਕੱਠੇ ਬੈਠ ਦਰੀਆਂ ਬੁਣਾਉਣੀਆਂ ਅਤੇ ਘਰਾਂ ਵਿਚ ਪਿੱਤਲ ਦੇ ਭਾਂਡੇ ਸਭ ਕੁਝ ਇਕ ਮਿੱਠੀਆਂ ਯਾਦਾਂ ਵਿਚ ਸੀਮਤ ਹੋ ਕੇ ਰਹਿ ਗਏ ਹਨ। •

90417-06833

### ਹੱਥੀਂ ਕੰਮ ਕਰਨ ਦੀ ਲੋੜ

ਬੱਚੇ ਵੀ ਪਹਿਲੇ ਵਾਲੇ ਨਹੀ ਰਹੇ, ਉਹ ਨਿਊਡਲ, ਬਰਗਰ, ਚਿਪਸ ਖਾਣ ਨੂੰ ਤਰਜੀਹ ਦਿੰਦੇ ਹਨ। ਅੱਜ ਕੱਲ੍ਹ ਦੇ ਲੋਕ ਟੀਵੀ ਦੇਖਣ ਤੋਂ ਬਿਨਾਂ ਘਰੇਲੂ ਕੰਮਾਂ ਨੂੰ ਹੱਥ ਨਹੀਂ ਲਗਾਉਂਦੇ। ਇਕ ਬਜ਼ੁਰਗ ਨੇ ਮੈਨੂੰ ਦੱਸਿਆ ਕਿ ਉਸ ਦੇ ਬਚਪਨ ਵੇਲੇ ਉਖ਼ਲੀ 'ਚ ਦਾਣੇ ਪਾ ਕੇ ਕੁੱਟਣੇ, ਚੱਕੀਆਂ ਚਲਾਉਣੀਆਂ, ਧਾਰਾਂ ਕੱਢਣੀਆਂ, ਪਾਥੀਆਂ ਪੱਥਣਾ ਆਦਿ ਕੰਮਕਾਰ ਸਨ ਪਰ ਹੁਣ ਇਹ ਸਭ ਕੁਝ ਮਸ਼ੀਨੀ ਹੋ ਗਿਆ ਹੈ। ਔਰਤਾਂ ਵਿਹਲੀਆਂ ਰਹਿ ਕੇ ਵੀ ਥਕਾਵਟ ਮਹਿਸੂਸ ਕਰਦੀਆਂ ਹਨ। ਪੁਰਾਣੇ ਸਮਿਆਂ ਦੇ ਖੇਤੀ ਦੇ ਢੰਗ ਵੀ ਬਦਲ ਗਏ ਹਨ। ਹੁਣ ਹੱਥੀ ਕੰਮ ਕਰਨ ਦਾ ਵੇਲਾ ਨਹੀਂ ਰਿਹਾ ਹਲ਼ ਵਾਹੁੰਣੇ, ਖੂਹ ਗੇੜਨੇ, ਭੱਠੇ ਕੁਤਰਨੇ ਅਤੇ ਸਿਰਾਂ 'ਤੇ ਚਾਰਾ ਟੋਹਣਾ ਬੀਤੇ ਦੀਆਂ ਗੱਲਾਂ ਹੋ ਨਿਬੜੀਆਂ ਹਨ। ਹੁਣ ਹੱਥੀਂ ਕੰਮ ਕਰਨ ਦੀ ਲੋੜ ਹੀ ਨਹੀਂ ਪੈਂਦੀ।

# ਫਾਜਿਲਕਾ ਜਿਲ੍ਹੇ 'ਚ ਲੱਗ ਗਈਆਂ ਵੱਡੀਆਂ ਪਾਬੰਦੀਆਂ

**ਕੌਮੀ ਪਤ੍ਰਿਕਾ**

ਜਲਾਲਾਬਾਦ 13 ਮਈ। ਜ਼ਿਲ੍ਹਾ ਮੈਜਿਸਟ੍ਰੇਟ ਫਾਜ਼ਿਲਕਾ ਅਮਰਪ੍ਰੀਤ ਕੌਰ ਸੰਧੂ ਆਈ. ਏ. ਐੱਸ. ਨੇ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ 2023 ਦੀ ਧਾਰਾ-163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਜ਼ਿਲ੍ਹਾ ਫਾਜ਼ਿਲਕਾ 'ਚ ਪਾਬੰਦੀਆਂ ਦੇ ਹੁਕਮ ਜਾਰੀ ਕੀਤੇ ਹਨ। ਇਹ ਹੁਕਮ 30 ਜੂਨ 2026 ਤੱਕ ਲਾਗੂ ਰਹਿਣਗੇ। ਇਨ੍ਹਾਂ ਹੁਕਮਾਂ ਨੂੰ ਨਾ ਮੰਨਣ ਵਾਲਿਆਂ ਖ਼ਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ। ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਫਾਜ਼ਿਲਕਾ ਦੀ ਹਦੂਦ ਅੰਦਰ ਪੈਂਦੀਆਂ ਸਰਕਾਰੀ ਇਮਾਰਤਾਂ ਅਤੇ ਪਾਣੀ ਦੀਆਂ ਟੈਂਕੀਆਂ ਉੱਪਰ ਆਮ ਜਨਤਾ/ ਵਿਅਕਤੀਆਂ/ ਪ੍ਰਦਰਸ਼ਨਕਾਰੀਆਂ ਦੇ ਚੜ੍ਹਨ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਈ ਹੈ। ਉਨ੍ਹਾਂ ਜ਼ਿਲ੍ਹਾ ਫਾਜ਼ਿਲਕਾ ਦੀ ਹਦੂਦ ਅੰਦਰ ਪੈਂਦੀਆਂ ਸਾਰੀਆਂ ਸਰਕਾਰੀ ਇਮਾਰਤਾਂ ਅਤੇ ਪਾਣੀ ਦੀਆਂ ਟੈਂਕੀਆਂ ਆਦਿ ਦੀ ਸੁਰੱਖਿਆ ਲਈ ਸਬੰਧਿਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਆਪਣੇ ਅਧੀਨ ਆਉਂਦੇ ਅਧਿਕਾਰੀ/ਕਰਮਚਾਰੀ/ਚੌਂਕੀਦਾਰ ਦੀ 24 ਘੰਟੇ ਲਈ ਡਿਊਟੀ ਲਗਾਈ ਜਾਵੇ, ਤਾਂ ਜੋ ਕਿਸੇ ਵੀ ਜੱਥੇਬੰਦੀ ਵੱਲੋਂ ਰੋਸ ਪ੍ਰਦਰਸ਼ਨ ਦੀ ਕਾਰਵਾਈ ਨੂੰ ਰੋਕਿਆ ਜਾ ਸਕੇ। ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਫਾਜ਼ਿਲਕਾ 'ਚ ਸ਼ਾਮ ਨੂੰ ਸੂਰਜ ਡੁੱਬਣ ਤੋਂ ਬਾਅਦ ਅਤੇ ਸਵੇਰੇ ਸੂਰਜ ਚੜ੍ਹਨ ਤੋਂ ਪਹਿਲਾਂ ਗਊਵੰਸ਼ ਦੀ ਢੋਆ-ਢੁਆਈ 'ਤੇ ਪੂਰਨ ਪਾਬੰਦੀ ਲਗਾਈ ਹੈ। ਹੁਕਮਾਂ 'ਚ ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਗਊਵੰਸ਼ ਰੱਖੇ ਹੋਏ ਹਨ, ਉਹ ਪਸ਼ੂ-ਪਾਲਣ ਵਿਭਾਗ ਪਾਸ ਰਜਿਸਟਰਡ ਕਰਵਾਉਣ। ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਫਾਜ਼ਿਲਕਾ ਦੀ ਹਦੂਦ ਅੰਦਰ ਪਤੰਗਾਂ ਆਦਿ ਦੀ ਵਰਤੋਂ ਲਈ ਚਾਈਨਾ ਡੋਰ ਵੇਚਣ, ਸਟੋਰ ਕਰਨ ਅਤੇ ਵਰਤੋਂ ਕਰਨ 'ਤੇ ਪੂਰਨ ਤੌਰ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ। ਉਨ੍ਹਾਂ ਨੇ ਦੱਸਿਆ ਕਿ ਚਾਈਨਾ ਡੋਰ ਸੂਤੀ ਧਾਗੇ ਤੋਂ ਹਟ ਕੇ ਪਲਾਸਟਿਕ ਦੀ ਬਣੀ ਹੁੰਦੀ ਹੈ ਜੋ ਕਾਫੀ ਮਜ਼ਬੂਤ ਹੁੰਦੀ ਹੈ, ਜਿਸ ਦੇ ਨਾਲ ਪਤੰਗ ਉਡਾਉਣ ਵਾਲਿਆਂ ਦੇ ਹੱਥ ਅਤੇ ਉਂਗਲਾਂ ਕੱਟਣ, ਸਾਈਕਲ ਚਾਲਕਾਂ ਦੇ ਗਲ ਤੇ ਕੰਨ ਕੱਟਣ ਆਦਿ ਦੀਆਂ ਘਟਨਾਵਾਂ ਵਾਪਰ ਦੀਆਂ ਹਨ ਅਤੇ ਇਹ ਡੋਰ ਮਨੁੱਖੀ ਜਾਨਾਂ ਤੇ ਪਸ਼ੂ/ਪੰਛੀਆਂ ਲਈ ਘਾਤਕ ਸਿੱਧ ਹੁੰਦੀ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਫਾਜ਼ਿਲਕਾ ਦੀ ਸਬ ਜੇਲ੍ਹ ਫਾਜ਼ਿਲਕਾ ਦੇ 500 ਵਰਗ ਮੀਟਰ ਏਰੀਆ ਨੂੰ ਨੋ ਡਰੋਨ ਜ਼ੋਨ ਐਲਾਨਿਆ ਹੈ। ਉਨ੍ਹਾਂ ਨੇ ਕਿਹਾ ਕਿ ਡਰੋਨ ਜੋ ਆਮ ਲੋਕਾਂ ਤੱਕ ਅਸਾਨੀ ਨਾਲ ਪਹੁੰਚ ਬਣਾ ਚੁਕਿਆ ਹੈ ਅਤੇ ਕੋਈ ਵੀ ਇਸ ਦੀ ਦੁਰਵਰਤੋਂ ਕਰਕੇ ਜੇਲ੍ਹਾਂ 'ਚ ਬੰਦ ਖਤਰਨਾਕ ਕੈਦੀਆਂ ਤੱਕ ਮੋਬਾਇਲ ਫੋਨ/ਡਰੱਗ ਹਥਿਆਰ ਅਤੇ ਉਨ੍ਹਾਂ ਨੂੰ ਭੱਜਣ ਵਿੱਚ ਮਦਦ ਕਰਨ ਵਾਲੀ ਸਮੱਗਰੀ ਦੀ ਸਪਲਾਈ ਕਰ ਸਕਦਾ ਹੈ। ਜਿਸ ਲਾਲ ਜ਼ਿਲ੍ਹੇ ਅੰਦਰ ਅਮਨ ਅਤੇ ਕਾਨੂੰਨ ਦੀ ਸਥਿਤੀ ਨੂੰ ਬਰਕਰਾਰ ਰੱਖਣ ਲਈ ਅਜਿਹੇ ਸਖਤ ਕਦਮ ਚੁੱਕਣ ਦੀ ਲੋੜ ਹੈ। ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਫਾਜ਼ਿਲਕਾ ਦੇ ਬਾਰਡਰ ਨੇੜਲੇ ਪਿੰਡਾਂ ਅਤੇ ਬੀ. ਓ. ਪੀਜ. ਦੇ ਨੇੜੇ ਸ਼ਾਮ 6 ਵਜੇ ਤੋਂ ਸਵੇਰੇ 8 ਵਜੇ ਤੱਕ ਆਮ ਜਨਤਾ ਦੇ ਆਉਣ-ਜਾਣ 'ਤੇ ਪਾਬੰਦੀ ਲਗਾਈ ਹੈ। ਇਹ ਹੁਕਮ 30 ਜੂਨ 2026 ਤੱਕ ਲਾਗੂ ਰਹਿਣਗੇ। ਜ਼ਿਲ੍ਹਾ ਮੈਜਿਸਟ੍ਰੇਟ ਨੇ ਕਿਹਾ ਕਿ ਪਿਛਲੇ ਕੁੱਝ ਮਹੀਨਿਆਂ ਦੌਰਾਨ ਡਰੋਨ ਗਤੀਵਿਧੀ ਵੱਧਣ ਨਾਲ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਧੀ ਹੈ, ਜੋ ਕਿ ਚਿੰਤਾ ਦਾ ਵਿਸ਼ਾ ਹੈ। ਇਸ ਲਈ ਸਰਹੱਦੀ ਖੇਤਰ ਦੀ ਸੁਰੱਖਿਆ ਦੇ ਮੱਦੇਨਜਰ ਆਮ ਲੋਕਾਂ ਲਈ ਸਰਹੱਦੀ ਖੇਤਰਾਂ ਦੇ ਨਾਲ-ਨਾਲ ਬੀ. ਓ. ਪੀਜ. ਦੇ ਨੇੜੇ ਆਉਣ-ਜਾਣ 'ਤੇ ਪਾਬੰਦੀ ਰਹੇਗੀ। ਜ਼ਿਲ੍ਹਾ ਮੈਜਿਸਟ੍ਰੇਟ ਨੇ ਜ਼ਿਲ੍ਹਾ ਫਾਜ਼ਿਲਕਾ ਦੀ ਹਦੂਦ ਅੰਦਰ ਕੋਬਰਾ/ਕੰਡਿਆਲੀ ਤਾਰ ਨੂੰ ਵੇਚਣ, ਖਰੀਦਣ ਅਤੇ ਵਰਤਣ 'ਤੇ ਪੂਰਨ ਤੌਰ 'ਤੇ ਪਾਬੰਦੀ ਦੇ ਹੁਕਮ ਦਿੱਤੇ ਹਨ। ਜ਼ਿਲ੍ਹਾ ਮੈਜਿਸਟ੍ਰੇਟ ਨੇ ਦੱਸਿਆ ਕਿ ਕਿਸਾਨਾਂ ਵੱਲੋਂ ਆਪਣੀਆਂ ਫ਼ਸਲਾਂ ਦੀ ਸੁਰੱਖਿਆ ਲਈ ਕੰਡਿਆਲੀ ਤਾਰ ਦੀ ਵਰਤੋਂ ਕੀਤੀ ਜਾਂਦੀ ਹੈ। ਇਸ ਦੇ ਨਾਲ ਹੀ ਹੁਣ ਲੋਕਾਂ ਵੱਲੋਂ ਆਪਣੇ ਪਲਾਟ, ਖੇਤ ਅਤੇ ਹੋਰ ਪਾਸੇ ਜਿੱਥੇ ਵੇਖਿਆ ਜਾਵੇ, ਫ਼ਸਲਾਂ ਦੀ ਸੁਰੱਖਿਆ ਲਈ ਕੰਡੇਵਾਲੀ ਦੇ ਨਾਲ-ਨਾਲ ਕੋਬਰਾ ਤਾਰ ਦੀ ਵਰਤੋਂ ਕਰਨੀ ਵੀ ਸ਼ੁਰੂ ਕਰ ਦਿੱਤੀ ਹੈ, ਜੋ ਕਿ ਬਹੁਤ ਤੇਜਧਾਰ ਵਾਲੀ ਹੁੰਦੀ ਹੈ। ਇਸ ਨਾਲ ਕੁਦਰਤੀ ਜੀਵਾਂ ਨੂੰ ਜਾਨ ਦਾ ਖ਼ਤਰਾ ਹੁੰਦਾ ਹੈ। ਜ਼ਿਲਾ ਮੈਜਿਸਟਰੇਟ ਨੇ ਦੱਸਿਆ ਕਿ ਜ਼ਿਲ੍ਹੇ ਦੇ ਸਭ ਤੋਂ ਵੱਡੇ ਪਸ਼ੂ ਹਸਪਤਾਲ, ਗਊਸ਼ਾਲਾ ਦੌਲਤਪੁਰਾ ਅਤੇ ਸੈਂਚੁਰੀ ਏਰੀਆ ਵਿਖੇ 90 ਫੀਸਦੀ ਪਸ਼ੂ ਅਤੇ ਗਊਆਂ ਇਸ ਕੋਬਰਾ/ਕੰਡਿਆਲੀ ਤਾਰ ਤੋਂ ਜਖਮੀ ਹੈ। ਇਸ ਲਈ ਕੋਬਰਾ/ਕੰਡਿਆਲੀ ਤਾਰ ਨੂੰ ਵੇਚਣ, ਖਰੀਦਣ ਅਤੇ ਵਰਤਣ 'ਤੇ ਪੂਰਨ ਤੌਰ 'ਤੇ ਪਾਬੰਦੀ ਦੇ ਹੁਕਮ ਦਿੱਤੇ ਹਨ। ਇਹ ਸਾਰੇ ਹੁਕਮ 30 ਜੂਨ 2026 ਤੱਕ ਲਾਗੂ ਰਹਿਣਗੇ।




## ਸੱਟੇਬਾਜ਼ੀ ਤੇ ਫਰਜ਼ੀ ਨਿਵੇਸ਼ ਦੇ ਇਸ਼ਤਿਹਾਰਾਂ 'ਤੇ ਸ਼ਿਕੰਜਾ ! ਹੈਦਰਾਬਾਦ ਪੁਲਸ ਨੇ 184 ਸੋਸ਼ਲ ਮੀਡੀਆ ਪ੍ਰੋਫਾਈਲਾਂ ਬੰਦ

ਨੈਸ਼ਨਲ ਡੈਸਕ 13 ਮਈ। ਹੈਦਰਾਬਾਦ ਪੁਲਸ ਨੇ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਆਨਲਾਈਨ ਗੇਮਿੰਗ, ਸੱਟੇਬਾਜ਼ੀ ਐਪਲੀਕੇਸ਼ਨਾਂ ਅਤੇ ਫਰਜ਼ੀ ਨਿਵੇਸ਼ ਵੈੱਬਸਾਈਟਾਂ ਨੂੰ ਉਤਸ਼ਾਹਿਤ ਕਰਨ ਵਾਲੇ ਨੈੱਟਵਰਕ ਖਿਲਾਫ ਵੱਡੀ ਕਾਰਵਾਈ ਕੀਤੀ ਹੈ। ਪੁਲਸ ਨੇ ਪਿਛਲੇ ਮਹੀਨੇ ਅਜਿਹੀਆਂ 184 ਸੋਸ਼ਲ ਮੀਡੀਆ ਪ੍ਰੋਫਾਈਲਾਂ ਨੂੰ ਨਿਸ਼ਕਿਰਿਆ ਕਰ ਦਿੱਤਾ ਹੈ, ਜੋ ਪੈਸੇ ਲੈ ਕੇ ਧੋਖਾਧੜੀ ਵਾਲੇ ਇਸ਼ਤਿਹਾਰਾਂ ਦਾ ਪ੍ਰਚਾਰ ਕਰ ਰਹੀਆਂ ਸਨ। ਪੁਲਸ ਵੱਲੋਂ ਜਾਰੀ ਬਿਆਨ ਅਨੁਸਾਰ, ਇਹ ਪ੍ਰੋਫਾਈਲ 801 ਤੋਂ ਵੱਧ ਇਸ਼ਤਿਹਾਰਾਂ ਰਾਹੀਂ ਉਪਭੋਗਤਾਵਾਂ ਨੂੰ ਆਸਾਨੀ ਨਾਲ ਪੈਸਾ ਕਮਾਉਣ, ਬੋਨਸ ਪ੍ਰਾਪਤ ਕਰਨ ਅਤੇ ਨਿਵੇਸ਼ 'ਤੇ ਵੱਧ ਮੁਨਾਫੇ ਦਾ ਲਾਲਚ ਦੇ ਕੇ ਫਸਾਉਂਦੀਆਂ ਸਨ। ਸਾਈਬਰ ਕ੍ਰਾਈਮ ਯੂਨਿਟ ਦੀ ਜਾਂਚ ਵਿੱਚ ਸਾਹਮਣੇ ਆਇਆ ਹੈ ਕਿ ਇਹ ਪ੍ਰੋਫਾਈਲ ਯੋਜਨਾਬੱਧ ਤਰੀਕੇ ਨਾਲ ਆਈਪੀਐਲ ਦੀਆਂ ਭਵਿੱਖਬਾਣੀਆਂ, ਰੈਫਰਲ ਲਿੰਕ ਅਤੇ ਇੱਥੋਂ ਤੱਕ ਕਿ ਮਸ਼ਹੂਰ ਹਸਤੀਆਂ ਦੀਆਂ ਡੀਪਫੇਕ ਵੀਡੀਓਜ਼ ਦੀ ਵਰਤੋਂ ਕਰਕੇ ਲੋਕਾਂ ਨੂੰ ਗੈਰ-ਕਾਨੂੰਨੀ ਸੱਟੇਬਾਜ਼ੀ ਵਿੱਚ ਸ਼ਾਮਲ ਹੋਣ ਲਈ ਉਕਸਾ ਰਹੀਆਂ ਸਨ। ਹੈਦਰਾਬਾਦ ਪੁਲਸ ਨੇ ਇਹਨਾਂ ਸਾਰੀਆਂ ਪ੍ਰੋਫਾਈਲਾਂ ਬਾਰੇ ਸਬੰਧਤ ਸੋਸ਼ਲ ਮੀਡੀਆ ਪਲੇਟਫਾਰਮਾਂ ਨੂੰ ਸੂਚਿਤ ਕਰ ਦਿੱਤਾ ਹੈ ਤਾਂ ਜੋ ਇਸ ਤਰ੍ਹਾਂ ਦੀ ਗੁੰਮਰਾਹਕੁੰਨ ਸਮੱਗਰੀ ਦੇ ਪ੍ਰਸਾਰ ਨੂੰ ਰੋਕਿਆ ਜਾ ਸਕੇ। ਇਸ ਤੋਂ ਇਲਾਵਾ, ਅਪ੍ਰੈਲ ਮਹੀਨੇ ਵਿੱਚ ਇਹਨਾਂ ਗਤੀਵਿਧੀਆਂ ਦੇ ਪ੍ਰਮੋਟਰਾਂ ਵਿਰੁੱਧ ਛੇ ਐਫਆਈਆਰ ਦਰਜ ਕੀਤੀਆਂ ਗਈਆਂ ਹਨ। ਪੁਲਸ ਦੇ ਡਿਜੀਟਲ ਨਿਗਰਾਨੀ ਅਭਿਆਨ ਤਹਿਤ ਹੁਣ ਤੱਕ ਕੁੱਲ 427 ਸੋਸ਼ਲ ਮੀਡੀਆ ਪ੍ਰੋਫਾਈਲਾਂ ਅਤੇ 1903 ਇਸ਼ਤਿਹਾਰਾਂ ਦੀ ਪਛਾਣ ਕਰਕੇ ਉਨ੍ਹਾਂ ਨੂੰ ਹਟਾਇਆ ਜਾ ਚੁੱਕਾ ਹੈ। ਪੁਲਸ ਇਹਨਾਂ ਪ੍ਰੋਫਾਈਲਾਂ ਦੇ ਪਿੱਛੇ ਮੌਜੂਦ ਵਿਅਕਤੀਆਂ ਦੀ ਪਛਾਣ ਕਰਨ ਲਈ ਜਾਂਚ ਕਰ ਰਹੀ ਹੈ ਅਤੇ ਦੋਸ਼ੀਆਂ ਖਿਲਾਫ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।



## ਨੌਜਵਾਨ ਦੀ ਕੁੱਟਮਾਰ ਕਰਕੇ ਲੁੱਟ-ਖੋਹ ਕਰਨ ਵਾਲੇ 4 ਪੁਲਸ ਅੜਿੱਕੇ

ਮਾਨਸਾ 13 ਮਈ। ਬੀਤੇ ਦਿਨੀਂ ਗੁਰੂ ਨਾਨਕ ਹਸਪਤਾਲ ਕੋਲ ਗੁਰਸੇਵਕ ਸਿੰਘ ਵਾਸੀ ਮਾਨਬੀੜੀਆ ਦੀ ਇਨੋਵਾ ਸਵਾਰ ਚਾਰ ਵਿਅਕਤੀਆਂ ਵੱਲੋਂ ਕੁੱਟਮਾਰ ਕਰਕੇ ਉਸ ਕੋਲੋਂ 25 ਹਜ਼ਾਰ ਰੁਪਏ ਨਕਦੀ ਅਤੇ ਏ. ਟੀ. ਐੱਮ. ਤੇ ਹੋਰ ਸਾਮਾਨ ਖੋਹਣ ਵਾਲਿਆਂ ਨੂੰ ਘਟਨਾ ਸਮੇਂ ਵਰਤੀ ਗੱਡੀ ਅਤੇ 20 ਨਸ਼ੀਲੀਆਂ ਗੋਲੀਆਂ ਸਣੇ ਕਾਬੂ ਕਰ ਲਿਆ ਗਿਆ ਹੈ। ਮਾਨਸਾ ਵਿਖੇ ਕਿਰਾਏ ਦੇ ਮਕਾਨ 'ਤੇ ਰਹਿੰਦੇ ਇਕ ਨੌਜਵਾਨ ਗੁਰਸੇਵਕ ਸਿੰਘ ਉਰਫ਼ ਤੇਜ਼ੀ ਨੇ ਪੁਲਸ ਕੋਲ ਸ਼ਿਕਾਇਤ ਕੀਤੀ ਕਿ 9 ਮਈ ਦੀ ਦੁਪਹਿਰ ਉਹ ਏ. ਟੀ. ਐੱਮ. ਤੋਂ 25 ਹਜ਼ਾਰ ਰੁਪਏ ਕੱਢਵਾ ਕੇ ਆਪਣੇ ਘਰ ਵੱਲ ਜਾ ਰਿਹਾ ਸੀ। ਇਸ ਦੌਰਾਨ ਇਨੋਵਾ ਸਵਾਰ ਚਾਰ ਵਿਅਕਤੀਆਂ ਨੇ ਘੇਰ ਕੇ ਉਸ ਦੀ ਕੁੱਟਮਾਰ ਕੀਤੀ ਅਤੇ ਉਸ ਤੋਂ 25 ਹਜ਼ਾਰ ਰੁਪਏ ਸਮੇਤ ਏ. ਟੀ. ਐੱਮ. ਤੇ ਆਧਾਰ ਕਾਰਡ ਖੋਹ ਕੇ ਉਸ ਨੂੰ ਅਰਵਿੰਦ ਨਗਰ ਕੋਲ ਗੱਡੀ 'ਚੋਂ ਸੁੱਟ ਕੇ ਫ਼ਰਾਰ ਹੋ ਗਏ ਸਨ। ਥਾਣਾ ਸਿਟੀ-2 ਮਾਨਸਾ ਦੀ ਪੁਲਸ ਨੇ ਇਸ ਮਾਮਲੇ ਦੀ ਪੜਤਾਲ ਤੋਂ ਬਾਅਦ ਇਨੋਵਾ ਗੱਡੀ ਅਤੇ 20 ਨਸ਼ੀਲੀਆਂ ਗੋਲੀਆਂ ਸਮੇਤ ਰਮਨਦੀਪ ਸਿੰਘ ਉਰਫ਼ ਬਿੱਲਾ ਵਾਸੀ ਮੋਹਰ ਸਿੰਘ ਵਾਲਾ, ਗੁਰਜੀਤ ਸਿੰਘ ਉਰਫ਼ ਲਾਡੀ, ਹਰਕਿੰਦਰ ਸਿੰਘ ਉਰਫ਼ ਗੋਬਿੰਦ, ਗੁਰਜੀਤ ਸਿੰਘ ਉਰਫ਼ ਜੀਤਾ ਵਾਸੀ ਖਿਆਲਾ ਕਲਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਪੀੜਤ ਗੁਰਸੇਵਕ ਸਿੰਘ ਨੇ ਦੱਸਿਆ ਕਿ ਉਹ ਇਕ ਕੰਪਨੀ 'ਚ ਏਰੀਆ ਮੈਨੇਜਰ ਵਜੋਂ ਕੰਮ ਕਰਦਾ ਹੈ ਅਤੇ ਇਨ੍ਹਾਂ ਵਿਅਕਤੀਆਂ ਨੇ ਉਸਦੀ ਕੁੱਟਮਾਰ ਕਰਕੇ ਉਸ ਤੋਂ ਲੁੱਟ-ਖੋਹ ਕੀਤੀ ਹੈ।

### ਅਵਾਰਾ ਕੁੱਤਿਆਂ ਦੇ ਝੁੰਡਾਂ ਕਾਰਨ ਲੋਕਾਂ 'ਚ ਦਹਿਸ਼ਤ

ਖਰੜ 13 ਮਈ। ਖਰੜ ਸ਼ਹਿਰ 'ਚ ਅਵਾਰਾ ਕੁੱਤਿਆਂ ਦੇ ਘੁੰਮਦੇ ਝੁੰਡਾਂ ਕਾਰਨ ਲੋਕਾਂ 'ਚ ਸਹਿਮ ਦਾ ਮਾਹੌਲ ਬਣਿਆ ਹੋਇਆ ਹੈ। ਰੋਜ਼ਾਨਾ ਅਵਾਰਾ ਕੁੱਤੇ ਕਿਸੇ ਨਾ ਕਿਸੇ ਵਿਅਕਤੀ ਨੂੰ ਆਪਣਾ ਸ਼ਿਕਾਰ ਬਣਾ ਰਹੇ ਹਨ, ਜਿਸ ਕਾਰਨ ਸ਼ਹਿਰ ਵਾਸੀਆਂ 'ਚ ਡਰ ਵਧਦਾ ਜਾ ਰਿਹਾ ਹੈ। ਵਾਰਡ ਨੰਬਰ-15 ਦੀ ਵਸਨੀਕ ਜਸਵਿੰਦਰ ਕੌਰ ਜਦੋਂ ਸਵੇਰੇ ਆਪਣੇ ਘਰੋਂ ਮੁੰਡੀ ਖਰੜ ਗੁਰਦੁਆਰਾ ਸਾਹਿਬ ਵੱਲ ਜਾ ਰਹੀ ਸੀ ਤਾਂ ਰਸਤੇ 'ਚ ਅਵਾਰਾ ਕੁੱਤਿਆਂ ਦੇ ਝੁੰਡ ਨੇ ਉਨ੍ਹਾਂ ਨੂੰ ਘੇਰ ਲਿਆ। ਕੁੱਤਿਆਂ ਨੇ ਹਮਲਾ ਕਰਕੇ ਉਨ੍ਹਾਂ ਦੀ ਲੱਤ 'ਤੇ ਜ਼ਖ਼ਮ ਕਰ ਦਿੱਤੇ। ਜਦੋਂ ਜਸਵਿੰਦਰ ਕੌਰ ਨੇ ਰੌਲਾ ਪਾਇਆ ਤਾਂ ਮੌਕੇ 'ਤੇ ਮੌਜੂਦ ਰਾਹਗੀਰਾਂ ਨੇ ਕੁੱਤਿਆਂ ਨੂੰ ਭਜਾ ਕੇ ਮਦਦ ਕੀਤੀ। ਘਟਨਾ ਤੋਂ ਬਾਅਦ ਇਲਾਕਾ ਵਾਸੀਆਂ 'ਚ ਰੋਸ ਪਾਇਆ ਜਾ ਰਿਹਾ ਹੈ। ਸਮਾਜਸੇਵੀ ਆਗੂ ਧਨਵੰਤ ਸਿੰਘ ਛਿੰਦਾ ਨੇ ਕੌਂਸਲ ਤੋਂ ਮੰਗ ਕੀਤੀ ਹੈ ਕਿ ਸ਼ਹਿਰ 'ਚ ਵੱਧ ਰਹੇ ਅਵਾਰਾ ਕੁੱਤਿਆਂ ਦੇ ਖ਼ਤਰੇ ਨੂੰ ਦੇਖਦੇ ਹੋਏ ਤੁਰੰਤ ਕਾਰਵਾਈ ਕੀਤੀ ਜਾਵੇ।

## ਪੰਜਾਬ 'ਚ ਵੱਡਾ ਹਾਦਸਾ, ਈ-ਰਿਕਸ਼ਾ 'ਚ ਵੱਜੀ ਪਿਕਅੱਪ, 3 ਲੋਕਾਂ ਦੀ ਮੌਤ

ਅਬੋਹਰ 13 ਮਈ। ਅਬੋਹਰ-ਫਾਜ਼ਿਲਕਾ ਰੋਡ 'ਤੇ ਪਿੰਡ ਰਾਮਸਰਾ ਦੇ ਨਜ਼ਦੀਕ ਵਾਪਰੇ ਇਕ ਭਿਆਨਕ ਸੜਕ ਹਾਦਸੇ 'ਚ ਇੱਕ ਚਾਰ ਸਾਲ ਦੇ ਮਾਸੂਮ ਬੱਚੇ ਸਮੇਤ ਤਿੰਨ ਲੋਕਾਂ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ ਇੱਕ ਤੇਜ਼ ਰਫਤਾਰ ਪਿਕਅੱਪ ਗੱਡੀ ਅਤੇ ਈ-ਰਿਕਸ਼ਾ ਵਿਚਕਾਰ ਹੋਈ ਜ਼ਬਰਦਸਤ ਟੱਕਰ ਹੋਈ। ਜਿਸ ਕਾਰਨ ਮੌਕੇ ਉੱਤੇ ਚੀਕ-ਚਿਹਾੜਾ ਮਚ ਗਿਆ। ਜਾਣਕਾਰੀ ਅਨੁਸਾਰ ਇੱਕ ਪਰਿਵਾਰ ਈ-ਰਿਕਸ਼ਾ 'ਤੇ ਸਵਾਰ ਹੋ ਕੇ ਕਣਕ ਦੀਆਂ ਬੋਰੀਆਂ ਲੈ ਕੇ ਜਾ ਰਿਹਾ ਸੀ। ਜਿਵੇਂ ਹੀ ਉਹ ਰਾਮਸਰਾ ਦੇ ਨੇੜੇ ਪਹੁੰਚੇ ਤਾਂ ਸਾਹਮਣੇ ਤੋਂ ਆ ਰਹੀ ਇਕ ਤੇਜ਼ ਰਫਤਾਰ ਪਿਕਅੱਪ ਗੱਡੀ ਨੇ ਰਿਕਸ਼ੇ ਨੂੰ ਸਿੱਧੀ ਟੱਕਰ ਮਾਰ ਦਿੱਤੀ। ਟੱਕਰ ਇੰਨੀ ਜ਼ਬਰਦਸਤ ਸੀ ਕਿ ਈ-ਰਿਕਸ਼ਾ ਦੇ ਪਰਖੱਚੇ ਉੱਡ ਗਏ। ਹਾਦਸੇ ਵਿੱਚ ਇੱਕ ਮਹਿਲਾ ਵੀ ਗੰਭੀਰ ਰੂਪ ਵਿੱਚ ਜ਼ਖਮੀ ਹੋਈ ਹੈ, ਜਿਸ ਨੂੰ ਇਲਾਜ ਲਈ ਅਬੋਹਰ ਦੇ ਸਰਕਾਰੀ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਹੈ। ਮੌਕੇ 'ਤੇ ਮੌਜੂਦ ਚਸ਼ਮਦੀਦਾਂ ਨੇ ਪ੍ਰਸ਼ਾਸਨ ਅਤੇ ਆਮ ਲੋਕਾਂ ਦੇ ਵਤੀਰੇ 'ਤੇ ਗਹਿਰੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ। ਚਸ਼ਮਦੀਦਾਂ ਦਾ ਕਹਿਣਾ ਹੈ ਕਿ ਹਾਦਸੇ ਤੋਂ ਬਾਅਦ ਕਾਫੀ ਦੇਰ ਤੱਕ ਜ਼ਖਮੀ ਸੜਕ 'ਤੇ ਤੜਫਦੇ ਰਹੇ, ਪਰ ਕਿਸੇ ਵੀ ਰਾਹਗੀਰ ਨੇ ਉਨ੍ਹਾਂ ਦੀ ਮਦਦ ਲਈ ਹੱਥ ਅੱਗੇ ਨਹੀਂ ਵਧਾਇਆ। ਦੋਸ਼ ਲਾਇਆ ਜਾ ਰਿਹਾ ਹੈ ਕਿ ਜੇਕਰ ਸਮੇਂ ਸਿਰ ਮਦਦ ਮਿਲ ਜਾਂਦੀ ਤਾਂ ਸ਼ਾਇਦ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕਦਾ ਸੀ। ਇਸ ਤੋਂ ਇਲਾਵਾ ਪੁਲਸ ਅਤੇ ਐਂਬੂਲੈਂਸ ਦੇ ਵੀ ਦੇਰੀ ਨਾਲ ਪਹੁੰਚਣ ਕਾਰਨ ਲੋਕਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ। ਪੁਲਸ ਨੇ ਮੌਕੇ 'ਤੇ ਪਹੁੰਚ ਕੇ ਲਾਸ਼ਾਂ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਹੈ। ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਪਿਕਅੱਪ ਚਾਲਕ ਖ਼ਿਲਾਫ਼ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਪੁਲਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਮਾਮਲੇ ਦੀ ਗੰਭੀਰਤਾ ਨਾਲ ਜਾਂਚ ਕੀਤੀ ਜਾ ਰਹੀ ਹੈ।

## ਤੇਲ ਕੰਪਨੀਆਂ ਦੀ 'ਚਾਂਦੀ' ! ਕਮਾਇਆ 1.37 ਲੱਖ ਕਰੋੜ ਦਾ ਮੁਨਾਫਾ; ਕੱਚੇ ਤੇਲ ਦੀਆਂ ਕੀਮਤਾਂ ਦੀ ਅਸਲੀ ਖੇਡ

**ਕੌਮੀ ਪਤ੍ਰਿਕਾ**

ਬਿਜ਼ਨੈੱਸ ਡੈਸਕ 13 ਮਈ। ਇੱਕ ਪਾਸੇ ਜਿੱਥੇ ਈਰਾਨ ਅਤੇ ਅਮਰੀਕਾ ਵਿਚਾਲੇ ਜੰਗ ਕਾਰਨ ਕੌਮਾਂਤਰੀ ਬਾਜ਼ਾਰ ਵਿੱਚ ਕੱਚੇ ਤੇਲ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ, ਉੱਥੇ ਹੀ ਦੂਜੇ ਪਾਸੇ ਭਾਰਤ ਦੀਆਂ ਤੇਲ ਕੰਪਨੀਆਂ ਦੇ ਮੁਨਾਫੇ ਨੂੰ ਲੈ ਕੇ ਇੱਕ ਹੈਰਾਨ ਕਰਨ ਵਾਲਾ ਖੁਲਾਸਾ ਹੋਇਆ ਹੈ। ਅੰਕੜਿਆਂ ਮੁਤਾਬਕ, ਵਿੱਤੀ ਸਾਲ 2025-26 ਦੇ ਪਹਿਲੇ 9 ਮਹੀਨਿਆਂ ਵਿੱਚ ਦੇਸ਼ ਦੀਆਂ ਚਾਰ ਪ੍ਰਮੁੱਖ ਤੇਲ ਕੰਪਨੀਆਂ ਨੇ ਕੁੱਲ 1.37 ਲੱਖ ਕਰੋੜ ਰੁਪਏ ਦਾ ਮੁਨਾਫਾ ਕਮਾਇਆ ਹੈ, ਜੋ ਕਿ ਰੋਜ਼ਾਨਾ ਲਗਭਗ 116 ਕਰੋੜ ਰੁਪਏ ਬਣਦਾ ਹੈ। ਈਰਾਨ-ਅਮਰੀਕਾ ਜੰਗ ਦੌਰਾਨ ਬ੍ਰੈਂਟ ਕਰੂਡ ਦੀ ਕੀਮਤ 126 ਡਾਲਰ ਪ੍ਰਤੀ ਬੈਰਲ ਤੱਕ ਪਹੁੰਚ ਗਈ ਸੀ। ਤੇਲ ਕੰਪਨੀਆਂ ਵੱਲੋਂ ਇਹ ਦਾਅਵਾ ਕੀਤਾ ਜਾ ਰਿਹਾ ਹੈ ਕਿ ਮਹਿੰਗੇ ਕੱਚੇ ਤੇਲ ਕਾਰਨ ਉਨ੍ਹਾਂ ਨੂੰ ਰੋਜ਼ਾਨਾ 2,400 ਕਰੋੜ ਰੁਪਏ ਦਾ ਨੁਕਸਾਨ ਹੋ ਰਿਹਾ ਹੈ ਅਤੇ ਪੈਟਰੋਲ 'ਤੇ 14 ਰੁਪਏ ਤੇ ਡੀਜ਼ਲ 'ਤੇ 18 ਰੁਪਏ ਪ੍ਰਤੀ ਲੀਟਰ ਦਾ ਘਾਟਾ ਪੈ ਰਿਹਾ ਹੈ। ਇਸੇ ਆਧਾਰ 'ਤੇ ਤੇਲ ਦੀਆਂ ਕੀਮਤਾਂ ਵਧਾਉਣ ਦਾ ਦਬਾਅ ਬਣਾਇਆ ਜਾ ਰਿਹਾ ਹੈ। ਪਰ ਅਸਲੀਅਤ ਇਹ ਹੈ ਕਿ ਵਿੱਤੀ ਸਾਲ 2025-26 ਵਿੱਚ ਕੱਚੇ ਤੇਲ ਦੀ ਔਸਤ ਕੀਮਤ ਮਹਿਜ਼ 71 ਡਾਲਰ ਪ੍ਰਤੀ ਬੈਰਲ ਰਹੀ, ਜੋ ਕਿ ਕੋਵਿਡ ਦੇ ਸਾਲ (2020-21) ਤੋਂ ਬਾਅਦ ਸਭ ਤੋਂ ਘੱਟ ਹੈ। ਜੰਗ 28 ਫਰਵਰੀ 2026 ਨੂੰ ਸ਼ੁਰੂ ਹੋਈ ਸੀ, ਜਦਕਿ ਉਸ ਤੋਂ ਪਹਿਲਾਂ ਤੇਲ ਦੀਆਂ ਕੀਮਤਾਂ ਕਾਫੀ ਕੰਟਰੋਲ ਵਿੱਚ ਸਨ। ਕੰਪਨੀਆਂ ਦੇ ਮੁਨਾਫੇ ਦੇ ਅੰਕੜੇ (ਕਰੋੜ ਰੁਪਏ ਵਿੱਚ): ਪਿਛਲੇ ਕੁਝ ਸਾਲਾਂ ਦੇ ਅੰਕੜੇ ਦੱਸਦੇ ਹਨ ਕਿ ਤੇਲ ਕੰਪਨੀਆਂ ਲਗਾਤਾਰ ਮੋਟਾ ਮੁਨਾਫਾ ਕਮਾ ਰਹੀਆਂ ਹਨ: ਕੱਚੇ ਤੇਲ ਦੀਆਂ ਵਧਦੀਆਂ ਕੀਮਤਾਂ ਅਤੇ ਮਹਿੰਗਾਈ ਨੂੰ ਰੋਕਣ ਲਈ ਸਰਕਾਰ ਨੇ 27 ਮਾਰਚ ਨੂੰ ਪੈਟਰੋਲ ਅਤੇ ਡੀਜ਼ਲ 'ਤੇ ਲੱਗਣ ਵਾਲੀ ਐਕਸਾਈਜ਼ ਡਿਊਟੀ ਵਿੱਚ 10-10 ਰੁਪਏ ਦੀ ਕਟੌਤੀ ਕੀਤੀ ਸੀ। ਇਸ ਕਟੌਤੀ ਨਾਲ ਸਰਕਾਰ ਨੂੰ ਹਰ ਮਹੀਨੇ ਲਗਭਗ 12,000 ਕਰੋੜ ਰੁਪਏ ਦੇ ਮਾਲੀਏ ਦਾ ਨੁਕਸਾਨ ਹੋਣ ਦਾ ਅਨੁਮਾਨ ਹੈ। ਈਰਾਨ ਵਿੱਚ ਜੰਗਬੰਦੀ ਤੋਂ ਬਾਅਦ ਹੁਣ ਕੱਚੇ ਤੇਲ ਦੀਆਂ ਕੀਮਤਾਂ, ਜੋ 150 ਡਾਲਰ ਤੱਕ ਚਲੀਆਂ ਗਈਆਂ ਸਨ, ਮੁੜ ਘਟ ਕੇ 100 ਡਾਲਰ ਦੇ ਆਸ-ਪਾਸ ਆ ਗਈਆਂ ਹਨ। ਭਾਵੇਂ ਕੰਪਨੀਆਂ ਜੰਗ ਕਾਰਨ ਨੁਕਸਾਨ ਦਾ ਰੋਣਾ ਰੋ ਰਹੀਆਂ ਹਨ, ਪਰ ਪਿਛਲੇ ਸਾਲਾਂ ਅਤੇ ਮੌਜੂਦਾ ਵਿੱਤੀ ਸਾਲ ਦੇ ਪਹਿਲੇ 9 ਮਹੀਨਿਆਂ ਦੇ ਅੰਕੜੇ ਕੁਝ ਹੋਰ ਹੀ ਕਹਾਣੀ ਬਿਆਨ ਕਰਦੇ ਹਨ। ਆਮ ਜਨਤਾ ਲਈ ਵੱਡਾ ਸਵਾਲ ਇਹ ਹੈ ਕਿ ਜੇਕਰ ਕੰਪਨੀਆਂ ਇੰਨਾ ਵੱਡਾ ਮੁਨਾਫਾ ਕਮਾ ਰਹੀਆਂ ਹਨ, ਤਾਂ ਤੇਲ ਦੀਆਂ ਕੀਮਤਾਂ ਵਿੱਚ ਰਾਹਤ ਕਿਉਂ ਨਹੀਂ ਮਿਲ ਰਹੀ?




## ਵਪਾਰਕ ਗੈਸ ਸਿਲੰਡਰ ਮਹਿੰਗਾ: ਗੁੱਸੇ 'ਚ ਸ਼ਿਮਲਾ ਦੇ ਰੈਸਟੋਰੈਂਟ ਮਾਲਕ

**ਕੌਮੀ ਪਤ੍ਰਿਕਾ**

ਸ਼ਿਮਲਾ 13 ਮਈ। ਹਿਮਾਚਲ ਪ੍ਰਦੇਸ਼ ਦੇ ਸ਼ਿਮਲਾ ਵਿੱਚ ਰੈਸਟੋਰੈਂਟ ਅਤੇ ਖਾਣ-ਪੀਣ ਦੀਆਂ ਦੁਕਾਨਾਂ ਦੇ ਮਾਲਕਾਂ ਨੇ ਵਪਾਰਕ ਐਲਪੀਜੀ ਸਿਲੰਡਰਾਂ ਦੀ ਕੀਮਤ ਵਿੱਚ 993 ਰੁਪਏ ਦੇ ਭਾਰੀ ਵਾਧੇ ਦੀ ਆਲੋਚਨਾ ਕੀਤੀ। ਉਨ੍ਹਾਂ ਕਿਹਾ ਕਿ ਇਸ ਨਾਲ ਮਹਿੰਗਾਈ ਵਧੇਗੀ ਅਤੇ ਭੋਜਨ ਦੀਆਂ ਕੀਮਤਾਂ 'ਤੇ ਵੀ ਅਸਰ ਪਵੇਗਾ। ਸਥਾਨਕ ਦੁਕਾਨਦਾਰਾਂ ਨੇ ਦੱਸਿਆ ਕਿ 19 ਕਿਲੋਗ੍ਰਾਮ ਵਾਲੇ ਵਪਾਰਕ ਸਿਲੰਡਰ ਦੀ ਕੀਮਤ ਹੁਣ ?3,071 ਹੋ ਗਈ ਹੈ, ਜਦੋਂ ਕਿ 5 ਕਿਲੋਗ੍ਰਾਮ ਵਾਲੇ ਸਿਲੰਡਰ ਦੀ ਕੀਮਤ ?549 ਤੋਂ ਵਧ ਕੇ ?810 ਹੋ ਗਈ ਹੈ, ਜੋ ਕਿ ਲਗਭਗ 48 ਪ੍ਰਤੀਸ਼ਤ ਵਾਧਾ ਹੈ। ਇੱਕ ਮਿਠਾਈ ਦੀ ਦੁਕਾਨ ਦੇ ਮਾਲਕ ਵਰੁਣ ਨੇ ਕਿਹਾ ਕਿ ਸ਼ਹਿਰ ਵਿੱਚ ਇੱਕ ਵਪਾਰਕ ਗੈਸ ਸਿਲੰਡਰ ਦੀ ਕੀਮਤ ਲਗਭਗ ?1,000 ਵਧ ਗਈ ਹੈ ਅਤੇ ਆਵਾਜਾਈ ਦੇ ਖਰਚੇ ਜੋੜਨ ਤੋਂ ਬਾਅਦ ਲਾਗਤ ਲਗਭਗ ?3,450 ਤੱਕ ਪਹੁੰਚ ਜਾਂਦੀ ਹੈ। ਉਨ੍ਹਾਂ ਕਿਹਾ, ÷ਪਹਿਲਾਂ ਅਸੀਂ ਇਸ ਕੀਮਤ 'ਤੇ ਦੋ ਸਿਲੰਡਰ ਖਰੀਦਦੇ ਸੀ। ਇਸ ਨਾਲ ਨਾ ਸਿਰਫ਼ ਗਾਹਕਾਂ ਨੂੰ ਸਗੋਂ ਸੈਲਾਨੀਆਂ ਨੂੰ ਵੀ ਨੁਕਸਾਨ ਹੋਵੇਗਾ, ਕਿਉਂਕਿ ਕੀਮਤਾਂ ਦਾ ਬੋਝ ਅੰਤ ਵਿੱਚ ਖਪਤਕਾਰਾਂ 'ਤੇ ਪਵੇਗਾ। ਇਸ ਨਾਲ ਕਾਰੋਬਾਰ ਵੀ ਪ੍ਰਭਾਵਿਤ ਹੋਵੇਗਾ।÷ ਰਾਮ ਬਾਜ਼ਾਰ ਵਿੱਚ ਇੱਕ 85 ਸਾਲ ਪੁਰਾਣੀ ਮਿਠਾਈ ਦੀ ਦੁਕਾਨ ਦੇ ਮਾਲਕ ਤਵੇਸ਼ ਨੇ ਕਿਹਾ ਕਿ ਐਲਪੀਜੀ ਦੀਆਂ ਕੀਮਤਾਂ ਲਗਾਤਾਰ ਵੱਧ ਰਹੀਆਂ ਹਨ ਅਤੇ ਸਿਲੰਡਰ ਡਿਲੀਵਰੀ ਵਿੱਚ ਦੇਰੀ ਨੇ ਉਨ੍ਹਾਂ ਦੇ ਮੁਨਾਫ਼ੇ ਨੂੰ ਘਟਾ ਦਿੱਤਾ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੇ ਅਜੇ ਤੱਕ ਖਾਣ-ਪੀਣ ਦੀਆਂ ਚੀਜ਼ਾਂ ਦੀਆਂ ਕੀਮਤਾਂ ਨਹੀਂ ਵਧਾਈਆਂ ਹਨ ਪਰ ਕੱਚੇ ਮਾਲ ਦੀਆਂ ਵਧਦੀਆਂ ਕੀਮਤਾਂ ਕਾਰਨ ਭਵਿੱਖ ਵਿੱਚ ਸਥਿਤੀ ਮੁਸ਼ਕਲ ਹੋ ਸਕਦੀ ਹੈ। ਹੋਟਲ ਮਾਲਕ ਅਤੇ ਸ਼ਿਮਲਾ ਵਪਾਰ ਮੰਡਲ ਦੇ ਸਾਬਕਾ ਪ੍ਰਧਾਨ ਇੰਦਰਜੀਤ ਸਿੰਘ ਨੇ ਕੇਂਦਰ ਸਰਕਾਰ ਦੀ ਆਲੋਚਨਾ ਕਰਦੇ ਹੋਏ ਕਿਹਾ ਕਿ ਪਹਿਲਾਂ ਵਪਾਰਕ ਸਿਲੰਡਰਾਂ ਦੀ ਘਾਟ ਸੀ ਅਤੇ ਹੁਣ ਪੰਜ ਰਾਜਾਂ ਵਿੱਚ ਚੋਣਾਂ ਤੋਂ ਬਾਅਦ ਉਨ੍ਹਾਂ ਦੀਆਂ ਕੀਮਤਾਂ ਵਿੱਚ ਵੀ ਵਾਧਾ ਕਰ ਦਿੱਤਾ ਗਿਆ ਹੈ।



## ਬੇਅਦਬੀਆਂ ਕਾਨੂੰਨ ਬਾਰੇ ਸਿੰਘ ਸਾਹਿਬਾਨ ਨੇ ਕੀਤੀ ਵਿਸ਼ੇਸ਼ ਇਕੱਤਰਤਾ

ਅੰਮ੍ਰਿਤਸਰ 13 ਮਈ। ਪੰਜਾਬ ਸਰਕਾਰ ਵੱਲੋਂ ਲਿਆਂਦੇ ਜਾ ਰਹੇ 'ਜਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ (ਸੋਧ) ਐਕਟ-2026' ਸਬੰਧੀ ਸਿੱਖ ਕੌਮ ਵੱਲੋਂ ਉਠਾਏ ਜਾ ਰਹੇ ਇਤਰਾਜ਼ਾਂ ਦੇ ਮੱਦੇਨਜ਼ਰ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ, ਸਮੂਹ ਸਿੰਘ ਸਾਹਿਬਾਨ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਐਡੀਸ਼ਨਲ ਮੁੱਖ ਗ੍ਰੰਥੀ ਵੱਲੋਂ ਵਿਸ਼ੇਸ਼ ਇਕੱਤਰਤਾ ਕਰਕੇ ਮਾਮਲੇ 'ਤੇ ਗੰਭੀਰ ਵਿਚਾਰ-ਵਟਾਂਦਰਾ ਕੀਤਾ ਗਿਆ। ਇਸ ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੇਅਦਬੀ ਕਰਨ ਵਾਲਿਆਂ ਨੂੰ ਸਖ਼ਤ ਤੋਂ ਸਖ਼ਤ ਸਜ਼ਾ ਦੇਣ ਲਈ ਕਾਨੂੰਨ ਬਣਾਉਣਾ ਨਿਸ਼ਚਿਤ ਤੌਰ 'ਤੇ ਕੌਮ ਦੇ ਹੱਕ ਵਿੱਚ ਹੈ, ਪਰ ਸਿੱਖ ਕੌਮ ਦੀਆਂ ਮਹਾਨ ਸੰਸਥਾਵਾਂ ਅਤੇ ਗ੍ਰੰਥੀ ਸਿੰਘਾਂ, ਗੁਰਦੁਆਰਾ ਕਮੇਟੀਆਂ ਅਤੇ ਸੰਗਤਾਂ ਨੂੰ ਬੇਅਦਬੀ ਦੇ ਅਪਰਾਧ ਤੋਂ ਇਲਾਵਾ ਮਰਯਾਦਾ ਸਬੰਧੀ ਮਾਮਲਿਆਂ 'ਚ ਕਾਨੂੰਨੀ ਦਾਇਰੇ ਵਿਚ ਲਿਆਉਣਾ ਇਤਰਾਜ਼ਯੋਗ ਹੈ। ਸਮੂਹ ਸਿੰਘ ਸਾਹਿਬਾਨ ਨੇ ਪੰਜਾਬ ਸਰਕਾਰ ਅਤੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਇਸ ਸੰਵੇਦਨਸ਼ੀਲ ਮਸਲੇ 'ਤੇ ਦੁਬਾਰਾ ਵਿਚਾਰ-ਮੰਥਨ ਕਰਦਿਆਂ ਸਿੱਖ ਭਾਵਨਾਵਾਂ ਅਨੁਸਾਰ ਕਾਨੂੰਨ ਵਿੱਚ ਲੋੜੀਂਦੀਆਂ ਸੋਧਾਂ ਕੀਤੀਆਂ ਜਾਣ। ਸਮੂਹ ਸਿੰਘ ਸਾਹਿਬਾਨ ਨੇ ਮੁੱਖ ਮੰਤਰੀ ਨੂੰ ਤੁਰੰਤ ਕਾਨੂੰਨ ਵਿੱਚੋਂ ਗ੍ਰੰਥੀ ਸ਼੍ਰੇਣੀ, ਸਿੱਖ ਸੰਸਥਾਵਾਂ, ਗੁਰਦੁਆਰਾ ਕਮੇਟੀਆਂ ਅਤੇ ਸੰਗਤਾਂ ਖ਼ਿਲਾਫ਼ ਜਾਂਦੀਆਂ ਮੱਦਾਂ ਹਟਾਉਣ ਦੀ ਮੰਗ ਕੀਤੀ।

## ਮੋਬਾਈਲ ਫੋਨ 'ਤੇ ਗੱਲ ਕਰਦੇ ਸਮੇਂ ਟਰੇਨ ਹੇਠਾਂ ਆਈ ਔਰਤ

ਜਲੰਧਰ 13 ਮਈ। ਕੈਂਟ ਰੇਲਵੇ ਸਟੇਸ਼ਨ ਦੇ ਬਿਲਕੁਲ ਨੇੜੇ ਸਥਿਤ ਦਕੋਹਾ ਫਾਟਕ 'ਤੇ ਚੰਡੀਗੜ੍ਹ-ਅੰਮ੍ਰਿਤਸਰ ਟ੍ਰੇਨ ਦੇ ਹੇਠਾਂ ਆਉਣ ਨਾਲ ਜਿਸ ਔਰਤ ਦੀ ਮੌਤ ਹੋ ਗਈ ਸੀ, ਉਸ ਦੀ ਪਛਾਣ ਸਰਿਤਾ ਦੇਵੀ (29) ਪਤਨੀ ਰਾਜਨ ਕੁਮਾਰ ਨਿਵਾਸੀ ਬਿਹਾਰ ਹਾਲ ਵਾਸੀ ਕਿਰਾਏਦਾਰ ਮਕਾਨ ਨੰਬਰ 73 ਬ੍ਰਿਟਿਸ਼ ਟਾਊਨ ਰਾਮਾ ਮੰਡੀ ਜਲੰਧਰ ਦੇ ਰੂਪ ਵਿਚ ਹੋਈ ਹੈ। ਉਕਤ ਹਾਦਸੇ ਸਮੇਂ ਉਸ ਦਾ 6 ਸਾਲ ਦਾ ਬੱਚਾ ਵੀ ਉਸ ਦੇ ਨਾਲ ਮੌਜੂਦ ਸੀ। ਰੇਲਵੇ ਪੁਲਸ ਚੌਕੀ ਜਲੰਧਰ ਕੈਂਟ ਦੇ ਇੰਚਾਰਜ ਅਸ਼ੋਕ ਕੁਮਾਰ ਸ਼ਰਮਾ ਨੇ ਦੱਸਿਆ ਕਿ ਮ੍ਰਿਤਕਾ ਦੇ ਬੱਚੇ ਮੁਤਾਬਕ ਉਹ ਦੋਵੇਂ (ਮਾਂ-ਬੇਟਾ) ਦਕੋਹਾ ਫਾਟਕ 'ਤੇ ਜਦੋਂ ਲਾਈਨਾਂ ਕਰਾਸ ਕਰ ਰਹੇ ਸਨ ਤਾਂ ਉਸ ਸਮੇਂ ਉਸ ਦੀ ਮਾਂ ਸਰਿਤਾ ਦੇਵੀ ਮੋਬਾਈਲ ਫੋਨ 'ਤੇ ਗੱਲ ਕਰ ਰਹੀ ਸੀ, ਜਿਸ ਨੂੰ ਟ੍ਰੇਨ ਦੇ ਆਉਣ ਦਾ ਪਤਾ ਨਹੀਂ ਲੱਗਾ ਅਤੇ ਉਹ ਉਸ ਦੇ ਹੇਠਾਂ ਆ ਕੇ ਬੁਰੀ ਤਰ੍ਹਾਂ ਕੁਚਲੀ ਗਈ। ਬੱਚੇ ਨੇ ਕਿਹਾ ਕਿ ਉਸ ਦੀਆਂ ਅੱਖਾਂ ਦੇ ਸਾਹਮਣੇ ਮੌਕੇ 'ਤੇ ਹੀ ਉਸ ਦੀ ਮਾਂ ਦੀ ਮੌਤ ਹੋ ਗਈ। ਰੇਲਵੇ ਪੁਲਸ ਨੇ ਮ੍ਰਿਤਕਾ ਸਰਿਤਾ ਦੇਵੀ ਦੀ ਲਾਸ਼ ਨੂੰ ਸਿਵਲ ਹਸਪਤਾਲ ਭੇਜ ਦਿੱਤਾ ਹੈ। ਉਸ ਦੇ ਪਰਿਵਾਰਕ ਮੈਂਬਰ ਬਿਹਾਰ ਤੋਂ ਆ ਰਹੇ ਹਨ। ਉਨ੍ਹਾਂ ਦੇ ਆਉਣ 'ਤੇ ਬਣਦੀ ਕਾਰਵਾਈ ਕਰਦੇ ਹੋਏ ਮ੍ਰਿਤਕਾ ਦਾ ਪੋਸਟਮਾਰਟਮ ਕਰਵਾ ਕੇ ਲਾਸ਼ ਪਰਿਵਾਰਕ ਮੈਂਬਰਾਂ ਨੂੰ ਸੌਂਪ ਦਿੱਤੀ ਜਾਵੇਗੀ।

### ਚਲਾਨ ਨਾ ਭਰਨ 'ਤੇ ਵਾਹਨ ਜ਼ਬਤ ਕਰਨ ਦੇ ਹੁਕਮ

ਬਠਿੰਡਾ 13 ਮਈ। ਸਟੇਟ ਟਰਾਂਸਪੋਰਟ ਕਮਿਸ਼ਨਰ ਪੰਜਾਬ ਵਲੋਂ ਚਲਾਨ ਦੀ ਰਕਮ ਨਾ ਭਰਨ 'ਤੇ ਤੁਰੰਤ ਵਾਹਨਾਂ ਨੂੰ ਜ਼ਬਤ ਕਰਨ ਦੇ ਹੁਕਮ ਜਾਰੀ ਕੀਤੇ ਹਨ। ਜਾਣਕਾਰੀ ਦਿੰਦਿਆ ਸਕੱਤਰ, ਰੀਜਨਲ ਟਰਾਂਸਪੋਰਟ ਅਥਾਰਟੀ ਗੁਰਪ੍ਰੀਤ ਸਿੰਘ ਥਿੰਦ ਅਤੇ ਰੀਜਨਲ ਟਰਾਂਸਪੋਰਟ ਅਫ਼ਸਰ ਰਾਜੇਸ਼ ਕੁਮਾਰ ਸ਼ਰਮਾ ਨੇ ਕਿਹਾ ਕਿ ਜਿਨ੍ਹਾਂ ਦੇ ਵ੍ਹੀਕਲ ਚਲਾਨ ਦੀ ਰਕਮ ਬਕਾਇਆ ਹੈ, ਉਸ ਚਲਾਨ ਦਾ ਭੁਗਤਾਨ ਕੀਤਾ ਜਾਵੇ। ਉਨ੍ਹਾਂ ਦੱਸਿਆ ਕਿ ਜਦੋਂ ਤੱਕ ਵ੍ਹੀਕਲ ਚਲਾਨ ਦੀ ਬਕਾਇਆ ਰਕਮ ਦਾ ਭੁਗਤਾਨ ਨਹੀਂ ਕੀਤਾ ਜਾਂਦਾ, ਓਦੋਂ ਤੱਕ ਵਾਹਨ ਪੋਰਟਲ 'ਤੇ ਕੋਈ ਵੀ ਵ੍ਹੀਕਲ ਨਾਲ ਸਬੰਧਤ ਕੰਮ ਜਿਵੇਂ ਕਿ ਆਰ.ਸੀ ਟਰਾਂਸਫਰ, ਆਰ. ਸੀ ਰਿਨਿਊ, ਫਿਟਨੈਸੱ ਅਤੇ ਪਰਮਿਟ ਆਦਿ ਦਾ ਕੰਮ ਨਹੀਂ ਹੋ ਸਕੇਗਾ

## ਕਾਦੀਆਂ 'ਚ ਅਵਾਰਾ ਕੁੱਤਿਆਂ ਖ਼ਿਲਾਫ਼ ਨਗਰ ਕੌਂਸਲ ਦੀ ਵੱਡੀ ਕਾਰਵਾਈ, ਲੋਕਾਂ ਨੂੰ ਮਿਲੀ ਰਾਹਤ

**ਏਜੰਸੀਆਂ**

ਕਾਦੀਆਂ 13 ਮਈ। ਸ਼ਹਿਰ ਵਿਚ ਵੱਧ ਰਹੇ ਅਵਾਰਾ ਕੁੱਤਿਆਂ ਦੇ ਆਤੰਕ ਨੂੰ ਦੇਖਦਿਆਂ ਨਗਰ ਕੌਂਸਲ ਕਾਦੀਆਂ ਵੱਲੋਂ ਅੱਜ ਵੱਡੀ ਕਾਰਵਾਈ ਕੀਤੀ ਗਈ। ਨਗਰ ਕੌਂਸਲ ਦੀ ਵਿਸ਼ੇਸ਼ ਟੀਮ ਨੇ ਸ਼ਹਿਰ ਦੇ ਵੱਖ-ਵੱਖ ਇਲਾਕਿਆਂ ਵਿਚ ਜਾ ਕੇ ਅਵਾਰਾ ਕੁੱਤਿਆਂ ਨੂੰ ਕਾਬੂ ਕੀਤਾ, ਜਿਸ ਨਾਲ ਲੋਕਾਂ ਨੂੰ ਕਾਫ਼ੀ ਰਾਹਤ ਮਿਲੀ ਹੈ। ਪਿਛਲੇ ਕਈ ਦਿਨਾਂ ਤੋਂ ਅਵਾਰਾ ਕੁੱਤਿਆਂ ਦੀ ਵਧਦੀ ਗਿਣਤੀ ਕਾਰਨ ਲੋਕ ਪ੍ਰੇਸ਼ਾਨ ਸਨ। ਸਵੇਰੇ ਅਤੇ ਸ਼ਾਮ ਦੇ ਸਮੇਂ ਇਹ ਕੁੱਤੇ ਟੋਲੀਆਂ ਵਿਚ ਘੁੰਮਦੇ ਹੋਏ ਲੋਕਾਂ 'ਤੇ ਹਮਲੇ ਕਰ ਰਹੇ ਸਨ। ਬੱਚਿਆਂ, ਬਜ਼ੁਰਗਾਂ ਅਤੇ ਔਰਤਾਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਸੀ, ਜਿਸ ਨਾਲ ਡਰ ਦਾ ਮਾਹੌਲ ਬਣ ਗਿਆ ਸੀ। ਸਥਾਨਕ ਵਸਨੀਕਾਂ ਮੁਤਾਬਕ, ਸਕੂਲ ਜਾਣ ਵਾਲੇ ਬੱਚੇ ਸਭ ਤੋਂ ਵੱਧ ਪ੍ਰਭਾਵਿਤ ਹੋ ਰਹੇ ਸਨ। ਕਈ ਮਾਮਲਿਆਂ ਵਿਚ ਬੱਚੇ ਕੁੱਤਿਆਂ ਦੇ ਹਮਲਿਆਂ 'ਚ ਜ਼ਖਮੀ ਵੀ ਹੋਏ, ਜਿਸ ਨਾਲ ਮਾਪਿਆਂ ਵਿਚ ਚਿੰਤਾ ਵਧ ਗਈ ਸੀ। ਰਾਤ ਦੇ ਸਮੇਂ ਗਲੀ ਮੁਹੱਲਿਆਂ 'ਚ ਕੁੱਤਿਆਂ ਦਾ ਰਾਜ ਰਹਿੰਦਾ ਹੈ ਅਤੇ ਉਹ ਗਲੀਆਂ ਵਿਚ ਭੌਂਕਦੇ ਅਤੇ ਦੌੜਦੇ ਲੜ੍ਹਦੇ ਰਹਿੰਦੇ ਸਨ। ਇਸ ਸਥਿਤੀ ਨੂੰ ਗੰਭੀਰਤਾ ਨਾਲ ਲੈਂਦਿਆਂ ਨਗਰ ਕੌਂਸਲ ਨੇ ਵਿਸ਼ੇਸ਼ ਟੀਮ ਤਾਇਨਾਤ ਕਰਕੇ ਪ੍ਰਭਾਵਿਤ ਇਲਾਕਿਆਂ ਵਿੱਚ ਕਾਰਵਾਈ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਅਵਾਰਾ ਕੁੱਤਿਆਂ ਨੂੰ ਸੁਰੱਖਿਅਤ ਢੰਗ ਨਾਲ ਕਾਬੂ ਕਰਕੇ ਉਚਿਤ ਸਥਾਨਾਂ 'ਤੇ ਭੇਜਿਆ ਜਾ ਰਿਹਾ ਹੈ, ਜਿੱਥੇ ਉਨ੍ਹਾਂ ਦੀ ਸੰਭਾਲ ਅਤੇ ਟੀਕਾਕਰਨ ਕੀਤਾ ਜਾਵੇਗਾ। ਇਸ ਮੌਕੇ ਗਗਨਦੀਪ ਸਿੰਘ, ਮੁਸਕਾਨ ਪ੍ਰਧਾਨ ਜਨਕਰਾਂਤੀ ਸੰਘ ਪੰਜਾਬ ਅਤੇ ਸੈਬੀ, ਸਾਬਕਾ ਐੱਮ.ਸੀ., ਨੇ ਨਗਰ ਕੌਂਸਲ ਦੀ ਕਾਰਵਾਈ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਲੋਕਾਂ ਦੀ ਸੁਰੱਖਿਆ ਸਭ ਤੋਂ ਪਹਿਲਾਂ ਹੈ ਅਤੇ ਅਜਿਹੀਆਂ ਮੁਹਿੰਮਾਂ ਜਾਰੀ ਰਹਿਣੀਆਂ ਚਾਹੀਦੀਆਂ ਹਨ। ਸ਼ਹਿਰ ਦੇ ਕੁੱਝ ਵਸਨੀਕਾਂ ਉਨ੍ਹਾਂ ਦੇ ਇਲਾਕੇ ਚੋਂ ਵੀ ਕੁੱਤਿਆਂ ਨੂੰ ਫੜਨ ਦੀ ਮੰਗ ਕੀਤੀ ਹੈ। ਉਨ੍ਹਾਂ ਨੇ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਆਉਣ ਵਾਲੇ ਸਮੇਂ ਵਿੱਚ ਵੀ ਇਸ ਤਰ੍ਹਾਂ ਦੀ ਕਾਰਵਾਈ ਜਾਰੀ ਰੱਖੀ ਜਾਵੇ ਤਾਂ ਜੋ ਸਮੱਸਿਆ ਮੁੜ ਨਾ ਉੱਭਰੇ।



## ਪਾਵਰਕਾਮ ਨੇ ਆਖਿਰ ਚੁੱਕ ਲਿਆ ਵੱਡਾ ਕਦਮ, ਵੱਡੀ ਗਿਣਤੀ ਲੋਕਾਂ ਨੂੰ ਹੋਵੇਗਾ ਫਾਇਦਾ

**ਕੌਮੀ ਪਤ੍ਰਿਕਾ**

ਲੁਧਿਆਣਾ 13 ਮਈ। ਪਿਛਲੇ ਕਰੀਬ 23 ਮਹੀਨਿਆਂ ਤੋਂ ਬਿਜਲੀ ਦੀਆਂ ਸਮੱਸਿਆਵਾਂ ਨਾਲ ਜੂਝ ਰਹੇ ਸ਼ਹਿਰ ਵਾਸੀਆਂ ਨੂੰ ਵੱਡੀ ਰਾਹਤ ਨਸੀਬ ਹੋਈ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੀ ਅਗਰ ਨਗਰ ਡਵੀਜ਼ਨ ਤਹਿਤ ਪੈਂਦੇ ਵੱਖ-ਵੱਖ ਇਲਾਕਿਆਂ ਵਿਚ ਆਮ ਕਰਕੇ ਬਿਜਲੀ ਦਾ ਗ੍ਰਿਡ ਫੇਲ ਹੋਣ ਤੇ ਜ਼ਮੀਨ ਦੇ ਥੱਲੇ ਵਿਛੀਆਂ ਤਾਰਾਂ ਦੇ ਜਾਲ ਵਿਚ ਫਾਲਟ ਪੈਣ ਕਾਰਨ ਅਗਰ ਨਗਰ, ਡੀ.ਸੀ. ਕੰਪਲੈਕਸ, ਪੰਜਾਬ ਐਗਰੀਕਲਚਰ ਯੂਨੀਵਰਸਿਟੀ, ਫਾਟੇਨ ਚੌਂਕ ਆਦਿ ਇਲਾਕਿਆਂ ਵਿਚ ਵਸੇ ਲੱਖਾਂ ਪਰਿਵਾਰਾਂ ਨੂੰ ਕਈ-ਕਈ ਦਿਨਾਂ ਤੱਕ ਬਿਜਲੀ ਦੀ ਸਪਲਾਈ ਸ਼ੁਰੂ ਨਾ ਹੋਣ ਕਾਰਨ ਪੀਣ ਵਾਲੇ ਪੀਣ ਦੀ ਇਕ ਇਕ ਬੂੰਦ ਲਈ ਤਰਸਣਾ ਪੈ ਰਿਹਾ ਹੈ। ਹੁਣ ਪਾਵਰਕਾਮ ਵੱਲੋਂ ਕਰੀਬ 4 ਕਰੋੜ ਰੁ. ਦੀ ਲਾਗਤ ਨਾਲ ਬਿਜਲੀ ਦੇ ਅੰਡਰਗਰਾਊਂਡ ਲਾਈਨਾਂ ਨੂੰ ਓਵਰਹੈੱਡ ਕਰਕੇ ਲੋਕਾਂ ਦੀਆਂ ਸਮੱਸਿਆਵਾਂ ਦਾ ਹੱਲ ਕੱਢ ਲਿਆ ਗਿਆ ਹੈ। ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੀ ਅਗਰ ਨਗਰ ਡਵੀਜ਼ਨ ਵਿਚ ਲਗਭਗ ਅੱਧੇ ਸ਼ਹਿਰ ਨੂੰ ਬਿਜਲੀ ਦੀ ਸਪਲਾਈ ਦਿੱਤੀ ਜਾ ਰਹੀ ਹੈ ਜਿਨ੍ਹਾਂ ਵਿਚ ਸ਼ਹਿਰ ਦੇ ਪੋਸ਼ ਕਮਰਸ਼ੀਅਲ ਇਲਾਕੇ ਰੱਖ ਬਾਗ, ਕਾਲਜ ਰੋਡ, ਸਿਵਲ ਲਾਈਨ, ਮਲਹਾਰ ਰੋਡ, ਫਾਊਂਟੇਨ ਚੌਂਕ ਘੁਮਾਰ ਮੰਡੀ ਅਤੇ ਫਿਰੋਜ਼ਪੁਰ ਰੋਡ ਦੇ ਬਾਜ਼ਾਰ ਮੁੱਖ ਤੌਰ 'ਤੇ ਸ਼ਾਮਲ ਹਨ। 14 ਜੂਨ 2024 ਨੂੰ ਜਦੋਂ ਭਿਆਨਕ ਗਰਮੀ ਕਾਰਨ ਅਸਮਾਨ ਤੋਂ ਅੱਗ ਵਰ੍ਹ ਰਹੀ ਸੀ ਉਦੋਂ ਸਿਵਲ ਲਾਈਨ ਬਿਜਲੀ ਦਾ ਗ੍ਰਿਡ ਫੇਲ ਹੋਣ ਕਾਰਨ ਸ਼ਹਿਰ ਦਾ ਅੱਧਾ ਹਿੱਸਾ ਕਰੀਬ ਚਾਰ ਦਿਨਾਂ ਤੱਕ ਹਨੇਰੇ ਵਿਚ ਡੁੱਬਿਆ ਰਿਹਾ ਜਿਸ ਕਾਰਨ ਲੋਕਾਂ ਦਾ ਜੀਵਨ ਰੁਕ ਜਿਹਾ ਗਿਆ ਤੇ ਲੋਕਾਂ ਦਾ ਗੁੱਸਾ ਫੁੱਟ ਉੱਠਿਆ ਤੇ ਇਲਾਕਾ ਨਿਵਾਸੀਆਂ ਨੇ ਸੜਕਾਂ 'ਤੇ ਪ੍ਰਦਰਸ਼ਨ ਕੀਤਾ। 'ਜਗ ਬਾਣੀ' ਵੱਲੋਂ ਆਮ ਜਨਤਾ ਦੇ ਹੱਕ ਵਿਚ ਚੁੱਕੀ ਗਈ ਆਵਾਜ਼ ਤੋਂ ਬਾਅਦ ਮੌਕੇ 'ਤੇ ਪੰਜਾਬ ਸਟੇਟ ਪਾਵਰ ਕਾਰਪੋਰੇਸ਼ਨ ਦੇ ਡਾਇਰੈਕਟਰ ਕਈ ਚੀਫ ਇੰਜੀਨੀਅਰਾਂ ਤੇ ਉੱਚ ਅਧਿਕਾਰੀਆਂ ਸਮੇਤ ਕਰੀਬ 200 ਮੁਲਾਜ਼ਮਾਂ ਦੀ ਟੀਮ ਜਿਸ ਵਿਚ ਦਿੱਲੀ ਤੋਂ ਬੁਲਾਈ ਗਈ ਵਿਸ਼ੇਸ਼ ਟੀਮ ਵੀ ਸ਼ਾਮਲ ਰਹੀ, ਨੂੰ ਬਿਜਲੀ ਦਾ ਫਾਲਟ ਲੱਭਣ ਲਈ ਕਈ ਦਿਨਾਂ ਤੱਕ ਪਸੀਨਾ ਵਹਾਉਣਾ ਪਿਆ। ਆਖਿਰਕਾਰ ਚਾਰ ਦਿਨਾਂ ਬਾਅਦ ਇਲਾਕੇ ਵਿਚ ਬਿਜਲੀ ਦੀਆਂ ਸੇਵਾਵਾਂ ਫਿਰ ਤੋਂ ਬਹਾਲ ਹੋ ਸਕੀਆਂ ਸਨ ਜਿਸ ਕਾਰਨ ਆਮ ਜਨਤਾ ਵਿਚ ਸਰਕਾਰ ਦੀ ਜੰਮ ਕੇ ਕਿਰਕਿਰੀ ਹੋਈ, ਐਕਸੀਅਨ ਰਾਜੇਸ਼ ਸ਼ਰਮਾ ਨੇ ਦਾਅਵਾ ਕੀਤਾ ਕਿ ਇਲਾਕੇ ਵਿਚ ਬਿਜਲੀ ਦੀ ਸਮੱਸਿਆ ਨੂੰ ਜੜ੍ਹੋਂ ਖਤਮ ਕਰਨ ਲਈ ਵਿਭਾਗ ਦੇ ਉੱਚ ਅਧਿਕਾਰੀਆਂ ਵੱਲੋਂ ਬਿਜਲੀ ਦੀ ਅੰਡਰਗਰਾਊਂਡ ਕੇਬਲ ਨੂੰ ਓਵਰਹੈੱਡ ਕਰ ਦਿੱਤਾ ਗਿਆ ਹੈ। 1 ਮਈ ਦੀ ਦੇਰ ਸ਼ਾਮ ਨੂੰ ਸਾਰੇ ਸਿਸਟਮ ਨੂੰ ਅਮਲੀ ਜਾਮਾ ਪਹਿਨਾਉਣ ਸਬੰਧੀ ਸਾਰਾ ਕੰਮ ਜੰਗੀ ਪੱਧਰ 'ਤੇ ਕੀਤਾ ਜਾ ਰਿਹਾ ਹੈ,

